# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. 2 (ਧਰਮ ਅਧਿਐਨ) ਸਮੈਸਟਰ ਚੌਥਾ

ਪੇਪਰ : ਮੱਧਕਾਲੀਨ ਅਤੇ ਆਧੁਨਿਕ ਧਾਰਮਿਕ ਲਹਿਰਾਂ ਯੂਨਿਟ : 1

ਮੀਡੀਅਮ : ਪੰਜਾਬੀ

ਪਾਠ ਨੰ.


1.1 : ਭਗਤੀ ਲਹਿਰ ਦਾ ਆਰੰਭ, ਵਿਕਾਸ ਅਤੇ ਪ੍ਰਭਾਵ

1.2 : ਭਗਤੀ ਲਹਿਰ ਦੇ ਪ੍ਰਮੁੱਖ ਭਗਤਾਂ ਦੇ ਜੀਵਨ : ਭਗਤ ਨਾਮਦੇਵ, ਭਗਤ ਕਬੀਰ, ਭਗਤ ਰਵੀਦਾਸ

1.3 : ਸੂਫੀਵਾਦ ਦਾ ਆਰੰਭ ਅਤੇ ਵਿਕਾਸ

ਸੂਫੀਵਾਦ ਦੀਆਂ ਵਿਸ਼ੇਸ਼ਤਾਵਾਂ

1.4 : ਬਾਬਾ ਫਰੀਦ ਜੀਵਨ ਤੇ ਸਿੱਖਿਆਵਾਂ



**Department website : www.pbidde.org**

ਪਾਠ ਨੰਬਰ : 1.1

# ਭਗਤੀ ਲਹਿਰ ਦਾ ਆਰੰਭ, ਵਿਕਾਸ ਅਤੇ ਪ੍ਰਭਾਵ

ਭਗਤੀ ਸ਼ਬਦ ਸੰਸਕ੍ਰਿਤ ਦੇ 'ਭੁਜ' ਸ਼ਬਦ ਤੋਂ ਲਿਆ ਗਿਆ ਹੈ। ਜਿਸ ਦਾ ਅਰਥ ਪੂਜਣ ਜਾਂ ਪ੍ਰੇਮ ਕਰਨ ਤੋਂ ਲਿਆ ਜਾਂਦਾ ਹੈ। ਹਿੰਦੂ ਧਰਮ ਵਿੱਚ 'ਭਗਤੀ', ਮੁਕਤੀ ਪ੍ਰਾਪਤ ਕਰਨ ਦੇ ਤਿੰਨ ਸਾਧਨਾਂ (ਕਰਮ, ਗਿਆਨ, ਭਗਤੀ) ਵਿੱਚੋਂ ਇੱਕ ਸੀ ਜੋ ਪਰਮਾਤਮਾ ਦੀ ਪ੍ਰਾਪਤੀ ਲਈ ਕੀਤੀ ਜਾਂਦੀ ਸੀ। ਪਰਮਾਤਮਾ ਭਗਤੀ ਦਾ ਸਿਧਾਂਤ ਆਰੀਆ ਸਮੇਂ ਤੋਂ ਵੀ ਪੁਰਾਣਾ ਹੈ।

ਗੀਤਾ ਵਿੱਚ ਵੀ 'ਭਗਤੀ ਸਾਧਨਾ' ਨੂੰ ਪ੍ਰਮੁੱਖਤਾ ਪ੍ਰਾਪਤ ਹੈ। ਡਾਕਟਰ ਤਾਰਾ ਚੰਦ ਲਿਖਦੇ ਹਨ, "ਕ੍ਰਿਸ਼ਨ ਦਾ ਉਪਦੇਸ਼ ਹੈ ਕਿ ਜੇ ਕੋਈ ਮਨੁੱਖ ਪ੍ਰਭੂ ਦੀ ਸ਼ਰਧਾ ਨਾਲ ਭਗਤੀ ਕਰੇਗਾ ਤਾਂ ਉਹ ਰੱਬ ਨੂੰ ਪ੍ਰਾਪਤ ਕਰ ਲਵੇਗਾ। ਉਹ ਭਗਤ ਉਸ ਰੱਬ ਦੇ ਬਹੁਤ ਨਿਕਟ ਹੈ। ਭਗਤੀ ਰਾਹੀਂ ਹੀ ਰੱਬ ਦਾ ਗਿਆਨ ਅਤੇ ਉਸ ਦੀ ਹੋਂਦ ਅਨੁਭਵ ਹੋ ਸਕਦੀ ਹੈ, ਉਸ ਨਾਲ ਇਕ-ਮਿਕ ਹੋਇਆ ਜਾ ਸਕਦਾ ਹੈ।" ਰੱਬ ਨਾਲ ਜੁੜਨਾ, ਪਿਆਰ ਕਰਨਾ, ਯਾਦ ਕਰਨਾ ਭਗਤੀ ਸਾਧਨਾ ਦੇ ਅਧੀਨ ਹੀ ਆਉਂਦੇ ਹਨ। 'ਮਹਾਂਭਾਰਤ' ਦੇ ਇਕ ਭਾਗ ਵਿੱਚ ਵੀ 'ਭਗਤੀ' ਨੂੰ 'ਗਿਆਨ' ਨਾਲੋਂ ਮੁਕਤੀ ਪ੍ਰਾਪਤੀ ਲਈ ਵਧੇਰੇ ਲਾਭਦਾਇਕ ਦੱਸਿਆ ਗਿਆ ਹੈ। ਸੋ ਇਹ ਕਿਹਾ ਜਾ ਸਕਦਾ ਹੈ ਕਿ ਭਗਤੀ ਸਾਧਨਾ ਪੁਰਾਤਨ ਸਮੇਂ ਹੀ ਹੋਂਦ ਵਿੱਚ ਆ ਚੁੱਕੀ ਸੀ, ਭਾਵੇਂ ਵਿਸ਼ਾਲ ਤੌਰ ਤੇ ਪ੍ਰਚਲਿਤ ਇਹ ਭਗਤੀ ਲਹਿਰ ਤੋਂ ਬਾਅਦ ਹੀ ਹੋਈ।

### ਭਗਤੀ ਲਹਿਰ ਦਾ ਆਰੰਭ

ਭਾਰਤ ਵਿੱਚ ਹਰ ਲਹਿਰ ਦਾ ਮੁੱਢ ਦੇਸ਼ ਦੇ ਉੱਤਰ ਵਿੱਚ ਹੀ ਬੱਝਾ ਪਰ ਭਗਤੀ ਲਹਿਰ ਦਾ ਆਰੰਭ ਦੱਖਣੀ ਭਾਰਤ ਵਿੱਚ ਹੋਇਆ। ਭਗਤੀ ਅੰਦੋਲਨ ਦੱਖਣੀ ਅਤੇ ਉੱਤਰੀ ਭਾਰਤ ਵਿਚ ਮੱਧ ਕਾਲੀਨ ਯੁੱਗ ਦੌਰਾਨ ਹੋਂਦ ਵਿੱਚ ਆਇਆ। ਇਸ ਧਾਰਮਿਕ ਲਹਿਰ ਦਾ ਕੇਂਦਰ ਅਚਾਨਕ ਹੀ ਉੱਤਰ ਵੱਲੋਂ ਉੱਠ ਕੇ ਦੱਖਣ ਵਿੱਚ ਬਦਲ ਜਾਣ ਦਾ ਕਾਰਨ ਉੱਤਰੀ ਭਾਰਤ ਵਿੱਚ ਬੜੀ ਤੇਜ਼ੀ ਨਾਲ ਆਈਆਂ ਰਾਜਨੀਤਿਕ ਤੇ ਸਮਾਜਿਕ ਤਬਦੀਲੀਆਂ ਸਨ। ਹਰ ਲਹਿਰ ਵਾਂਗ ਭਗਤੀ ਲਹਿਰ ਵੀ ਸਮੇਂ ਦੀ ਲੋੜ ਅਨੁਸਾਰ ਹੋਂਦ ਵਿੱਚ ਆਈ। ਇਸ ਦੇ ਹੋਂਦ ਵਿੱਚ ਆਉਣ ਦਾ ਮੁੱਖ ਕਾਰਣ ਬ੍ਰਾਹਮਣਵਾਦ ਅਤੇ ਇਸਲਾਮਿਕ ਪ੍ਰਭਾਵ ਸੀ। ਮੱਧਕਾਲ ਵਿੱਚ ਹਿੰਦੂ ਧਰਮ ਆਪਣੀ ਪੁਰਾਤਨ ਮਹਿਮਾ ਖੋ ਚੁੱਕਿਆ ਸੀ। ਇਸ ਵਿਚ ਖੋਖਲੇ ਰੀਤੀ-ਰਿਵਾਜ ਸ਼ਾਮਿਲ ਹੋ ਗਏ ਸਨ।ਛੂਤ-ਛਾਤ,ਮੂਰਤੀ ਪੂਜਾ ਅਤੇ ਅਨੇਕਾਂ ਦੇਵੀ ਦੇਵਤਿਆਂ ਦੀ ਪੂਜਾ ਹਿੰਦੂ ਧਰਮ ਦਾ ਹਿੱਸਾ ਬਣ ਗਏ ਸਨ। ਸਮਾਜ ਵਰਗਾਂ ਵਿੱਚ ਵੰਡਿਆਂ ਜਾ ਚੁੱਕਾ ਸੀ।

ਸਮੇਂ ਦੇ ਨਾਲ-ਨਾਲ ਇਹਨਾਂ ਪ੍ਰਚਲਿਤ ਰਸਮਾਂ ਰਿਵਾਜਾਂ ਨੂੰ ਤੋੜਨ ਲਈ ਕਈ ਲਹਿਰਾਂ ਨੇ ਯੋਗਦਾਨ ਪਾਇਆ। ਜਿੰਨਾਂ ਵਿੱਚੋਂ ਬੁੱਧ ਅਤੇ ਜੈਨ ਧਰਮ ਦੋ ਪ੍ਰਮੁੱਖ ਸਮਾਜ ਸੁਧਾਰਕ ਲਹਿਰਾਂ ਦੇ ਤੌਰ ਤੇ ਹੋਂਦ ਵਿਚ ਆਏ। ਜਿੰਨਾਂ ਦਾ ਮਨੋਰਥ ਮੁਕਤੀ ਪ੍ਰਾਪਤੀ ਸੀ ਪਰ ਇੰਨਾਂ ਦੋਨਾਂ ਧਰਮਾਂ ਨੇ ਰੱਬ ਦੀ ਹੋਂਦ ਨੂੰ ਸਵੀਕਾਰ ਨਹੀਂ ਕੀਤਾ। ਰੱਬ ਵਿੱਚ ਪੂਰਨ ਵਿਸ਼ਵਾਸ ਰੱਖਣ ਵਾਲਾ ਹਿੰਦੂ ਮਤ ਇਹਨਾਂ ਨੂੰ ਬਹੁਤ ਦੇਰ ਤੱਕ ਸਵੀਕਾਰ ਨਾ ਕਰ ਸਕਿਆ। ਸ਼ਾਇਦ ਇਹਨਾਂ ਦੇ ਢਹਿੰਦੀ ਕਲਾ ਵੱਲ ਜਾਣ ਦਾ ਇੱਕ ਕਾਰਨ ਇਹ ਵੀ ਮੰਨਿਆ ਜਾ ਸਕਦਾ ਹੈ। ਹਿੰਦੂ ਸੁਧਾਰਕਾਂ ਨੇ ਆਪਣੇ ਧਰਮ ਨੂੰ ਪ੍ਰਫੁਲਿਤ ਕਰਨ ਦਾ ਇੱਕ ਹੰਭਲਾ ਮਾਰਿਆ। ਡਾਕਟਰ ਤਾਰਾ ਚੰਦ ਅਨੁਸਾਰ "ਹਿੰਦੂ ਧਰਮ ਦੇ ਪ੍ਰਚਾਰਕਾਂ ਦੇ ਸਿਧਾਂਤ ਸਾਰੇ ਦੇਸ਼ ਵਿੱਚ ਫੈਲ ਗਏ। ਬਹੁਤ ਗਿਣਤੀ ਵਿੱਚ ਬ੍ਰਾਹਮਣ ਕੇਰਲ ਵਿੱਚ ਗਏ ਅਤੇ ਉਨ੍ਹਾਂ ਨੇ ਢਹਿੰਦੀ ਕਲਾ ਵਿਚ ਜਾ ਰਹੇ ਹਿੰਦੂ ਧਰਮ ਵਿੱਚ ਨਵੀਂ ਜਾਨ ਪਾਈ।" ਮੁਸਲਮਾਨਾਂ ਦੇ ਆਉਣ ਨਾਲ ਹਿੰਦੂ ਧਰਮ ਨੂੰ ਖਤਰਾ ਖੜਾ ਹੋ ਗਿਆ ਕਿਉਂਕਿ ਹਿੰਦੂ ਧਰਮ ਵਿੱਚ ਬਹੁਤ ਸਾਰੀਆਂ ਕਮੀਆਂ ਆ ਗਈਆਂ ਸਨ ਜਿਸ ਕਾਰਨ ਇਸਲਾਮ ਧਰਮ ਨੇ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਸਨ। 'ਸ਼ੂਦਰ' ਜੋ ਦੱਬਿਆ ਹੋਇਆ ਤਬਕਾ ਸੀ ਇਸ ਗੱਲ ਤੋਂ ਆਕਰਸ਼ਿਤ ਹੋਇਆ ਕਿ ਇਸਲਾਮ ਧਰਮ ਰੱਬੀ ਏਕਤਾ ਤੇ ਮਨੁੱਖੀ ਸਮਾਨਤਾ ਦੇ ਸਿਧਾਂਤਾਂ ਉਪਰ ਜੋਰ ਦਿੰਦੇ ਸਨ। ਇਸ ਖਤਰੇ ਨੂੰ ਦੇਖਦੇ ਹੋਏ ਹਿੰਦੂ ਵਿਚਾਰਵਾਨਾਂ ਨੇ ਆਪਣੇ ਧਰਮ ਨੂੰ ਸੁਧਾਰਨ ਬਾਰੇ ਸੋਚਿਆ ਕਿ

ਜੇਕਰ ਹਿੰਦੂ ਧਰਮ ਦੀਆਂ ਊਣਤਾਈਆਂ ਨੂੰ ਦੂਰ ਨਾ ਕੀਤਾ ਗਿਆ ਤਾਂ ਬਹੁਤ ਸਾਰੇ ਹਿੰਦੂ ਆਪਣਾ ਧਰਮ ਤਿਆਗ ਦੇਣਗੇ। ਇਸ ਤਰ੍ਹਾਂ ਭਗਤੀ ਅੰਦੋਲਨ ਦਾ ਮੁੱਖ ਉਦੇਸ਼ ਹਿੰਦੂ ਧਰਮਾਂ ਦਾ ਸੁਧਾਰ ਕਰਨਾ ਅਤੇ ਨਾਲ ਹੀ ਇਸਲਾਮ ਦੇ ਖਤਰੇ ਤੋਂ ਹਿੰਦੂ ਧਰਮ ਨੂੰ ਬਚਾਉਣਾ ਬਣ ਗਿਆ ਸੀ।ਇਸ ਅੰਦੋਲਨ ਦੇ ਪ੍ਰਚਾਰਕਾਂ ਨੇ ਕਰਮ-ਕਾਂਡ ਦੀ ਜਗ੍ਹਾਂ ਭਗਤੀ ਤੇ ਜ਼ਿਆਦਾ ਜੋਰ ਦਿੱਤਾ।

ਭਗਤੀ ਲਹਿਰ ਦੀ ਉਤਪਤੀ ਦੇ ਕਾਰਨਾਂ ਨੂੰ ਮੋਟੇ ਤੌਰ ਤੇ ਇਸ ਤਰ੍ਹਾਂ ਲਿਆ ਜਾ ਸਕਦਾ ਹੈ :

(1) ਹਿੰਦੂ ਧਰਮ ਅੰਦਰ ਕਈ ਕੁਰੀਤੀਆਂ ਪੈਦਾ ਹੋ ਚੁੱਕੀਆਂ ਸਨ, ਜਿਸ ਕਾਰਨ ਉਸ ਦੀ ਪੁਰਾਤਨ ਮਹੱਤਤਾ ਖਤਮ ਹੋ ਗਈ। ਧਰਮ ਦੀ ਵਾਸਤਵਿਕਤਾ ਦੀ ਥਾਂ ਕਰਮ ਕਾਂਡਾਂ ਅਤੇ ਅੰਧ-ਵਿਸ਼ਵਾਸਾਂ ਨੇ ਲੈ ਲਈ ਜਿਸ ਕਾਰਨ ਬ੍ਰਾਹਮਣਾਂ ਨੇ ਭੋਲੀਭਾਲੀ ਜਨਤਾ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ ਸੀ। ਪੁਰੋਹਿਤ ਸਵਾਰਥੀ ਤੇ ਭ੍ਰਿਸ਼ਟਾਚਾਰ ਹੋ ਚੁੱਕੇ ਸਨ।

(2) ਭਗਤੀ ਲਹਿਰ ਦੀ ਉਤਪਤੀ ਅਤੇ ਵਿਕਾਸ ਵਿੱਚ ਇਸਲਾਮ ਦਾ ਵੀ ਯੋਗਦਾਨ ਰਿਹਾ ਹੈ। ਮੁਸਲਮਾਨ, ਹਿੰਦੂਆਂ ਨੂੰ ਜਬਰਦਸਤੀ ਇਸਲਾਮ ਧਰਮ ਕਬੂਲ ਕਰਵਾ ਰਹੇ ਸਨ। ਨਾਲ ਹੀ ਇਸਲਾਮ ਦੇ ਸਮਾਨਤਾ ਅਤੇ ਈਸ਼ਵਰ ਦੀ ਏਕਤਾ ਦੇ ਸਿਧਾਂਤਾਂ ਨੇ ਹਿੰਦੂਆਂ ਦੀ ਸਭ ਤੋਂ ਹੇਠਲੀ ਸ਼੍ਰੇਣੀ ਨੂੰ ਆਕਰਸ਼ਿਤ ਕੀਤਾ।

(3) ਇਸਲਾਮ ਦੇ ਸੁਧਾਰ ਦੇ ਉਦੇਸ਼ ਨਾਲ ਸੂਫੀ ਮਤ ਦਾ ਜਨਮ ਹੋਇਆ ਸੀ। ਸੂਫੀ ਮਤ ਵਾਲੇ ਇਹ ਮੰਨਦੇ ਸਨ ਕਿ ਪਰਮਾਤਮਾ ਮੰਦਰਾਂ, ਮਸਜਿਦਾਂ ਵਿਚ ਨਹੀਂ ਬਲਕਿ ਲੋਕਾਂ ਦੇ ਹਿਰਦੇ ਵਿੱਚ ਨਿਵਾਸ ਕਰਦਾ ਹੈ। ਪ੍ਰੇਮ ਅਤੇ ਸੱਚੇ ਮਨ ਨਾਲ ਭਗਤੀ ਕਰਨ ਨਾਲ ਇਸ ਦੀ ਪ੍ਰਾਪਤੀ ਹੋ ਸਕਦੀ ਹੈ।ਇਹਨਾਂ ਦਾ ਪ੍ਰਭਾਵ ਕਈ ਭਗਤਾਂ ਉਪਰ ਪਿਆ।

ਮੁੱਖ ਤੌਰ ਤੇ ਤਿੰਨ ਕਾਰਨਾਂ ਦਾ ਜਿਕਰ ਕੀਤਾ ਗਿਆ ਹੈ ਪਰ ਇਸ ਤੋਂ ਇਲਾਵਾ ਹੋਰ ਵੀ ਛੋਟੇ-ਛੋਟੇ ਕਈ ਕਾਰਨ ਸਨ ਜੋ ਭਗਤੀ ਅੰਦੋਲਨ ਦੀ ਸ਼ੁਰੂਆਤ ਵਿੱਚ ਸਹਾਈ ਹੋਏ। ਉਪਰੋਕਤ ਕਾਰਨਾਂ ਤੋਂ ਬਾਅਦ ਭਗਤੀ ਲਹਿਰ ਦੇ ਯੋਗਦਾਨ ਦਾ ਜ਼ਿਕਰ ਕੀਤਾ ਜਾ ਰਿਹਾ ਹੈ।

**ਭਗਤੀ ਲਹਿਰ ਦਾ ਯੋਗਦਾਨ :**

ਪੁਰਾਤਨ ਗ੍ਰੰਥਾਂ ਦੁਆਰਾ ਦੱਸੇ ਮਾਰਗਾਂ ਵਿੱਚੋਂ 'ਭਗਤੀ ਮਾਰਗ' ਨੂੰ ਹੀ ਮੁਕਤੀ ਪ੍ਰਾਪਤ ਕਰਨ ਲਈ ਵਰਤਿਆ ਗਿਆ ਹੈ। ਇਸ ਸਿਧਾਂਤ ਰਾਹੀਂ ਉਹਨਾਂ ਨੇ ਇਕ ਪਾਸੇ ਇਸਲਾਮ ਧਰਮ ਦੀ ਰੱਬੀ ਏਕਤਾ ਤੇ ਮਨੁੱਖੀ ਸਮਾਨਤਾ ਦਾ ਹੱਲ ਲੱਭ ਲਿਆ, ਨਾਲ ਹੀ ਬ੍ਰਾਹਮਣਾਂ ਦੇ ਅਤਿਆਚਾਰ ਅਤੇ ਛੂਤ-ਛਾਤ ਦਾ ਟਾਕਰਾ ਕਰਨ ਵਾਸਤੇ ਇਹ ਇਕ ਚੰਗਾ ਤਰੀਕਾ ਸੀ। ਭਗਤੀ ਲਹਿਰ ਨੇ ਲਤਾੜੇ ਹੋਏ ਲੋਕਾਂ ਨੂੰ ਪਨਾਹ ਦਿੱਤੀ, ਸਾਰੇ ਧਾਰਮਿਕ ਭੇਖਾ ਦਾ ਖੰਡਨ ਕੀਤਾ, ਸਮਾਜਿਕ ਕੁਰੀਤੀਆਂ ਅਤੇ ਤਿਆਗ ਦੀ ਵਿਰੋਧਤਾ ਕੀਤੀ।

ਭਾਵੇਂ ਇਸ ਲਹਿਰ ਦੀਆਂ ਜੜ੍ਹਾਂ ਪੁਰਾਣੇ ਸਮੇਂ ਤੱਕ ਜਾ ਪੁਜਦੀਆ ਹਨ ਪ੍ਰੰਤੂ ਇਸ ਲਹਿਰ ਦਾ ਮੋਢੀ ਰਾਮਾਨੰਦ ਜੀ ਨੂੰ ਮੰਨਿਆ ਜਾਂਦਾ ਹੈ। ਭਗਤੀ ਲਹਿਰ ਦੇ ਮੋਢੀ ਰਾਮਾਨੰਦ ਜੀ ਤੇ ਵਲਭ-ਅਚਾਰੀਆ ਬ੍ਰਾਹਮਣ ਹੁੰਦੇ ਹੋਏ ਵੀ ਛੂਤ-ਛਾਤ ਤੇ ਊਚ-ਨੀਚ ਦੇ ਬੰਧਨਾਂ ਨੂੰ ਸਵੀਕਾਰ ਨਹੀਂ ਕਰਦੇ ਸਨ। ਰਾਮਾਨੰਦ ਜੀ ਦੇ ਬਹੁਤੇ ਚੇਲੇ ਅਛੂਤ ਜਾਤੀਆਂ ਵਿੱਚੋਂ ਹੀ ਸਨ ਜਿਵੇ ਂ ਕਿ ਕਬੀਰ ਜੁਲਾਹਾ, ਨਾਮਦੇਵ ਛੀਂਬਾ, ਰਵਿਦਾਸ ਚਮਾਰ ਜਾਤੀ ਨਾਲ ਸੰਬੰਧ ਰੱਖਦੇ ਸਨ। ਪਹਿਲਾਂ ਪਹਿਲ ਇਹ ਲਹਿਰ ਜਾਤ-ਪਾਤ ਤੇ ਹੋਰ ਸਮਾਜਿਕ ਗਿਰਾਵਟਾਂ ਦੀ ਹੀ ਵਿਰੋਧਤਾ ਕਰਦੀ ਸੀ ਪਰ ਹੌਲੀ-ਹੌਲੀ ਇਸ ਨੇ ਲੋਟੂ ਸ਼੍ਰੇਣੀ ਦੇ ਵਿਰੁੱਧ ਦਲਿਤ ਜਾਤੀਆਂ ਦੇ ਵਿਦਰੋਹ ਦਾ ਰੂਪ ਧਾਰਨ ਕਰ ਲਿਆ।

ਗਿਆਰਵੀਂ ਤੋਂ ਲੈ ਕੇ ਸੋਲਵੀਂ ਈਸਵੀਂ ਸਦੀ ਵਿੱਚ ਰਾਮਾਨੁਜ, ਰਾਮਾਨੰਦ, ਕਬੀਰ ਆਦਿ ਭਗਤਾਂ ਨੇ ਜੋ ਉਪਦੇਸ਼ ਦਿੱਤੇ, ਉਸ ਵਿੱਚ ਇੱਕ ਰੱਬ ਦੀ ਹੋਂਦ ਅਤੇ ਪੂਜਾ ਤੋਂ ਇਲਾਵਾ ਉਤਸ਼ਾਹ ਭਰਪੂਰ ਭਗਤੀ ਉਤੇ ਵੀ ਜੋਰ ਦਿੱਤਾ ਗਿਆ ਸੀ। ਮਾਧਵ, ਰਾਮਾਨੰਦ, ਨਾਮਦੇਵ, ਜੈਦੇਵ, ਚੇਤਨੰਯ, ਬੇਣੀ, ਕਬੀਰ, ਰਵਿਦਾਸ, ਮੀਰਾਂ ਬਾਈ, ਗੁਰੂ ਨਾਨਕ ਦੇਵ ਜੀ ਆਦਿ ਨੇ ਭਗਤੀ ਮਤ ਦੇ ਸਿਧਾਂਤਾਂ ਦਾ ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਪ੍ਰਚਾਰ ਕੀਤਾ ਪਰ ਸਮੇਂ ਦੀਆ ਲੋੜਾਂ ਅਨੁਸਾਰ ਇਸ ਮੱਤ ਵਿਚ

ਸਿਧਾਂਤਕ ਤਬਦੀਲੀਆਂ ਵੀ ਆਉਂਦੀਆਂ ਗਈਆਂ। ਕਿਹਾ ਜਾਂਦਾ ਹੈ ਕਿ ਪੰਜਾਬ ਵਿਚ ਭਗਤੀ ਮਾਰਗ ਸਿੱਖ ਗੁਰੂ ਸਾਹਿਬਾਨ ਦੇ ਸਮੇਂ ਹੀ ਵਿਸ਼ੇਸ਼ ਰੂਪ ਵਿੱਚ ਪ੍ਰਚਲਿਤ ਹੋਇਆ। ਭਗਤਾਂ ਦੀ ਅਗਵਾਈ ਹੇਠ ਭਗਤੀ ਲਹਿਰ ਨੇ ਬਹੁਤ ਉਨਤੀ ਕੀਤੀ ਅਤੇ ਇਹ ਲਹਿਰ ਆਮ ਜਨਤਾ ਦੀ ਲਹਿਰ ਬਣ ਗਈ।

ਉਪਰੋਕਤ ਦਿੱਤੇ ਯੋਗਦਾਨ ਨੂੰ ਭਗਤੀ ਲਹਿਰ ਦੇ ਸਿਧਾਂਤ ਦੇ ਤੌਰ ਤੇ ਮੰਨਿਆ ਜਾ ਸਕਦਾ ਹੈ। ਜੋ ਕਿ ਇਸ ਤਰ੍ਹਾਂ ਹਨ :

1. **ਈਸ਼ਵਰ ਦੀ ਭਗਤੀ :** ਇਸ ਲਹਿਰ ਦਾ ਮੁੱਖ ਉਦੇਸ਼ ਪ੍ਰਭੂ ਦੀ ਭਗਤੀ ਸੀ। ਇਹ ਇਕ ਈਸ਼ਵਰ ਵਿੱਚ ਵਿਸ਼ਵਾਸ ਰੱਖਦੇ ਸਨ।
2. **ਗੁਰੂ ਭਗਤੀ :** ਈਸ਼ਵਰ ਦੀ ਪ੍ਰਾਪਤੀ ਲਈ ਸਹੀ ਰਸਤਾ ਗੁਰੂ ਦਸਦਾ ਹੈ। ਇਸ ਲਈ ਗੁਰੂ ਨੂੰ ਧਾਰਨ ਉੱਪਰ ਜੋਰ ਦਿੱਤਾ ਗਿਆ ਹੈ।
3. **ਆਤਮ ਤਿਆਗ :** ਇਸ ਰਸਤੇ ਉੱਪਰ ਚੱਲਣ ਲਈ ਹਿਰਦੇ ਅੰਦਰੋਂ ਹਉਮੈਂ ਜਾਂ ਆਪਣੇ ਆਪੇ ਦਾ ਤਿਆਗ ਜ਼ਰੂਰੀ ਹੈ। ਇਸ ਕਰਕੇ ਆਤਮ-ਸਮਰਪਣ ਰਾਹੀਂ ਹੀ ਪ੍ਰਭੂ ਦੀ ਭਗਤੀ ਕੀਤੀ ਜਾ ਸਕਦੀ ਹੈ।
4. **ਜਾਤ-ਪਾਤ ਵਿੱਚ ਅਵਿਸ਼ਵਾਸ :** ਇਸ ਸੰਸਾਰ ਵਿਚ ਪ੍ਰਭੂ ਦੀ ਪ੍ਰਾਪਤੀ ਲਈ ਭਗਤੀ ਜ਼ਰੂਰੀ ਹੈ। ਭਗਤੀ ਲਈ ਮਨ ਦਾ ਕਾਬੂ ਵਿੱਚ ਹੋਣਾ ਜ਼ਰੂਰੀ ਹੈ। ਇਸ ਦੇ ਨਾਲ ਹੀ ਸਮਾਜਕ ਬਣਤਰਾਂ ਤੋਂ ਉੱਪਰ ਉੱਠਣਾ ਵੀ ਜ਼ਰੂਰੀ ਹੈ। ਜਾਤ-ਪਾਤ, ਉਚ-ਨੀਚ ਵਿੱਚ ਵਿਸ਼ਵਾਸ ਨਾ ਕਰਨ ਦਾ ਸਿਧਾਂਤ ਵੀ ਇਸ ਲਹਿਰ ਨੇ ਹੋਂਦ ਵਿੱਚ ਲਿਆਂਦਾ ਕਿਉਂਕਿ ਸਾਰਾ ਜਗਤ ਈਸ਼ਵਰ ਦਾ ਪੈਦਾ ਕੀਤਾ ਹੋਇਆ ਹੈ ਇਸ ਲਈ ਨਾ ਕੋਈ ਉਚਾ ਹੈ ਤੇ ਨਾ ਕੋਈ ਨੀਵਾਂ।
5. **ਮੂਰਤੀ ਪੂਜਾ ਵਿਚ ਅਵਿਸ਼ਵਾਸ :** ਇਸੇ ਤਰ੍ਹਾਂ ਭਗਤੀ ਲਹਿਰ ਦੇ ਸੁਧਾਰਕਾਂ ਨੇ ਮੂਰਤੀ ਪੂਜਾ ਦੀ ਨਿਖੇਧੀ ਕੀਤੀ ਹੈ। ਈਸ਼ਵਰ ਅਨੰਤ ਹੈ ਉਸ ਨੂੰ ਮੂਰਤੀਆਂ ਵਿੱਚ ਚਿਤਵਣਾ ਗਲਤ ਹੈ ਕਿਉਂਕਿ ਉਸ ਨੂੰ ਕਿਸੇ ਅਕਾਰ ਵਿੱਚ ਸਮੋਇਆ ਨਹੀਂ ਜਾ ਸਕਦਾ। ਇਸੇ ਕਰਕੇ ਮੂਰਤੀ ਪੂਜਾ ਕਰਨਾ ਵਿਅਰਥ ਹੈ।
6. **ਕਰਮ ਕਾਂਡਾਂ ਵਿੱਚ ਅਵਿਸ਼ਵਾਸ :** ਪਰਮਾਤਮਾ ਨੂੰ ਕਰਮਕਾਂਡਾਂ ਜਾਂ ਰਸਮਾਂ ਨਾਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਬਾਹਰੀ ਵਿਖਾਵੇ ਦੀ ਥਾਂ ਮਨੁੱਖ ਨੂੰ ਅੰਤਰੀ ਮਨ ਨਾਲ ਭਗਤੀ ਕਰਨੀ ਚਾਹੀਦੀ ਹੈ। ਭਗਵੇਂ ਕੱਪੜੇ ਪਹਿਨਣ, ਸਰੀਰ ਉਤੇ ਸੁਆਹ ਮਲ ਲੈਣ, ਵਰਤ ਰੱਖਣ, ਤੀਰਥ ਸਥਾਨਾਂ ਉਪਰ ਜਾਣ ਨਾਲ ਈਸ਼ਵਰ ਦੀ ਪ੍ਰਾਪਤੀ ਨਹੀਂ ਹੁੰਦੀ।
7. **ਕਿਸੇ ਵਿਸ਼ੇਸ਼ ਭਾਸ਼ਾ ਦੀ ਪਵਿੱਤਰਤਾ ਵਿੱਚ ਅਵਿਸ਼ਵਾਸ :** ਭਗਤੀ ਲਹਿਰ ਦੇ ਸੁਧਾਰਕ ਕਿਸੇ ਵਿਸ਼ੇਸ਼ ਭਾਸ਼ਾ ਦੀ ਪਵਿੱਤਰਤਾ ਵਿੱਚ ਵਿਸ਼ਵਾਸ ਨਹੀਂ ਰੱਖਦੇ। ਪ੍ਰਭੂ ਦਾ ਨਾਮ ਕਿਸੇ ਵੀ ਭਾਸ਼ਾ ਵਿੱਚ ਲਿਆ ਵਿਅਰਥ ਨਹੀਂ ਜਾਂਦਾ। ਪ੍ਰਭੂ ਕਿਸੇ ਵਿਸ਼ੇਸ਼ ਭਾਸ਼ਾ ਵਿੱਚ ਨਾਮ ਲੈਣ ਨਾਲ ਪ੍ਰਸੰਨ ਨਹੀਂ ਹੁੰਦਾ। ਇਸ ਲਈ ਕਿਸੇ ਖ਼ਾਸ ਭਾਸ਼ਾ ਨੂੰ ਪਵਿੱਤਰ ਜਾਂ ਉਚ ਮੰਨਣਾ ਨਿਰਾਰਥਕ ਹੈ।

ਭਗਤੀ ਮਾਰਗ ਦੋ ਪ੍ਰਮੁੱਖ ਧਾਰਾਵਾਂ ਵਿੱਚ ਵੰਡਿਆ ਹੋਇਆ ਸੀ - ਨਿਰਗੁਣ ਅਤੇ ਸਰਗੁਣ। ਨਿਰਗੁਣ ਧਾਰਾ ਵਾਲੇ ਨਿਰਗੁਣ ਬ੍ਰਹਮ ਜੋ ਰੂਪ ਤੇ ਰੰਗ ਤੋਂ ਪਰ੍ਹੇ ਹੈ, ਪਰ ਘਟ-ਘਟ ਵਿੱਚ ਰਮਿਆ ਹੋਇਆ ਹੈ। ਕਬੀਰ ਤੇ ਰਵਿਦਾਸ ਆਦਿ ਭਗਤ ਇਸ ਧਾਰਾ ਵਿੱਚੋਂ ਹਨ। ਇਸੇ ਤਰ੍ਹਾਂ ਸਰਗੁਣ ਧਾਰਾ ਵਿੱਚ ਰਾਮ ਤੇ ਕ੍ਰਿਸ਼ਨ ਦੀ ਭਗਤੀ ਕੀਤੀ ਜਾਂਦੀ ਹੈ। ਇਹਨਾਂ ਨੂੰ ਪਰਮਾਤਮਾ ਦਾ ਅਵਤਾਰ ਮੰਨਿਆ ਜਾਂਦਾ ਹੈ ਜੋ ਸੰਕਟ ਸਮੇਂ ਲੋਕਾਂ ਦੀ ਰੱਖਿਆ ਲਈ ਪ੍ਰਗਟ ਹੁੰਦਾ ਹੈ। ਸੂਰਦਾਸ, ਤੁਲਸੀਦਾਸ ਇਸੇ ਧਾਰਾ ਦੇ ਕਵੀ ਹੋਏ ਹਨ ਪਰ ਪੰਜਾਬ ਵਿੱਚ ਵਧੇਰੇ ਪ੍ਰਧਾਨ ਰੂਪ ਨਿਰਗੁਣ ਭਗਤੀ ਵਾਲਾ ਹੀ ਮਿਲਦਾ ਹੈ। ਭਗਤੀ ਲਹਿਰ ਦੇ ਵਿਕਾਸ ਵਿਚ ਸਰਗੁਣ ਤੇ ਨਿਰਗੁਣ ਦੋਨੋਂ ਤਰ੍ਹਾਂ ਦੇ ਭਗਤਾਂ ਜਾਂ ਆਗੂਆਂ ਦਾ ਯੋਗਦਾਨ ਹੈ। ਪ੍ਰਮੁੱਖ ਭਗਤਾਂ ਦੇ ਜੀਵਨ ਦਾ ਸੰਖੇਪ ਬਿਓਰਾ ਹੇਠਾਂ ਦਿੱਤਾ ਗਿਆ ਹੈ :

**1. ਸ਼ੰਕਰ ਅਚਾਰੀਆ :** ਸ਼ੰਕਰ ਆਚਾਰੀਆ ਦਾ ਜਨਮ 788ਈ. ਵਿੱਚ ਦੱਖਣੀ ਹਿੰਦੁਸਤਾਨ ਵਿੱਚ ਹੋਇਆ। ਸ਼ੰਕਰਾਚਾਰੀਆ ਨੇ ਪੁਰਾਤਨ ਧਰਮ ਸ਼ਾਸਤਰ ਦਾ ਅਧਿਐਨ ਕੀਤਾ ਅਤੇ ਪਰਮ-ਹੰਸ ਦੀ ਉਪਾਧੀ ਪ੍ਰਾਪਤ ਕੀਤੀ। ਉਹਨਾਂ ਨੇ ਦੇਸ਼ ਦੇ ਕਈ ਇਲਾਕਿਆਂ ਦਾ ਦੌਰਾ ਕੀਤਾ। ਸ਼ੰਕਰ ਅਚਾਰੀਆ ਦਾ ਮੁੱਖ ਯੋਗਦਾਨ ਉਸ ਸਮੇਂ ਦੇ ਬੁੱਧ ਧਰਮ ਨੂੰ ਖਤਮ ਕਰਕੇ ਫੋਕੇ ਕਰਮ

ਕਾਂਡਾਂ ਵਿੱਚ ਅਵਿਸ਼ਵਾਸ ਪੈਦਾ ਕਰਨਾ ਅਤੇ ਵੱਖੋਂ-ਵੱਖ ਹਿੰਦੂ ਸੰਪਰਦਾਵਾਂ ਨੂੰ ਇੱਕਠਾ ਕਰਨਾ ਸੀ। ਇਹਨਾਂ ਦੀ ਫਿਲਾਸਫੀ ਨੂੰ 'ਅਦਵੈਤ' ਫਿਲਾਸਫੀ ਕਿਹਾ ਜਾਂਦਾ ਹੈ। ਇਸ ਦਾ ਭਾਵ ਹੈ ਕਿ ਬ੍ਰਹਮ ਅਤੇ ਉਸਦੀ ਰਚਨਾ ਇਕ ਹੀ ਹਨ। ਸਭ ਵਸਤਾਂ ਉਸ ਦਾ ਅੰਗ ਹਨ ਅਤੇ ਉਸ ਵਿੱਚ ਸਮਾ ਜਾਂਦੀਆਂ ਹਨ। ਆਤਮਾ ਤੇ ਪਰਮਾਤਮਾ ਵਿੱਚ ਫ਼ਰਕ ਨਹੀਂ। ਉਹ ਪਹਿਲੇ ਮਹਾਨ ਪੁਰਸ਼ ਸਨ ਜਿਨ੍ਹਾਂ ਨੇ ਦਲੇਰੀ ਨਾਲ ਬ੍ਰਾਹਮਣ ਧਰਮ ਅਤੇ ਬੁੱਧ ਧਰਮ ਦੀਆਂ ਕੁਰੀਤੀਆਂ ਦੇ ਵਿਰੁੱਧ ਅਵਾਜ ਉਠਾਈ। ਇਸ ਲਈ ਕਈ ਉਨ੍ਹਾਂ ਨੂੰ ਭਗਤੀ ਲਹਿਰ ਦਾ ਮੋਢੀ ਵੀ ਮੰਨਦੇ ਹਨ।

**2. ਰਾਮਾਨੁਜ :** ਦੱਖਣੀ ਭਾਰਤ ਦੇ ਵੈਸ਼ਨਵ ਭਗਤੀ ਦੇ ਇਕ ਮਹਾਨ ਪ੍ਰਚਾਰਕ ਸਨ। ਰਾਮਾਨੁਜ ਜੀ ਦਾ 1017ਈ. ਵਿੱਚ ਜਨਮ ਹੋਇਆ। ਇਹਨਾਂ ਦੇ ਪਿਤਾ ਉਚ ਜਾਤੀ ਦੇ ਬ੍ਰਾਹਮਣ ਸਨ। ਰਾਮਾਨੁਜ 'ਵਿਸ਼ਨੂੰ' ਨੂੰ ਸਭ ਤੋਂ ਵੱਡਾ ਅਤੇ ਸ੍ਰਿਸ਼ਟੀ ਦੀ ਰਚਨਾ ਵਿਸ਼ਨੂੰ ਦੇ ਹੁਕਮ ਤੋਂ ਹੋਈ ਮੰਨਦਾ ਹੈ। ਰਾਮਾਨੁਜ ਨੇ ਤਿਰੁਪਤੀ, ਜਗਨਨਾਥ ਪੁਰੀ, ਬਨਾਰਸ ਆਦਿ ਸਥਾਨਾਂ ਦੀ ਯਾਤਰਾ ਕੀਤੀ ਅਤੇ ਵੈਸ਼ਨਵ ਭਗਤੀ ਦੇ ਸਿਧਾਂਤਾਂ ਦਾ ਪ੍ਰਚਾਰ ਵੀ ਕੀਤਾ। ਇਹਨਾਂ ਦਾ ਦੇਹਾਂਤ 1137 ਈ. ਵਿੱਚ ਹੋਇਆ।

**3. ਰਾਮਾਨੰਦ :** ਰਾਮਾਨੰਦ ਉੱਤਰੀ ਭਾਰਤ ਦੇ ਇੱਕ ਵੱਡੇ ਸੁਧਾਰਕ ਸਨ। ਉਹ ਉੱਤਰੀ ਅਤੇ ਦੱਖਣੀ ਭਾਰਤ ਦੀਆਂ ਭਗਤੀ ਲਹਿਰਾਂ ਨੂੰ ਜੋੜਨ ਵਾਲੇ ਪੁਲ ਵਾਂਗ ਸਨ। ਉਹਨਾਂ ਦਾ ਜਨਮ 1299ਈ. ਵਿੱਚ ਇਕ ਬ੍ਰਾਹਮਣ ਪਰਿਵਾਰ ਵਿੱਚ ਹੋਇਆ। ਉਹਨਾਂ ਨੇ ਰਾਮ-ਭਗਤੀ ਨੂੰ ਆਪਣੇ ਜੀਵਨ ਵਿੱਚ ਦ੍ਰਿੜ ਕੀਤਾ ਅਤੇ ਕਰਵਾਇਆ। ਉਹ ਜਾਤ-ਪਾਤ ਦੇ ਵਿਰੋਧੀ ਸਨ ਤੇ ਇਸੇ ਕਰਕੇ ਉਹਨਾਂ ਦੇ ਚੇਲੇ ਹਰ ਜਾਤ ਵਿੱਚੋਂ ਸਨ।

**4. ਨਾਮਦੇਵ :** ਭਗਤੀ ਮਾਰਗ ਵਿੱਚ ਨਾਮਦੇਵ ਜੀ ਨੂੰ ਸ਼੍ਰੋਮਣੀ ਭਗਤ ਦੇ ਤੌਰ ਤੇ ਜਾਣਿਆ ਜਾਂਦਾ ਹੈ। ਉਹਨਾਂ ਦਾ ਜਨਮ ਮਹਾਂਰਾਸ਼ਟਰ ਦੇ ਇੱਕ ਪਿੰਡ ਵਿੱਚ 1270 ਈ. ਵਿੱਚ ਹੋਇਆ। ਨੀਵੀਂ ਜਾਤੀ ਦੇ ਹੋਣ ਕਾਰਣ ਬ੍ਰਾਹਮਣਾਂ ਤੇ ਮੁਸਲਮਾਨ ਹਾਕਮਾਂ ਦੇ ਵਿਰੋਧ ਦਾ ਸ਼ਿਕਾਰ ਹੋਣਾ ਪਿਆ। ਉਹਨਾਂ ਨੇ ਮਹਾਰਾਸ਼ਟਰ ਵਿੱਚ ਭਗਤੀ ਮਾਰਗ ਦਾ ਪ੍ਰਚਾਰ ਕੀਤਾ। ਹਿੰਦੂ ਸਮਾਜ ਵਿੱਚ ਪ੍ਰਚਲਿਤ ਮੂਰਤੀ ਪੂਜਾ ਅਤੇ ਰੀਤੀ ਰਿਵਾਜ਼ਾਂ ਦਾ ਖੰਡਨ ਕੀਤਾ। ਨਾਮਦੇਵ ਇੱਕ ਰੱਬ ਵਿੱਚ ਵਿਸ਼ਵਾਸ ਰੱਖਦੇ ਸਨ। ਉਹ ਜਾਤ-ਪਾਤ, ਬੁੱਤ ਪੂਜਾ ਦੇ ਵਿਰੋਧੀ ਸਨ ਅਤੇ ਇਸਤਰੀ ਜਾਤੀ ਨੂੰ ਸਮਾਜ ਵਿੱਚ ਉੱਚਾ ਦਰਜਾ ਦੇਣ ਦੇ ਹੱਕ ਵਿੱਚ ਸਨ।

**5. ਕਬੀਰ :** ਕਬੀਰ ਜੀ ਰਾਮਾਨੰਦ ਦੇ ਚੇਲੇ ਸਨ। ਉਹਨਾਂ ਦੇ ਉਪਦੇਸ਼ ਦਾ ਪ੍ਰਭਾਵ ਉੱਤਰੀ-ਭਾਰਤ ਵਿੱਚ ਬਹੁਤ ਪਿਆ। ਉਹ ਸਾਰੇ ਸੰਸਾਰ ਨੂੰ ਇੱਕੋ ਨੂਰ ਤੋਂ ਉਪਜਿਆ ਮੰਨਦੇ ਹਨ। ਉਹ ਜਾਤ-ਪਾਤ, ਊਚ-ਨੀਚ ਦੇ ਵਿਰੋਧੀ ਸਨ। ਉਹ ਮੂਰਤੀ ਪੂਜਾ ਅਤੇ ਹੋਰ ਰੀਤੀ-ਰਿਵਾਜਾਂ ਨੂੰ ਵੀ ਨਹੀਂ ਮੰਨਦੇ ਸਨ।

**6. ਰਵਿਦਾਸ :** ਰਵਿਦਾਸ ਬਨਾਰਸ ਦੇ ਜੰਮਪਲ ਸਨ ਅਤੇ ਚਮਾਰ ਜਾਤੀ ਨਾਲ ਸੰਬੰਧ ਰੱਖਦੇ ਸਨ। ਇਹ ਰਾਮਾਨੰਦ ਦੇ ਚੇਲੇ ਸਨ। ਰਵਿਦਾਸ ਜੀ ਈਸ਼ਵਰ ਭਗਤੀ ਵਿੱਚ ਵਿਸ਼ਵਾਸ ਰੱਖਦੇ ਸਨ। ਇਹਨਾਂ ਨੇ ਜਾਤੀ ਭੇਦ-ਭਾਵ ਨੂੰ ਵਿਅਰਥ ਦੱਸਿਆ। ਉਹਨਾਂ ਦੀ ਰਚਨਾਂ ਵਿੱਚ ਮਾਨਵਤਾ ਤੇ ਪ੍ਰਭੂ-ਪ੍ਰੇਮ ਦੀ ਝਲਕ ਦਿਖਾਈ ਦਿੰਦੀ ਹੈ।

**7. ਜੈ ਦੇਵ :** ਜੈ ਦੇਵ ਬੰਗਾਲ ਵਿੱਚ ਭਗਤੀ ਲਹਿਰ ਦਾ ਪ੍ਰਚਾਰ ਕਰਨ ਵਾਲੇ ਪਹਿਲੇ ਮਹਾਪੁਰਸ਼ਾ ਵਿੱਚੋਂ ਸਨ। ਉਹਨਾਂ ਦਾ ਜਨਮ 12ਵੀਂ ਸਦੀ ਈ. ਵਿੱਚ ਹੋਇਆ। ਉਹ ਰਾਧਾ-ਕ੍ਰਿਸ਼ਨ ਦੀ ਭਗਤੀ ਕਰਦੇ ਸਨ।

**8. ਚੈਤਨੰਯ :** ਚੈਤਨੰਯ ਦਾ ਜਨਮ ਵੀ ਬੰਗਾਲ ਵਿੱਚ ਹੋਇਆ। ਇਹਨਾਂ ਨੂੰ ਵੈਸ਼ਨਵ ਧਰਮ ਦਾ ਜਨਮਦਾਤਾ ਕਿਹਾ ਜਾਂਦਾ ਹੈ। ਇਹ ਕ੍ਰਿਸ਼ਨ ਨੂੰ ਸਭ ਤੋਂ ਵੱਡਾ ਸਵੀਕਾਰ ਕਰਦੇ ਹਨ ਅਤੇ ਕ੍ਰਿਸ਼ਨ ਦੀ ਪ੍ਰਾਪਤੀ ਲਈ ਭਗਤੀ ਦੀ ਲੋੜ ਉਪਰ ਬਲ ਦਿੰਦੇ ਹਨ।

ਪੰਜਾਬ ਵਿੱਚ ਭਗਤੀ ਲਹਿਰ ਨੂੰ ਚਲਾਉਣ ਵਾਲੇ ਗੁਰੂ ਨਾਨਕ ਦੇਵ ਜੀ ਸਨ। ਗੁਰੂ ਨਾਨਕ ਦੇਵ ਜੀ ਨੇ ਰੱਬ ਦੀ ਪ੍ਰਾਪਤੀ ਲਈ ਨਾਮ ਜਪਣ ਜਾਂ ਸਿਮਰਨ ਕਰਨ ਤੇ ਜੋਰ ਦਿੱਤਾ। ਉਹਨਾਂ ਨੇ ਗੁਰੂ ਭਗਤੀ, ਆਤਮ ਸਮਰਪਣ, ਜਾਤ-ਪਾਤ ਦਾ ਖੰਡਨ, ਮੂਰਤੀ ਪੂਜਾ ਅਤੇ ਧਾਰਮਿਕ ਰੀਤੀ ਰਿਵਾਜਾਂ ਵਿੱਚ ਅਵਿਸ਼ਵਾਸ ਦਾ ਪ੍ਰਚਾਰ ਕੀਤਾ।

ਇਹਨਾ ਤੋਂ ਇਲਾਵਾ ਧੰਨਾ, ਕਮਾਲ ਆਦਿ ਭਗਤ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਹੋਏ ਤੇ ਆਪਣੇ-ਆਪਣੇ ਸਮੇਂ ਅਨੁਸਾਰ ਇਹਨਾਂ ਨੇ ਭਗਤੀ ਲਹਿਰ ਨੂੰ ਵਿਕਸਿਤ ਕੀਤਾ। ਇਸ ਤਰ੍ਹਾਂ ਭਗਤੀ ਲਹਿਰ ਦਾ ਵਿਕਾਸ ਇਕ ਪ੍ਰਾਂਤ ਤੱਕ ਹੀ ਸੀਮਤ ਨਹੀਂ ਰਿਹਾ ਸਗੋਂ ਇਸ ਦਾ ਵਿਕਾਸ ਸਾਰੇ ਭਾਰਤ ਵਿੱਚ ਹੋਇਆ।

**ਭਗਤੀ ਲਹਿਰ ਦੇ ਪ੍ਰਭਾਵ :**

ਭਗਤੀ ਲਹਿਰ ਦਾ ਪ੍ਰਭਾਵ ਭਾਰਤ ਵਿੱਚ ਬਹੁਤ ਜਿਆਦਾ ਪਿਆ। ਇਸ ਲਹਿਰ ਨੇ ਭਾਰਤੀਆਂ ਨੂੰ ਵਧ ਰਹੀ ਨਿਰਾਸ਼ਾ ਤੋਂ ਬਚਾਇਆ। ਇਸ ਨਾਲ ਉਹਨਾਂ ਨੂੰ ਜੀਵਨ ਵਿੱਚ ਇਕ ਨਵੀਂ ਆਸ ਮਿਲੀ। ਭਗਤਾਂ ਨੇ ਉਤਸ਼ਾਹ ਭਰਪੂਰ ਉਪਦੇਸ਼ਾਂ ਨਾਲ ਹਿੰਦੂਆਂ ਨੂੰ ਮੁਸਲਮਾਨ ਬਣਨ ਤੋਂ ਰੋਕਿਆ। ਪੰਜਾਬ ਵਿੱਚ ਸਿੱਖਾਂ ਅਤੇ ਮਹਾਂਰਾਸ਼ਟਰ ਵਿੱਚ ਮਰਹੱਟਿਆਂ ਦੀ ਤਰੱਕੀ ਇਸੇ ਭਗਤੀ ਲਹਿਰ ਦੇ ਕਾਰਨ ਹੋਈ। ਇਸੇ ਲਹਿਰ ਕਰਕੇ ਹੀ ਹਿੰਦੂ ਧਰਮ ਮਜ਼ਬੂਤ ਹੋ ਗਿਆ।

ਭਗਤਾਂ ਨੇ ਬਹੁਤ ਸਾਰੇ ਅੰਧ-ਵਿਸ਼ਵਾਸ਼ਾਂ ਅਤੇ ਕਰਮ-ਕਾਂਡਾਂ ਨੂੰ ਹਿੰਦੂ ਧਰਮ ਵਿੱਚੋਂ ਕੱਢ ਦਿੱਤਾ। ਬ੍ਰਾਹਮਣਾਂ ਨੇ ਆਪਣੇ ਸੁਆਰਥ ਲਈ ਜਾਤਪਾਤ ਦੇ ਨਾਂ ਤੇ ਵਿਤਕਰੇ ਪਾ ਦਿੱਤੇ ਸਨ। ਭਾਰੀ ਗਿਣਤੀ ਵਿੱਚ ਹਿੰਦੂ ਜਨਤਾ ਅਛੂਤ ਬਣਾ ਕੇ ਰੱਖ ਦਿੱਤੀ ਸੀ। ਭਗਤੀ ਲਹਿਰ ਨੇ ਲੋਕਾਂ ਨੂੰ ਬ੍ਰਾਹਮਣਾਂ ਦੇ ਅਤਿਆਚਾਰਾਂ ਤੋਂ ਬਚਾਇਆ। ਜਾਤ-ਪਾਤ, ਛੂਤ-ਛਾਤ ਦੇ ਬੰਧਨਾਂ ਤੋਂ ਲੋਕਾਂ ਨੂੰ ਮੁਕਤ ਕਰਾਇਆ। ਨੀਚ ਜਾਤੀਆਂ ਦਾ ਕਲਿਆਣ ਹੋਇਆ। ਲੋਕਾਂ ਦੇ ਸੋਚਣ ਦਾ ਨਜ਼ਰੀਆਂ ਬਦਲਿਆ। ਭਾਵੇਂ ਜਾਤ-ਪਾਤ, ਛੂਤ-ਛਾਤ, ਬਿਲਕੁਲ ਖਤਮ ਨਾ ਹੋ ਸਕੀ, ਪ੍ਰੰਤੂ ਭਗਤੀ ਲਹਿਰ ਦੇ ਪ੍ਰਭਾਵ ਹੇਠ ਜਾਤ-ਪਾਤ ਅਤੇ ਛੂਤ-ਛਾਤ ਦੇ ਬੰਧਨ ਢਿੱਲੇ ਜ਼ਰੂਰ ਹੋ ਗਏ।

ਭਗਤੀ ਲਹਿਰ ਨਾਲ ਧਾਰਮਿਕ ਸਹਿਣਸ਼ੀਲਤਾ ਪੈਦਾ ਹੋਈ। ਜਿਸ ਨਾਲ ਸ਼ਾਂਤੀ, ਖੁਸ਼ਹਾਲੀ ਅਤੇ ਸਭਿਆਚਾਰਕ ਉੱਨਤੀ ਹੋਈ। ਇਸ ਲਹਿਰ ਨੇ ਦੋ ਵਿਰੋਧੀ ਧਰਮਾਂ ਨੂੰ ਇਕ ਥਾਂ ਤੇ ਇਕੱਠਾ ਕਰਨ ਦਾ ਯਤਨ ਕੀਤਾ। ਕਬੀਰ ਅਤੇ ਗੁਰੂ ਨਾਨਕ ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਨੇੜੇ ਲਿਆਉਣ ਦਾ ਯਤਨ ਕੀਤਾ। ਹਿੰਦੂਆਂ ਅਤੇ ਮੁਸਲਮਾਨਾਂ ਨੂੰ ਇੱਕੋਂ ਨੂਰ ਤੋਂ ਉਪਜਿਆ ਦੱਸਿਆ। ਇਸ ਲਈ ਉਹਨਾਂ ਦਾ ਆਪਸ ਵਿੱਚ ਕੋਈ ਅੰਤਰ ਨਹੀਂ ਹੈ। ਇਸ ਸਹਿਣਸ਼ੀਲਤਾ ਦਾ ਪ੍ਰਭਾਵ ਅਕਬਰ ਅਤੇ ਜਹਾਂਗੀਰ ਤੇ ਵੀ ਪਿਆ।

ਭਗਤੀ ਲਹਿਰ ਦਾ ਪ੍ਰਭਾਵ ਉਸ ਸਮੇਂ ਦੀਆਂ ਦੇਸੀ ਭਾਸ਼ਾਵਾਂ ਤੇ ਵੀ ਪਿਆ। ਭਗਤਾਂ ਨੇ ਆਪਣਾ ਉਪਦੇਸ਼ ਸੰਸਕ੍ਰਿਤ ਵਿਚ ਨਹੀਂ, ਸਗੋਂ ਲੋਕਾਂ ਦੀ ਬੋਲੀ ਵਿੱਚ ਹੀ ਦਿੱਤਾ। ਇਸ ਨਾਲ ਪ੍ਰਾਂਤਕ ਬੋਲੀਆਂ ਨੂੰ ਉਤਸ਼ਾਹ ਮਿਲਿਆ ਅਤੇ ਉਹ ਉੱਨਤ ਹੋਈਆਂ। ਪੰਜਾਬੀ ਬੋਲੀ ਵਿੱਚ ਮਹਾਨ ਪੁਸਤਕ 'ਆਦਿ ਗ੍ਰੰਥ' ਰਚੀ ਗਈ। ਤੁਲਸੀਦਾਸ ਦੀ ਅਵਧੀ ਭਾਸ਼ਾ ਵਿੱਚ ਰਮਾਇਣ, ਸੂਰਦਾਸ ਨੇ 'ਸੁਰ ਸਾਗਰ' ਅਤੇ ਜੈ ਦੇਵ ਨੇ 'ਗੀਤ ਗੋਵਿੰਦ' ਬੰਗਾਲੀ ਭਾਸ਼ਾ ਵਿੱਚ ਲਿਖੀ। ਇਸ ਤਰ੍ਹਾਂ ਹਰ ਇਲਾਕੇ ਦੀ ਬੋਲੀ ਉੱਨਤ ਹੋਈ। ਭਗਤਾਂ ਨੇ ਇਲਾਕੇ ਦੀ ਭਾਸ਼ਾ ਵਿੱਚ ਪ੍ਰਚਾਰ ਕਰਕੇ ਬ੍ਰਾਹਮਣ ਜੋ ਸਾਰੀਆ ਪੁਸਤਕਾਂ ਸੰਸਕ੍ਰਿਤ ਵਿੱਚ ਹੋਣ ਕਰਕੇ ਵਿਦਿਆ ਤੇ ਆਪਣਾ ਹੱਕ ਸਮਝਦੇ ਸੀ ਨੂੰ, ਖਤਮ ਕੀਤਾ। ਲੋਕਾਂ ਨੂੰ ਉਹਨਾਂ ਦੀ ਬੋਲੀ ਵਿੱਚ ਹੀ ਸਿੱਖਿਆ ਦਿੱਤੀ ਤਾਂ ਕਿ ਉਹ ਗਿਆਨ ਪ੍ਰਾਪਤ ਕਰਕੇ ਚੰਗੇ ਤੇ ਬੁਰੇ ਵਿਚਕਾਰ ਅੰਤਰ ਸਮਝ ਸਕਣ।

ਭਗਤੀ ਲਹਿਰ ਨੇ ਭਾਰਤੀ ਕਲਾ ਤੇ ਵੀ ਅਸਰ ਪਾਇਆ। ਹਿੰਦੂ ਕਲਾ ਅਤੇ ਮੁਸਲਿਮ ਕਲਾ ਦਾ ਸੰਪਰਕ ਹੋਣ ਕਰਕੇ ਇਕ ਨਵੀਂ ਕਲਾ ਦਾ ਜਨਮ ਹੋਇਆ ਜਿਸ ਨੂੰ ਅਸੀਂ 'ਹਿੰਦੂ-ਮੁਸਲਿਮ' ਕਲਾ ਕਹਿ ਸਕਦੇ ਹਾਂ। ਮੁਗਲਕਾਲ ਦੀ ਚਿੱਤਰਕਾਰੀ ਤੋਂ ਪਤਾ ਚਲਦਾ ਹੈ ਕਿ ਹਿੰਦੂ ਚਿੱਤਰਕਲਾ ਅਤੇ ਮੁਸਲਿਮ ਚਿੱਤਰਕਲਾ ਆਪਸ ਵਿੱਚ ਰਲ ਗਏ ਸਨ। ਇਸ ਤਰ੍ਹਾਂ ਭਗਤੀ ਲਹਿਰ ਦੇ ਸਹਿਣਸ਼ੀਲਤਾ ਭਰਪੂਰ ਵਾਤਾਵਰਨ ਨੇ ਸਾਡੇ ਦੇਸ਼ ਦੀ ਕਲਾ ਤੇ ਵੀ ਅਸਰ ਕੀਤਾ। ਇਸ ਤਰ੍ਹਾਂ ਭਗਤੀ ਲਹਿਰ ਦੇ ਪ੍ਰਭਾਵ ਨੇ ਜਿੱਥੇ ਭਾਰਤੀਆਂ ਨੂੰ ਨਿਰਾਸ਼ਾ ਤੋਂ ਬਚਾਇਆ ਉੱਥੇ ਲੋਕਾਂ ਦਾ ਦ੍ਰਿਸ਼ਟੀਕੋਣ ਵੀ ਵਿਸ਼ਾਲ ਕੀਤਾ।

ਉਪਰੋਕਤ ਦਿੱਤੇ ਵਰਣਨ ਵਿੱਚੋਂ ਜਿਹੜੇ ਪ੍ਰਭਾਵ ਪ੍ਰਤੱਖ ਹੁੰਦੇ ਹਨ ਉਹ ਇਸ ਤਰ੍ਹਾਂ ਹਨ :

1. ਹਿੰਦੂ ਧਰਮ ਦੀ ਰੱਖਿਆ : ਇਸ ਲਹਿਰ ਨਾਲ ਗਿਰਾਵਟ ਵੱਲ ਜਾ ਰਹੇ ਹਿੰਦੂ ਧਰਮ ਦੀ ਰੱਖਿਆ ਹੋਈ। ਹਿੰਦੂ ਧਰਮ ਅੰਦਰ ਊਣਤਾਈਆਂ ਆਉਣ ਕਾਰਣ ਨੀਵੀਂ ਜਾਤ ਦੇ ਲੋਕਾਂ ਨੇ ਇਸਲਾਮ ਨੂੰ ਅਪਨਾਉਣਾ ਸ਼ੁਰੂ ਕਰ ਦਿੱਤਾ ਸੀ। ਇਸੇ ਕਰਕੇ ਭਗਤੀ ਸੁਧਾਰਕਾਂ ਨੇ ਧਰਮ ਨੂੰ ਸੁਧਾਰਨ ਦਾ ਵਿਸ਼ੇਸ਼ ਉਪਰਾਲਾ ਕੀਤਾ। ਹਿੰਦੂ ਧਰਮ ਨੂੰ ਵਲਗਣ ਵਿੱਚੋਂ ਕੱਢ ਕੇ ਉਸ ਵਿੱਚ ਸੁਧਾਰ ਕੀਤਾ। ਇਸ ਨਾਲ ਹਿੰਦੂ ਧਰਮ ਦੀ ਰੱਖਿਆ ਵੀ ਹੋਈ ਅਤੇ ਵਿਕਾਸ ਵੀ ਹੋਇਆ।

2. ਬੁੱਧ ਧਰਮ ਦਾ ਖਾਤਮਾ : ਬੁੱਧ ਮਤ ਪਹਿਲਾ ਹੀ ਗਿਰਾਵਟ ਵੱਲ ਜਾ ਰਿਹਾ ਸੀ। ਭਗਤੀ ਅੰਦੋਲਨ ਨਾਲ ਹਿੰਦੂ ਧਰਮ ਫਿਰ ਹਰਮਨ-ਪਿਆਰਾ ਹੋਣ ਲੱਗਾ। ਇਸ ਨਾਲ ਬੁੱਧ ਧਰਮ ਦਾ ਬਿਲਕੁਲ ਖਾਤਮਾ ਹੋ ਗਿਆ।
3. ਇਸਲਾਮ ਦੇ ਵਿਕਾਸ ਵਿਚ ਵੀ ਭਗਤੀ ਅੰਦੋਲਨ ਰੁਕਾਵਟ ਬਣਕੇ ਸਾਹਮਣੇ ਆਇਆ। ਭਗਤੀ ਅੰਦੋਲਨ ਦੁਆਰਾ ਪ੍ਰਸਤੁਤ ਸਿਧਾਂਤਾਂ ਨਾਲ ਹਿੰਦੂ ਧਰਮ ਦਾ ਵਿਕਾਸ ਹੋਣ ਲੱਗਾ। ਜਿਸ ਨਾਲ ਇਸਲਾਮ ਨੂੰ ਵੀ ਭਾਰੀ ਸੱਟ ਲੱਗੀ।
4. ਹਿੰਦੂਆਂ ਅਤੇ ਮੁਸਲਮਾਨਾਂ ਦਾ ਸਮਾਜਿਕ ਮੇਲ ਜੋਲ ਵਧਿਆ। ਉਹ ਇਕ ਦੂਜੇ ਦੇ ਨਜ਼ਦੀਕ ਆਉਣ ਲੱਗੇ।
5. ਲੋਕਾਂ ਦਾ ਦ੍ਰਿਸ਼ਟੀਕੋਣ ਵਿਸ਼ਾਲ ਕੀਤਾ। ਬਹੁਤ ਸਾਰੇ ਅੰਧ-ਵਿਸ਼ਵਾਸ ਅਤੇ ਖੋਖਲੇ ਰੀਤੀ-ਰਿਵਾਜ਼ਾਂ ਨੂੰ ਖਤਮ ਕਰਕੇ ਜਨਤਾ ਦਾ ਕਲਿਆਣ ਕੀਤਾ। ਨੀਵੀਂ ਜਾਤ ਦੇ ਲੋਕਾਂ ਦਾ ਉਦਾਰ ਕੀਤਾ। ਸਮਾਜ ਵਿੱਚ ਉਹਨਾਂ ਨਾਲ ਚੰਗਾ ਵਰਤਾਓ ਹੋਣ ਲੱਗਾ। ਸਮਾਜ ਸੇਵਾ ਦੀ ਭਾਵਨਾ ਨੂੰ ਵੀ ਉਜਾਗਰ ਕੀਤਾ।
6. ਭਗਤੀ ਲਹਿਰ ਨਾਲ ਧਾਰਮਕ ਸਹਿਣਸ਼ੀਲਤਾ ਪੈਦਾ ਹੋਈ। ਇਸ ਦਾ ਪ੍ਰਭਾਵ ਸਮੇਂ ਦੀ ਸਰਕਾਰ ਉਪਰ ਵੀ ਪਇਆ। ਜਿਸ ਨਾਲ ਸ਼ਾਂਤੀ ਅਤੇ ਖੁਸ਼ਹਾਲੀ ਵਿੱਚ ਵਾਧਾ ਹੋਇਆ ਅਤੇ ਸੱਭਿਆਚਾਰਕ ਉੱਨਤੀ ਹੋਈ।
7. ਦੇਸੀ ਭਾਸ਼ਾਵਾਂ ਦਾ ਸਾਹਿਤ ਉੱਨਤ ਹੋਇਆ। ਆਮ ਬੋਲਚਾਲ ਦੀਆਂ ਭਾਸ਼ਾਵਾਂ ਵਿੱਚ ਰਚਨਾਵਾਂ ਲਿਖੀਆਂ ਗਈਆਂ।
8. ਕਲਾ ਤੇ ਪ੍ਰਭਾਵ : ਇਸ ਵਾਤਾਵਰਣ ਨੇ ਦੇਸ ਦੀ ਕਲਾ ਤੇ ਵੀ ਅਸਰ ਕੀਤਾ। ਹਿੰਦੂ ਚਿੱਤਰਕਲਾ ਅਤੇ ਮੁਸਲਿਮ ਚਿੱਤਰ ਕਲਾ ਦਾ ਸੁਮੇਲ ਹੋਇਆ। ਹਿੰਦੂਆਂ ਦੇ ਮਹਿਲ, ਮੰਦਰਾਂ ਵਿੱਚ ਮੁਸਲਿਮ ਅਤੇ ਮੁਸਲਮਾਨਾਂ ਦੀਆਂ ਮਸਜਿਦਾਂ ਵਿੱਚ ਹਿੰਦੂ ਭਵਨ-ਉਸਾਰੀ ਦਾ ਅਸਰ ਪ੍ਰਤੱਖ ਦਿਸਦਾ ਹੈ।

ਸਮੁੱਚੇ ਤੌਰ ਤੇ ਭਗਤੀ ਅੰਦੋਲਨ ਨੇ ਦੇਸ਼ ਦੇ ਹਰ ਖੇਤਰ ਉਪਰ ਆਪਣਾ ਅਜਿਹਾ ਪ੍ਰਭਾਵ ਪਾਇਆ ਜਿਸ ਨਾਲ ਦੇਸ਼ ਦੇ ਵਿਕਾਸ ਦੀ ਨੀਂਹ ਬੱਝੀ।

ਪਾਠ ਨੰਬਰ : 1.2

## ਭਗਤੀ ਲਹਿਰ ਦੇ ਪ੍ਰਮੁੱਖ ਭਗਤਾਂ ਦੇ ਜੀਵਨ : ਨਾਮਦੇਵ, ਕਬੀਰ, ਰਵਿਦਾਸ ਜਾਣ ਪਛਾਣ

ਭਗਤੀ ਦਾ ਸੰਬੰਧ ਮਨੁੱਖ ਨਾਲ ਹੈ। ਇਸੇ ਕਰਕੇ ਭਗਤੀ ਨੂੰ ਮਨੁੱਖ ਜਿੰਨੀ ਪੁਰਾਣੀ ਮੰਨਿਆ ਜਾਂਦਾ ਹੈ। ਭਗਤੀ ਦਾ ਪ੍ਰਭਾਵ ਇੰਨਾ ਰਿਹਾ ਹੈ ਕਿ ਭਾਰਤੀ ਧਰਮ ਦਰਸ਼ਨ ਦੀ ਕੋਈ ਵੀ ਵਿਚਾਰਧਾਰਾ ਅਜਿਹੀ ਨਹੀਂ ਜੋ ਭਗਤੀ ਤੋਂ ਪ੍ਰਭਾਵਿਤ ਨਾ ਹੋਵੇ। ਭਗਤੀ ਦੇ ਪ੍ਰਭਾਵ ਅਧੀਨ ਬਹੁਤ ਸਾਰੇ ਭਗਤ ਅਤੇ ਭਗਤੀ ਅਚਾਰਯ ਪੈਦਾ ਹੋਏ ਜਿਹਨਾਂ ਨੇ ਆਪਣੇ ਵਿਚਾਰਾਂ ਨਾਲ ਮਨੁੱਖ ਜਾਤੀ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਇਆ। ਇਸ ਨਾਲ ਸਬੰਧਤ ਕਈ ਸੰਪਰਦਾਵਾਂ ਹੋਂਦ ਵਿੱਚ ਆਈਆਂ ਸਨ। ਇਸ ਪਾਠ ਵਿੱਚ ਭਗਤੀ ਪਰੰਪਰਾ ਦੇ ਪਿਛੋਕੜ ਤੇ ਵਿਕਾਸ ਦੀ ਗੱਲ ਕਰਦੇ ਹੋਏ ਸਮੁੱਚੀ ਭਗਤੀ ਪਰੰਪਰਾ ਤੇ ਖਾਸ ਕਰਕੇ ਚੌਦ੍ਹਵੀਂ ਸਦੀ ਦੀ ਭਗਤੀ ਪਰੰਪਰਾ ਤੇ ਇੱਕ ਝਾਤ ਪੁਆਈ ਗਈ ਹੈ। ਭਾਰਤ ਵਿੱਚ ਭਗਤੀ ਪਰੰਪਰਾ ਇੰਨੀ ਪ੍ਰਬਲ ਹੋਈ ਕਿ ਦੇਸ਼ ਦਾ ਕੋਈ ਕੋਨਾ ਵੀ ਇਸਦੀ ਵਿਚਾਰਧਾਰਾ ਤੋਂ ਬਾਹਰ ਨਾ ਰਹਿ ਸਕਿਆ।

ਭਗਤੀ ਦੇ ਬੀਜ ਬਹੁਤ ਪੁਰਾਣੇ ਸਮੇਂ ਤੋਂ ਪ੍ਰਾਪਤ ਹੁੰਦੇ ਹਨ। ਵੇਦਾਂ ਤੋਂ ਪਹਿਲਾਂ ਭਗਤੀ, ਫਿਰ ਵੇਦਾਂ ਵਿੱਚ ਭਗਤੀ, ਉਪਨਿਸ਼ਦਾਂ ਵਿੱਚ ਭਗਤੀ, ਨਾਰਦ ਸੂਤਰਾਂ ਵਿੱਚ ਭਗਤੀ, ਸ਼ਾਂਡਿਲਯ ਸੂਤਰਾਂ ਵਿੱਚ ਭਗਤੀ, ਗੀਤਾ ਵਿੱਚ ਭਗਤੀ ਦੀ ਸੰਪੂਰਣ ਵਿਆਖਿਆ ਕੀਤੀ ਗਈ ਹੈ। ਇਸ ਤਰ੍ਹਾਂ ਭਗਤੀ ਦਾ ਮੁੱਢਲਾ ਵਿਕਾਸ ਇਸ ਸਮੇਂ ਦੌਰਾਨ ਹੋਇਆ ਤੇ ਦੂਜੇ ਪੜਾਅ ਵਿੱਚ ਦੱਖਣੀ ਭਾਰਤ ਦੇ ਭਗਤ ਆਉਂਦੇ ਹਨ। ਪੰਡਿਤ ਬਲਦੇਵ ਉਪਾਧਿਆਇ ਭਾਗਵਤ ਸੰਪਰਦਾਇ ਪੰਨਾ 91 ਤੇ ਭਗਤੀ ਦੇ ਸਾਧਨਾਂ ਦੇ ਵਿਕਾਸ ਨੂੰ ਤਿੰਨ ਯੁਗਾਂ ਵਿੱਚ ਵੰਡਦੇ ਹਨ:-

(1) ਪਹਿਲਾ ਉਥਾਨ 1500 ਈ. ਪੂ. ਤੋਂ 500 ਈ.
(2) ਦੂਜਾ 500 ਈ. ਤੋਂ 1400 ਈ.
(3) ਤੀਜਾ 1400 ਈ. ਤੋਂ 1900 ਈ.

ਇਸ ਤਰ੍ਹਾਂ ਭਗਤੀ ਦੀ ਪ੍ਰਕ੍ਰਿਆ ਲਗਭਗ ਸਾਢੇ ਤਿੰਨ ਹਜ਼ਾਰ ਸਾਲ ਚਲਦੀ ਰਹੀ। ਭਗਤੀ ਅੰਦੋਲਨ ਦੇ ਵਿਕਾਸ ਵਿੱਚ ਦੱਖਣ ਦੇ ਵੈਸ਼ਣਵ ਅਲਵਾਰਾਂ, ਸ਼ੈਵ ਆਡਿਆਰਾਂ ਅਤੇ ਭਗਤੀ ਦੇ ਅਚਾਰੀਆਂ ਦੀ ਮਹੱਤਵਪੂਰਣ ਦੇਣ ਹੈ। ਭਾਰਤ ਦੇ ਇਤਿਹਾਸ ਵਿੱਚ ਹਰਸ਼ਵਰਧਨ ਤੋਂ ਪਿੱਛੋਂ ਅਜਿਹਾ ਕੋਈ ਸਮਰਾਟ ਪੈਦਾ ਨਹੀਂ ਹੋਇਆ ਜੋ ਸਾਰੇ ਦੇਸ਼ ਨੂੰ ਇਕਮੁੱਠ ਕਰ ਸਕੇ। ਇਸ ਕਾਰਨ ਭਾਰਤ ਅਨੇਕ ਛੋਟੇ-ਛੋਟੇ ਰਾਜਾਂ ਵਿੱਚ ਵੰਡਿਆ ਗਿਆ ਤੇ ਇਹ ਛੋਟੀਆਂ ਛੋਟੀਆਂ ਰਿਆਸਤਾਂ ਵੀ ਆਪਸ ਵਿੱਚ ਲੜਦੀਆਂ ਰਹਿੰਦੀਆਂ ਸਨ। ਇਸ ਸਮੇਂ ਜਿੱਥੇ ਭਾਰਤ ਦਾ ਰਾਜਨੀਤਿਕ ਤੌਰ ਤੇ ਵਿਘਟਨ ਹੋਇਆ, ਉੱਥੇ ਸਮਾਜਿਕ ਤੌਰ ਤੇ ਵੀ ਢਹਿੰਦੀਆਂ ਕਲਾਂ ਵੱਲ ਜਾਣ ਲੱਗਾ ਤੇ ਉੱਤਰੀ ਭਾਰਤ ਵਿੱਚ ਧਾਰਮਿਕ ਸੰਸਥਾਵਾਂ ਲਈ ਕੋਈ ਸਹਾਰਾ ਨਾ ਰਿਹਾ ।

ਈਸਾ ਦੀ ਚੌਥੀ ਸਦੀ ਤੋਂ ਲੈ ਕੇ ਛੇਵੀਂ ਸਦੀ ਦੇ ਅੱਧ ਤੱਕ ਗੁਪਤ ਸਾਮਰਾਜ ਨੇ ਵੈਸ਼ਨਵ ਭਗਤੀ ਅਤੇ ਭਾਗਵਤ ਧਰਮ ਦੇ ਪ੍ਰਚਾਰ ਲਈ ਆਪਣੀ ਵਡਮੁੱਲੀ ਦੇਣ ਦਿੱਤੀ। ਪਰ ਇਸ ਸੁਨਹਿਰੀ ਯੁਗ ਦਾ ਅੰਤ ਹੁੰਦਿਆਂ ਹੀ ਉੱਤਰੀ ਭਾਰਤ ਵਿੱਚ ਸ਼ੈਵ ਅਤੇ ਬੁੱਧ ਮੱਤ ਦੀ ਪ੍ਰਬਲਤਾ ਹੋ ਗਈ। ਉੱਤਰੀ ਭਾਰਤ ਦੇ ਪ੍ਰਤਾਪੀ ਸਮਰਾਟ ਹਰਸ਼ ਵਰਧਨ ਨੇ ਵੀ ਭਾਗਵਤ ਧਰਮ ਵੱਲ ਕੋਈ ਵਿਸ਼ੇਸ਼ ਧਿਆਨ ਨਾ ਦਿੱਤਾ ਜਿਸ ਕਾਰਨ ਇਹ ਧਰਮ ਸਾਹ ਸਤ ਹੀਣ ਹੋਣ ਲੱਗਾ। ਪਰ ਇਸ ਦੇ ਮੁਕਾਬਲੇ ਦੱਖਣ ਵਿੱਚ ਇਸ ਨੂੰ ਵਿਕਸਤ ਹੋਣ ਲਈ ਪੂਰੇ ਅਵਸਰ ਪ੍ਰਾਪਤ ਸਨ। ਇਸ ਕਾਰਨ ਅੱਠਵੀਂ ਸਦੀ ਤੋਂ ਲੈ ਕੇ ਪੰਦਰਵੀਂ ਸਦੀ ਤੱਕ ਦੱਖਣੀ ਭਾਰਤ, ਧਾਰਮਿਕ ਭਾਵਨਾਵਾਂ ਦਾ ਕੇਂਦਰ ਬਣਿਆ ਰਿਹਾ। ਰਾਜਨੀਤਿਕ ਅਤੇ ਸਮਾਜਿਕ ਤਬਦੀਲੀ ਦੇ ਫਲਸਰੂਪ ਭਗਤੀ ਦੀ ਜੋ ਧਾਰਾ ਦੱਖਣ ਵਿੱਚ ਪ੍ਰਵਾਹਿਤ ਹੋ ਰਹੀ ਸੀ, ਉਹ ਦੱਖਣੀ ਭਾਰਤ ਦੇ ਅਚਾਰੀਆਂ ਦੁਆਰਾ ਉੱਤਰੀ ਭਾਰਤ ਪੁੱਜੀ। ਉੱਤਰੀ ਭਾਰਤ ਦੇ ਰਾਜਿਆਂ ਦਾ ਇਸਲਾਮ ਨਾਲ ਟਾਕਰਾ ਹੁੰਦਾ ਸੀ। ਇਸ ਦੇ ਮੁਕਾਬਲੇ ਵਿੱਚ ਦੱਖਣ ਦੇ ਚੋਲ ਤੇ ਵਿਜੈ ਨਗਰ ਦੇ ਰਾਜ ਪੂਰਨ ਤੌਰ ਤੇ ਸ਼ਕਤੀਸ਼ਾਲੀ ਸਨ। ਇਸ ਲਈ ਦੱਖਣ ਵਿੱਚ ਵੈਸ਼ਣਵ ਧਰਮ ਦੇ ਵਿਕਾਸ ਲਈ ਮਹੱਤਵਪੂਰਨ ਸਹੂਲਤਾਂ ਪ੍ਰਾਪਤ ਹੋ ਗਈਆਂ ਸਨ। ਇਸੇ ਕਾਰਨ ਅੱਠਵੀਂ, ਨੌਵੀਂ ਸਦੀ ਵਿੱਚ ਤਾਂ ਦੱਖਣ ਵਿੱਚ ਭਗਤੀ ਅੰਦੋਲਨ ਪੂਰਨ ਰੂਪ ਵਿੱਚ ਪ੍ਰਚਲਿਤ ਹੋ ਚੁੱਕਾ ਸੀ ਤੇ ਸ਼ੈਵ ਅਤੇ ਵੈਸ਼ਣਵ ਭਗਤਾਂ ਨੇ ਜੈਨ ਧਰਮ ਤੇ ਬੁੱਧ ਧਰਮ ਦੇ ਪੈਰ ਨਾ ਲੱਗਣ ਦਿੱਤੇ। ਦੱਖਣ ਦੇ ਭਗਤੀ ਅੰਦੋਲਨ ਵਿੱਚ 12 ਵੈਸ਼ਣਵ ਅਲਵਾਰਾਂ ਦਾ ਵਿਸ਼ੇਸ਼ ਯੋਗਦਾਨ ਹੈ। ਉਹਨਾਂ ਦਾ ਲਗਭਗ ਚਾਰ ਹਜ਼ਾਰ ਪਦਿਆਂ ਵਿੱਚ ਲਿਖਿਆ ਗ੍ਰੰਥ (ਪ੍ਰਬੰਧਮ) ਜਿਸ ਨੂੰ ਤਾਮਿਲ ਵੇਦ ਵੀ ਕਿਹਾ ਜਾਂਦਾ ਹੈ ਭਗਤੀ ਦਾ ਇੱਕ ਅਮੁੱਲ ਖਜ਼ਾਨਾ ਹੈ।

ਮਧਯੁਗ ਦੀ ਭਗਤੀ ਪਰੰਪਰਾ ਦਾ ਦਾਰਸ਼ਨਿਕ ਅਧਾਰ ਭਾਵੇਂ ਭਗਤੀ ਦੇ ਅਚਾਰੀਆਂ ਨੇ ਹੀ ਦਿੱਤਾ ਪਰ ਉਹ ਅਲਵਾਰਾਂ ਦੀ

ਵਿਚਾਰਧਾਰਾ ਤੋਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕੇ। ਅਲਵਾਰਾਂ ਦਾ ਸਭ ਤੋਂ ਵੱਧ ਪ੍ਰਭਾਵ ਰਾਮਾਨੁਜ ਦੇ 'ਵਿਸ਼ਿਸ਼ਿਟ ਅਦਵੈਤ' ਉੱਪਰ ਦੇਖਿਆ ਜਾ ਸਕਦਾ ਹੈ। ਉੱਤਰੀ ਭਾਰਤ ਵਿੱਚ ਜੋ ਭਗਤੀ ਅੰਦੋਲਨ 14ਵੀਂ, 15ਵੀਂ ਸਦੀ ਵਿੱਚ ਪ੍ਰਚਲਿਤ ਹੋਇਆ ਅਤੇ ਜਿਸ ਨੂੰ ਦਾਰਸ਼ਨਿਕ ਆਧਾਰ ਇਸ ਤੋਂ ਪਹਿਲਾਂ ਭਗਤੀ ਦੇ ਆਚਾਰੀਆਂ ਨੇ ਦਿੱਤਾ, ਉਸ ਦੀ ਨੀਂਹ ਛੇਵੀਂ ਸਦੀ ਈਸਵੀ ਤੋਂ ਨੌਵੀਂ ਸਦੀ ਈਸਵੀ ਤੱਕ ਦੱਖਣ ਦੇ ਇਹਨਾਂ ਬਾਰਾਂ ਵੈਸ਼ਣਵ ਅਲਵਾਰ ਭਗਤਾਂ ਨੇ ਇੰਨੀ ਦ੍ਰਿੜਤਾ ਨਾਲ ਰੱਖੀ ਕਿ ਇਸ ਅੰਦੋਲਨ ਦਾ ਪ੍ਰਭਾਵ ਆਧੁਨਿਕ ਯੁਗ ਤੱਕ ਚਲਿਆ ਆਇਆ ਹੈ।

11ਵੀਂ ਸਦੀ ਤੋਂ ਲੈ ਕੇ 16ਵੀਂ ਸਦੀ ਤੱਕ ਭਗਤੀ ਦੇ ਖੇਤਰ ਵਿੱਚ ਕਈ ਮਹਾਨ ਅਚਾਰੀਆ ਹੋਏ। ਇਸ ਕਰਕੇ ਇਸ ਯੁੱਗ ਨੂੰ ਭਗਤੀ ਦੇ ਖੇਤਰ ਵਿੱਚ ਅਚਾਰੀਆ ਯੁੱਗ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਜਿਵੇਂ ਰਾਮਾਨੁਜ ਆਚਾਰੀਆ 1017-1137 ਈ:, ਮਾਧਵਾਚਾਰੀਆ 1199-1303 ਈ:, ਵਿਸ਼ਨੂ ਸੁਆਮੀ 12ਵੀਂ ਸਦੀ, ਨਿੰਬਾਰਕਾਚਾਰੀਆ 1162 ਤੋਂ ਤੇਰਵੀਂ ਸਦੀ, ਇਸ ਤੋਂ ਪਿੱਛੋਂ ਰਾਮਾਨੰਦ, ਵੱਲਭਾਚਾਰਯ, ਕਿਸ਼ਣ ਚੈਤਨਯ, ਹਿਤ ਹਰਿਵੰਸ ਸੁਆਮੀ ਹਰਿਦਾਸ ਆਦਿ ਨੂੰ ਆਚਾਰੀਆ ਵਰਗ ਵਿੱਚ ਰੱਖਿਆ ਜਾਂਦਾ ਹੈ ਤੇ ਇਹਨਾਂ ਦਾ ਸਮਾਂ 16ਵੀਂ ਸਦੀ ਤੱਕ ਮੰਨਿਆ ਜਾਂਦਾ ਹੈ। ਰਾਮਾਨੁਜ, ਮਾਧਵ, ਵਿਸ਼ਨੂ ਸੁਆਮੀ ਤੇ ਨਿੰਬਾਰਕਾਚਾਰੀਆ ਨੇ ਕਰਮਵਾਰ, ਵਿਸ਼ਿਸ਼ਟਾਦਵੈਤਵਾਦ, ਦਵੈਤਵਾਦ, ਸੁਧਾਦਵੈਤਵਾਦ ਅਤੇ ਦਵੈਤਾ ਦਵੈਤਾਵਾਦ ਆਦਿ ਇਹਨਾਂ ਚਾਰ ਸਿਧਾਂਤਾਂ ਦਾ ਪ੍ਰਤਿਪਾਦਨ ਕੀਤਾ, ਪਿੱਛੋਂ ਇਹਨਾਂ ਵਿੱਚੋਂ ਭਗਤੀ ਸਿਧਾਂਤ ਅਤੇ ਪੂਜਾ ਵਿਧੀਆਂ ਦੇ ਆਧਾਰ ਤੇ ਅਨੇਕਾਂ ਸੰਪਰਦਾਵਾਂ ਪ੍ਰਚਲਤ ਹੋਈਆਂ, ਜਿਹੜੀਆਂ ਆਚਾਰ ਵਿਵਹਾਰ ਤੋਂ ਵੱਖੋ-ਵੱਖਰਾ ਦ੍ਰਿਸ਼ਟੀਕੋਣ ਰੱਖਣ ਵਾਲੀਆਂ ਸਨ। ਇਹਨਾਂ ਵਿੱਚੋਂ ਰਾਮ ਭਗਤੀ ਦੀ ਰਸਿਕ ਸੰਪਰਦਾਇ, ਵਲਭਾਚਾਰੀਆ ਦੀ ਪੁਸ਼ਟੀ ਸੰਪਰਦਾਇ, ਚੈਤੰਨਯ ਦੀ ਗੌਡੀਯ ਸੰਪਰਦਾਇ, ਹਿਤ ਹਰਿਵੰਸ਼ ਦਾ ਰਾਧਾ ਵੱਲਭੀਯ ਸੰਪਰਦਾਇ, ਹਰਿਦਾਸ ਦੀ ਹਰਿਦਾਸ ਸੰਪਰਦਾਇ ਆਦਿ ਵਿਸ਼ੇਸ਼ ਉਲੇਖਯੋਗ ਹਨ।

ਜਿੱਥੇ ਇੱਕ ਪਾਸੇ ਦੱਖਣ ਦੇ ਵੈਸ਼ਨਵ ਅਲਵਾਰ ਭਗਤਾਂ ਨੇ ਸ਼ੈਵ ਆਡਿਆਰਾਂ, ਜੈਨ ਧਰਮ ਤੇ ਬੁੱਧ ਧਰਮ ਦੇ ਪ੍ਰਭਾਵ ਨੂੰ ਖਤਮ ਕਰਨ ਦਾ ਯਤਨ ਕੀਤਾ ਦੂਜੇ ਪਾਸੇ ਇਹੀ ਕੰਮ ਸ਼ੰਕਰਾਚਾਰੀਆ ਨੇ ਕੀਤਾ ਤੇ ਨਾਲ ਹੀ ਆਪਣੇ ਅਦਵੈਤਵਾਦ ਦੇ ਸਿਧਾਂਤ ਨੂੰ ਪੇਸ਼ ਕੀਤਾ, ਜਿਸ ਅਨੁਸਾਰ ਬ੍ਰਹਮ ਸਤਿ ਹੈ, ਜਗਤ ਮਿਥਿਆ ਹੈ। ਜੀਵ ਬ੍ਰਹਮ ਹੀ ਹੈ, ਅਰਥਾਤ ਬ੍ਰਹਮ ਜੀਵ ਤੋਂ ਕਿਸੇ ਤਰ੍ਹਾਂ ਵੀ ਭਿੰਨ ਨਹੀਂ ਹੈ ਜਦੋਂ ਕਿ ਭਗਤੀ ਵਿੱਚ ਜੀਵ ਅਤੇ ਬ੍ਰਹਮ ਦੋਹਾਂ ਦਾ ਵੱਖੋ ਵੱਖਰਾ ਹੋਣਾ ਜਰੂਰੀ ਹੈ। ਜਿਸ ਕਰਕੇ ਜੀਵ (ਭਗਤ) ਕਿਸੇ ਬ੍ਰਹਮ (ਭਗਵਾਨ) ਦੀ ਭਗਤੀ ਕਰੇ। ਸ਼ੰਕਰ ਦੇ ਇਸ ਅਦਵੈਤਵਾਦ ਦੇ ਪ੍ਰਤਿਕਰਮ ਵਜੋਂ ਚਾਰ ਭਗਤੀ ਸੰਪਰਦਾਵਾਂ ਦਾ ਜਨਮ ਹੋਇਆ ਜਿਹਨਾਂ ਨੇ ਭਗਤੀ ਅੰਦੋਲਨ ਦੀ ਰੂਪ-ਰੇਖਾ ਉਘਾੜਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ । ਇਹ ਚਾਰ ਸੰਪਰਦਾਵਾਂ ਹਨ:

(1) ਰਾਮਾਨੁਜ ਦੀ ਸੰਪਰਦਾਇ
(2) ਮਾਧਵਾਚਾਰੀਆ ਦੀ ਸੰਪਰਦਾਇ
(3) ਨਿੰਮਬਾਰਕ ਦੀ ਸੰਪਰਦਾਇ
(4) ਵਿਸ਼ਨੂ ਸੁਆਮੀ ਦੀ ਰੁਦਰ ਸੰਪਰਦਾਇ

ਇਹਨਾਂ ਸਾਰੀਆਂ ਸੰਪਰਦਾਵਾਂ ਨੇ ਮਾਇਆਵਾਦ ਦਾ ਵਿਰੋਧ ਕੀਤਾ ਅਤੇ ਅਵਤਾਰਵਾਦ ਦੀ ਪ੍ਰੋੜਤਾ ਕੀਤੀ। ਸ਼ੰਕਰ ਨੇ ਜਿੱਥੇ ਬਹੁਤਾ ਜ਼ੋਰ ਗਿਆਨ ਮਾਰਗ ਤੇ ਦਿੱਤਾ ਉੱਥੇ ਦੂਜੀਆਂ ਸੰਪਰਦਾਵਾਂ ਨੇ ਵੀ ਬਹੁਤਾ ਜ਼ੋਰ ਭਗਤੀ ਮਾਰਗ ਤੇ ਦਿੱਤਾ। ਇਸ ਸਮੇਂ ਦੇ ਪ੍ਰਸਿੱਧ ਅਚਾਰੀਆਂ ਵਿੱਚੋਂ ਰਾਮਾਨੁਜ ਦਾ ਵਿਸ਼ਿਸ਼ਟ ਅਦਵੈਤ, ਸ਼ੰਕਰ ਦੇ ਅਦਵੈਤਵਾਦ ਦੇ ਪ੍ਰਤਿਕਰਮ ਵਜੋਂ ਉਪਜਿਆ। ਇਸ ਲਈ ਇਸ ਵਿੱਚ ਸ਼ੰਕਰ ਦੇ ਮਾਇਆ ਅਤੇ ਮਿਥਿਆਵਾਦ ਦੀ ਵਿਰੋਧਤਾ ਕੀਤੀ ਗਈ। ਰਾਮਾਨੁਜ ਅਨੁਸਾਰ ਜਿਸ ਤਰ੍ਹਾਂ ਆਤਮਾ ਸਰੀਰ ਦਾ ਨਿਯੰਤਰਣ ਕਰਦੀ ਹੈ, ਉਸੇ ਤਰ੍ਹਾਂ ਈਸ਼ਵਰ, ਚਿੱਤ (ਜੀਵ) ਅਤੇ ਅਚਿੱਤ (ਜਗਤ) ਦਾ ਪ੍ਰਬੰਧ ਕਰਦਾ ਹੈ। ਜੀਵ ਅਤੇ ਜਗਤ ਇੱਕ ਦੂਜੇ ਤੋਂ ਵੱਖ ਨਹੀਂ ਕੀਤੇ ਜਾ ਸਕਦੇ। ਇਸ ਨੂੰ ਵਿਸ਼ਿਸ਼ਟਾਦਵੈਤ ਵੀ ਆਖਦੇ ਹਨ। ਵਿਸ਼ਿਸ਼ਟਾਦਵੈਤ ਮਤ ਅਨੁਸਾਰ ਜਗਤ ਮਿਥਿਆ ਨਹੀਂ, ਸਤਿ ਹੈ। ਉਸ ਦੀ ਉਤਪੱਤੀ ਦਾ ਕਾਰਨ ਈਸ਼ਵਰ ਆਪ ਹੈ। ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਜਗਤ ਸਤੋ, ਰਜੋ ਅਤੇ ਤਮੋ ਗੁਣਾਂ ਵਾਲੀ ਪ੍ਰਕ੍ਰਿਤੀ ਦੇ ਰੂਪ ਵਿੱਚ ਬ੍ਰਹਮ ਦੇ ਅੰਦਰ ਹੀ ਸਥਿਤ ਮੰਨਿਆ ਜਾਂਦਾ ਹੈ। ਇਹ ਬ੍ਰਹਿਮੰਡ ਉਸੇ ਸਰਬ ਸ਼ਕਤੀਮਾਨ ਦੀ ਉਪਜ ਹੈ ਤੇ ਨਿਯਤ ਸਮੇਂ ਤੇ ਇਹ ਇਸੇ ਵਿੱਚ ਸਮਾਅ ਜਾਵੇਗਾ। ਰਾਮਾਨੁਜ ਅਨੁਸਾਰ ਜਗਤ ਰਚਨਾ ਦਾ ਪ੍ਰਯੋਜਨ ਕੇਵਲ ਭਗਵਾਨ ਦੀ ਲੀਲਾ ਹੈ। ਈਸ਼ਵਰ ਜਗਤ ਦੀ ਰਚਨਾ ਮਾਇਆ ਕਾਰਨ ਹੀ ਕਰਦਾ ਹੈ ਤੇ ਮਾਇਆ ਰਜੋ, ਸਤੋ ਤੇ ਤਮੋ ਗੁਣਾਂ ਤੋਂ ਬਣੀ ਹੈ। ਰਾਮਾਨੁਜ ਅਨੁਸਾਰ ਜਦੋਂ ਜੀਵ ਅਤੇ ਬ੍ਰਹਮ ਇੱਕ ਹੋ ਜਾਣ ਤਾਂ ਹੀ ਮੁਕਤੀ ਪ੍ਰਾਪਤ ਹੁੰਦੀ ਹੈ।

**ਮਾਧਵਾਚਾਰੀਆ :-**

ਦਵੈਤਵਾਦ ਅਨੁਸਾਰ ਜਗਤ ਵਿੱਚ ਭੇਦ ਦੀ ਹੋਂਦ ਸੁਭਾਵਿਕ ਹੈ। ਭੇਦ ਦੀ ਸੁਭਾਵਿਕਤਾ ਨੂੰ ਸਵੀਕਾਰ ਕੀਤੇ ਬਿਨ੍ਹਾਂ ਜਗਤ ਦਾ ਵਿਵਹਾਰ ਚਲਣਾ ਅਸੰਭਵ ਹੈ। ਦਵੈਤਵਾਦ ਵਿੱਚ ਦੋ ਮੂਲ ਤੱਤ ਮੰਨੇ ਜਾਂਦੇ ਹਨ। ਸੁਤੰਤਰ ਅਤੇ ਪਰਤੰਤਰ, ਜੀਵ ਅਤੇ ਜੜ੍ਹ-ਜਗਤ ਪਰਤੰਤਰ

ਹਨ ਅਤੇ ਭਗਵਾਨ ਸੁਤੰਤਰ ਹੈ। ਮਾਧਵਾਚਾਰੀਆ ਅਨੁਸਾਰ ਜਦ ਤੱਕ ਕਿਸੇ ਨੂੰ ਇਹਨਾਂ ਭੇਦਾਂ ਦਾ ਪੂਰਾ ਗਿਆਨ ਨਹੀਂ ਹੁੰਦਾ ਮੁਕਤ ਨਹੀਂ ਹੋ ਸਕਦਾ। ਦਵੈਤਵਾਦ ਅਨੁਸਾਰ ਨਿਰਗੁਣ ਬ੍ਰਹਮ ਮਿਥਿਆ ਹੈ। ਬ੍ਰਹਮ ਤਾਂ ਸਗੁਣ ਹੈ ਜੋ ਅਨੰਤ ਗੁਣਾਂ ਦਾ ਭੰਡਾਰ ਹੈ। ਵਿਸ਼ਨੂੰ ਨੂੰ ਇਸ ਮਤ ਅਨੁਸਾਰ ਪਰਮਾਤਮਾ ਮੰਨਿਆ ਗਿਆ ਹੈ। ਭਗਵਾਨ ਹੀ ਉਤਪੱਤੀ, ਪਾਲਨਾ, ਸਥਿਤੀ, ਸੰਘਾਰ ਤੇ ਮੋਖ ਆਦਿ ਦਾ ਕਰਤਾ ਹੈ। ਸ਼ੰਕਰ ਅਤੇ ਰਾਮਾਨੁਜ ਵਾਂਗ ਮਾਧਵਾਚਾਰੀਆਂ ਨੇ ਵੀ ਮੱਠਾਂ ਦੀ ਸਥਾਪਨਾ ਕੀਤੀ ਅਤੇ ਸੰਨਿਆਸੀਆਂ ਦਾ ਸੰਗਠਨ ਕੀਤਾ। ਇਨ੍ਹਾਂ ਸੰਨਿਆਸੀਆਂ ਰਾਹੀਂ ਮਾਧਵਾਚਾਰੀਆਂ ਦੇ ਮਤ ਦਾ ਪ੍ਰਚਾਰ ਦੇਸ਼ ਦੇ ਕੋਨੇ ਕੋਨੇ ਵਿੱਚ ਹੋਇਆ। ਗੋੜੀ ਵੈਸ਼ਨਵ ਸੰਪਰਦਾ ਦੇ ਪਰਵਰਤਕ ਚੈਤਨਯਦੇਵ ਇਸ ਮਾਧਵ ਸੰਪਰਦਾ ਦੀ ਅਠਾਰਵੀਂ ਪੀੜ੍ਹੀ ਤੇ ਹੋਏ ਦੱਸੇ ਜਾਂਦੇ ਹਨ।

**ਨਿੰਬਾਰਕ ਆਚਾਰੀਆ :-**

ਨਿੰਬਾਰਕਚਾਰੀਆਂ ਦਵੈਤਾਦਵੈਤਵਾਦੀ ਸੰਪਰਦਾਇ ਦੇ ਪਰਵਰਤਕ ਸਨ। ਇਸ ਮਤ ਅਨੁਸਾਰ ਜੀਵ ਜਗਤ ਅਤੇ ਬ੍ਰਹਮ ਵਿੱਚ ਦਵੈਤ ਵੀ ਹੈ ਅਤੇ ਅਦਵੈਤ ਵੀ। ਇਸ ਲਈ ਇਸ ਨੂੰ ਦਵੈਤ (ਭਿੰਨਤਾ ਮੰਨਣ ਵਾਲਾ ਮਤ) ਅਤੇ ਅਦਵੈਤ (ਅਭਿੰਨਤਾ ਮੰਨਣ ਵਾਲਾ ਮਤ) ਦੋਹਾਂ ਦੇ ਮੇਲ ਦਾ ਨਾਮ ਦਿੱਤਾ ਗਿਆ ਹੈ।

ਦਵੈਤਾਦਵੈਤ ਅਨੁਸਾਰ ਬ੍ਰਹਮ ਜਗਤ ਦੀ ਉਤਪਤੀ ਦਾ ਕਾਰਨ ਹੈ। ਮੱਕੜੀ ਦੇ ਜਾਲ ਵਾਂਗੂੰ ਸ੍ਰਿਸ਼ਟੀ ਈਸ਼ਵਰ ਤੋਂ ਹੀ ਉਤਪੰਨ ਹੁੰਦੀ ਹੈ। ਨਿੰਬਾਰਕਚਾਰੀਆ ਮੱਤ ਵਿੱਚ ਸ੍ਰੀ ਕ੍ਰਿਸ਼ਨ ਨੂੰ ਪਾਰਬ੍ਰਹਮ ਮੰਨਿਆ ਗਿਆ ਹੈ। ਇਹੀ ਸ੍ਰਿਸ਼ਟੀ-ਪਾਲਕ ਅਤੇ ਸੰਘਾਰਕ ਹੈ। ਇਹੀ ਮੋਕਸ਼ ਦਾ ਕਾਰਨ, ਸਰਵ ਵਿਆਪੀ, ਪਰਮਸਤ ਹੈ। ਇਹੀ ਸਗੁਣ ਈਸ਼ਵਰ ਹੈ। ਇਸ ਮੱਤ ਵਿੱਚ ਕ੍ਰਿਸ਼ਨ ਦੇ ਨਾਲ-ਨਾਲ ਰਾਧਾ ਦੀ ਉਪਾਸਨਾ ਉੱਤੇ ਜ਼ੋਰ ਦਿੱਤਾ ਗਿਆ ਹੈ। ਰਾਧਾ ਸ੍ਰੀ ਕ੍ਰਿਸ਼ਨ ਦੀ ਵਿਸ਼ੇਸ਼ ਸ਼ਕਤੀ ਹੈ। ਦਵੈਤਾਦਵੈਤ ਮਤ ਅਨੁਸਾਰ ਬ੍ਰਹਮ (ਸ੍ਰੀ ਕ੍ਰਿਸ਼ਨ) ਦੀ ਪ੍ਰਾਪਤੀ ਦਾ ਸਾਧਨ ਭਗਤੀ ਹੈ ਅਤੇ ਭਗਤੀ ਨੂੰ ਪ੍ਰਾਪਤ ਕਰਨ ਦਾ ਪ੍ਰਮੁੱਖ ਸਾਧਨ ਪ੍ਰਾਪੱਤੀ ਹੈ। ਪ੍ਰਾਪੱਤੀ ਦੁਆਰਾ ਹੀ ਜੀਵ ਨੂੰ ਈਸ਼ਵਰੀ ਕਿਰਪਾ ਹੁੰਦੀ ਹੈ। ਜੀਵ ਦਾ ਕਲਿਆਣ ਤੱਦ ਤੱਕ ਨਹੀਂ ਹੋ ਸਕਦਾ ਜਦ ਤੱਕ ਉਹ ਭਗਵਾਨ ਦੀ ਸ਼ਰਣ ਵਿੱਚ ਨਹੀਂ ਆਉਂਦਾ, ਬ੍ਰਹਮ ਨਾਲ ਇੱਕ ਹੀ ਨਹੀਂ ਹੁੰਦਾ ਸਗੋਂ ਬ੍ਰਹਮ ਸਮਾਨ ਹੋ ਜਾਣ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ। ਨਿੰਬਾਰਕਚਾਰੀਆਂ ਤੋਂ ਹਰੀਦਾਸੀ ਤੇ ਰਾਧਾਵਲਤੀ ਮੱਤਾਂ ਦੀ ਉਤਪੱਤੀ ਹੋਈ ।

**ਵਿਸ਼ਣੂ ਸੁਆਮੀ :-**

ਵਿਸ਼ਣੂ ਸੁਆਮੀ ਰੁਦਰ ਸੰਪਰਦਾਇ ਦੇ ਪਰਵਰਤਕ ਸਨ। ਵਿਸ਼ਣੂ ਸੁਆਮੀ ਅਤੇ ਉਸ ਦੀ ਸੰਪਰਦਾਇ ਸਬੰਧੀ ਅਜੇ ਪੂਰੀ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਸਵਰਗਯ ਸੂਕਤ ਨਾਮੀ ਗ੍ਰੰਥ ਨੂੰ ਉਹਨਾਂ ਦੇ ਦਾਰਸ਼ਨਿਕ ਸਿਧਾਂਤਾਂ ਦਾ ਸਰਵਸ੍ਰੇਸ਼ਟ ਆਧਾਰ ਮੰਨਿਆ ਜਾਂਦਾ ਹੈ। ਇਸ ਉਪਰ ਸ੍ਰੀਧਰ ਦੇ ਲਿਖੇ ਟੀਕੇ ਦੁਆਰਾ ਇਸ ਸੰਪਰਦਾਇ ਦੇ ਸਰੂਪ ਬਾਰੇ ਕੁਝ ਸਪੱਸ਼ਟੀਕਰਨ ਹੁੰਦਾ ਹੈ।

ਵਿਸ਼ਣੂ ਸੁਆਮੀ ਦੇ ਮੱਤ ਅਨੁਸਾਰ ਈਸ਼ਵਰ ਸੱਚਿਦਾਨੰਦ ਸਰੂਪ ਹੈ। ਮਾਇਆ ਈਸ਼ਵਰ ਦੇ ਅਧੀਨ ਹੈ। ਜੀਵ ਆਪਣੀ ਅਵਿੱਦਿਆ ਕਾਰਨ ਕਲੇਸ਼ਾਂ ਦਾ ਸ਼ਿਕਾਰ ਹੁੰਦਾ ਹੈ। ਇਸ ਤਰ੍ਹਾਂ ਜੀਵ ਅਤੇ ਈਸ਼ਵਰ ਵਿਚਕਾਰ ਭੇਦ ਹੈ। ਵਿਸ਼ਣੂ ਸੁਆਮੀ ਅਨੁਸਾਰ ਪਹਿਲਾਂ ਕੇਵਲ ਇੱਕ ਬ੍ਰਹਮ ਸੀ। ਸਵੈ ਇੱਛਾ ਨਾਲ ਉਹ ਜਗਤ ਵਿੱਚ ਪਰਿਵਰਤਿਤ ਹੋ ਗਿਆ। ਆਪ ਹੀ ਉਹ ਇਸ ਜਗਤ ਦਾ ਨਿਯੰਤਰਣ ਕਰਦਾ ਹੈ। ਜਿਵੇਂ ਅੱਗ ਵਿੱਚੋਂ ਚੰਗਿਆੜੀਆਂ ਉਤਪੰਨ ਹੁੰਦੀਆਂ ਹਨ ਇਸ ਤਰ੍ਹਾਂ ਬ੍ਰਹਮ ਵਿੱਚੋਂ ਜੀਵ ਨਿਕਲੇ ।

**ਗਿਆਨੇਸ਼ਵਰ :-**

ਗਿਆਨੇਸ਼ਵਰ ਵਾਰਕਰੀ ਸੰਪਰਦਾਇ ਦੇ ਪਰਵਰਤਕ ਸਨ। ਭਗਤੀ ਸਿਧਾਂਤ ਦੇ ਵਿਕਾਸ ਵਿੱਚ ਮਹਾਂਰਾਸ਼ਟਰ ਦੇ ਕਈ ਸੰਪਰਦਾਵਾਂ ਦੀ ਦੇਣ ਪ੍ਰਸੰਸਾ ਯੋਗ ਰਹੀ ਹੈ। ਇਹਨਾਂ ਸੰਪਰਦਾਵਾਂ ਦੀ ਗਿਣਤੀ ਪੰਜ ਮੰਨੀ ਗਈ ਹੈ। ਜਿਵੇਂ ਨਾਥ ਪੰਥ, ਮਹਾਨੁਭਾਵ ਪੰਥ, ਵਾਰਕਰੀ ਸੰਪਰਦਾਇ, ਦੱਤ ਸੰਪਰਦਾਇ ਅਤੇ ਸਮਰੱਥ ਸੰਪਰਦਾਇ। ਇਨ੍ਹਾਂ ਵਿੱਚੋਂ ਵਾਰਕਰੀ ਸੰਪਰਦਾਇ ਦੀ ਦੇਣ, ਭਗਤੀ ਸਿੱਧਾਂਤ ਨੂੰ ਵਿਕਸਿਤ ਕਰਨ ਵਿੱਚ ਸਭ ਤੋਂ ਵਧੀਕ ਹੈ। ਇਸ ਸੰਪਰਦਾਇ ਵਿੱਚੋਂ ਹੀ ਭਗਤ ਨਾਮਦੇਵ ਜੀ ਹੋਏ ਇਹਨਾਂ ਸੰਬੰਧੀ ਵਿਸਥਾਰ ਪੂਰਵਕ ਜਾਣਕਾਰੀ ਅੱਗੇ ਦਿੱਤੀ ਜਾਵੇਗੀ। ਇਸ ਸੰਪਰਦਾਇ ਵਿੱਚ ਸੰਸਕ੍ਰਿਤ ਦੇ ਭਾਗਵਤ ਅਤੇ ਮਰਾਠੀ ਦੇ ਗਿਆਨੇਸ਼ਵਰ, ਅੰਮ੍ਰਿਤਾਨੁਭਵ ਅਤੇ ਨਾਥ ਭਾਗਵਤ ਆਦਿ ਗ੍ਰੰਥ ਅਤੇ ਸੰਤ ਨਾਮਦੇਵ, ਤੁਕਾਰਾਮ ਦੇ ਅਭੰਗਾਂ ਨੂੰ ਪੂਜਨੀਕ ਮੰਨਿਆ ਗਿਆ ਹੈ। ਗੁਰੂ ਪਰੰਪਰਾ ਤੋਂ ਇਹ ਨਾਥ ਪੰਥੀ ਸਨ।

**ਸੁਆਮੀ ਰਾਮਾਨੰਦ :-**

ਰਾਮਾਨੰਦ ਅਨੁਸਾਰ ਸੀਤਾ ਪਤੀ ਭਗਵਾਨ ਰਾਮ ਸਮਸਤ ਗੁਣ ਸੰਪੰਨ, ਜਗਤ ਦੇ ਹਿਤੂ, ਸਭਨਾਂ ਦੇ ਰੱਖਿਅਕ ਅਤੇ ਉਪਾਸਦੇਵ ਹਨ। ਰਾਮ, ਸੰਸਾਰ ਦੇ ਕਾਰਣ ਹਨ ਅਤੇ ਸੀਤਾ ਦੁਆਰਾ ਉਹਨਾਂ ਦੀ ਪ੍ਰਾਪਤੀ ਹੁੰਦੀ ਹੈ। ਜੀਵਾਂ ਦਾ ਮੁੱਖ ਪ੍ਰਯੋਜਨ ਭਗਵਾਨ ਦੀ ਸੇਵਾ ਹੈ। ਜੀਵ ਸੁਤੰਤਰ ਨਾ ਹੋ ਕੇ ਭਗਵਾਨ ਦੇ ਅਧੀਨ ਹੈ ਤੇ ਭਗਵਾਨ ਦੀ ਕਿਰਪਾ ਨਾਲ ਹੀ ਉਸਨੂੰ ਮੋਖਸ਼ ਦੀ ਪ੍ਰਾਪਤੀ ਹੋਣੀ ਹੈ। ਭਗਤੀ ਨੂੰ ਰਾਮਾਨੰਦ ਨੇ ਮੋਖ ਦੀ ਪ੍ਰਾਪਤੀ ਦਾ ਸਾਧਨ ਦੱਸਿਆ। ਉਸ ਅਨੁਸਾਰ ਸੱਚ ਇੱਕ ਹੈ ਤੇ ਉਸ ਕੋਲ ਪਹੁੰਚਣ ਦੇ ਭਿੰਨ-ਭਿੰਨ ਸਾਧਨ ਹਨ। ਭਗਤ ਉੱਤਮ

ਰੀਤ ਨਾਲ ਕਿਸੇ ਦਾ ਵੀ ਪਾਲਣ ਕਰੇ ਤਾਂ ਉਸਨੂੰ ਮੋਖਸ਼ ਪ੍ਰਾਪਤੀ ਹੋ ਸਕਦੀ ਹੈ। ਭਾਵੇਂ ਰਾਮਾਨੰਦ ਜਾਤ-ਪਾਤ ਨੂੰ ਮੰਨਦੇ ਸਨ ਪਰ ਭਗਤੀ ਦੇ ਖੇਤਰ ਵਿੱਚ ਜਾਤ-ਪਾਤ ਦਾ ਕੋਈ ਬੰਧਨ ਨਹੀਂ ਸਨ ਮੰਨਦੇ। ਇਸੇ ਲਈ ਉਹਨਾਂ ਨੇ ਵੈਰਾਗੀ ਸੰਪਰਦਾ ਵਿੱਚ ਨਾਈ, ਜੱਟ, ਖਤਰੀ, ਚਮਿਆਰ, ਬ੍ਰਾਹਮਣ ਅਤੇ ਇਸਤਰੀਆਂ ਆਦਿ ਸ਼ਾਮਲ ਕਰਕੇ ਮੱਧ ਯੁੱਗ ਵਿੱਚ ਇੱਕ ਸ਼ਕਤੀਸ਼ਾਲੀ ਸੰਪਰਦਾਇ ਦੀ ਸਥਾਪਨਾ ਕੀਤੀ। ਜਾਤ ਪਾਤ ਪ੍ਰਤੀ ਉਦਾਰਤਾ ਕਾਰਨ ਹੀ ਮੁਸਲਮਾਨ ਬਣੇ ਹਿੰਦੂਆਂ ਨੂੰ ਮੁੜ ਵੈਸ਼ਣਵ ਬਣਾਇਆ ।

ਭਗਤੀ ਅੰਦੋਲਨ ਦੇ ਵਿਕਾਸ ਵਿੱਚ ਰਾਮਾਨੰਦ ਦੀ ਮਹੱਤਵਪੂਰਣ ਦੇਣ ਹੈ। ਉਹਨਾਂ ਨੇ ਰਾਮ ਭਗਤੀ ਦੀ ਇੱਕ ਅਜਿਹੀ ਧਾਰਾ ਉੱਤਰੀ ਭਾਰਤ ਵਿੱਚ ਵਗਾਈ ਜੋ ਚਿਰਕਾਲ ਤੱਕ ਵਗਦੀ ਰਹੀ ਤੇ ਉੱਤਰ ਭਾਰਤ ਦੇ ਸਮੁੱਚੇ ਭਾਗ ਨੂੰ ਸਿੰਜਦੀ ਰਹੀ। ਸਮਾਂ ਪਾ ਕੇ ਇਸ ਧਾਰਾ ਦੀਆਂ ਦੋ ਸ਼ਾਖਾਵਾਂ ਹੋ ਗਈਆਂ। ਨਿਰਗੁਣ ਭਗਤੀ ਧਾਰਾ ਦੇ ਪਰਵਰਤਕ ਕਬੀਰ ਜੀ ਅਤੇ ਸਗੁਣ ਭਗਤੀ ਧਾਰਾ ਜਿਸ ਦੇ ਭਗਤ ਗੋਸੁਆਮੀ ਤੁਲਸੀਦਾਸ ਮੰਨੇ ਜਾਂਦੇ ਹਨ।

**ਵਲਭਾਚਾਰੀਆ:-**

ਵਲਭਾਚਾਰੀਆ ਸ਼ੁਧਾਦਵੈਤ ਦੇ ਪਰਵਰਤਕ ਸਨ। ਨਿਰਸੰਦੇਹ ਰਾਧਾ ਅਤੇ ਕ੍ਰਿਸ਼ਨ ਨੂੰ ਆਧਾਰ ਮੰਨ ਕੇ ਭਗਤੀ ਦਾ ਪ੍ਰਚਾਰ ਨਿੰਮਬਾਰਕਾਚਾਰੀਆ ਨੇ ਹੀ ਕੀਤਾ ਪਰ ਵਾਸਤਵ ਵਿੱਚ ਉੱਤਰ ਭਾਰਤ ਵਿੱਚ ਰਾਧਾ ਕ੍ਰਿਸ਼ਨ ਦੀ ਭਗਤੀ ਭਾਵਨਾ ਨੂੰ ਵਿਅਕਤ ਕਰਨ ਲਈ ਵਲਭਾਚਾਰੀਆਂ ਅਤੇ ਚੈਤੰਨਯ ਮਹਾਂ ਪ੍ਰਭੂ ਦਾ ਹੀ ਹੱਥ ਹੈ। ਦੱਖਣ ਵਿੱਚ ਜੋ ਭਗਤੀ ਧਾਰਾ ਸਹਿਜੇ-ਸਹਿਜੇ ਪ੍ਰਗਤੀ ਕਰ ਰਹੀ ਹੈ, ਉਸ ਨੂੰ ਉੱਤਰੀ ਭਾਰਤ ਵਿੱਚ ਸੰਪੂਰਣਤਾ ਪ੍ਰਾਪਤ ਕਰਵਾਉਣ ਵਿੱਚ ਵਲਭਾਚਾਰੀਆ ਦਾ ਮਹੱਤਵਪੂਰਣ ਯੋਗਦਾਨ ਹੈ। ਉਹਨਾਂ ਦਾ ਪ੍ਰਭਾਵ ਪਿਛਲੀਆਂ ਕਈ ਸੰਪਰਦਾਵਾਂ ਉੱਪਰ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਤੱਖ ਦ੍ਰਿਸ਼ਟੀਗੋਚਰ ਹੁੰਦਾ ਹੈ। ਸੰਪਰਦਾਇ ਦੀ ਪਰੰਪਰਾ ਅਨੁਸਾਰ ਵਿਸ਼ਣੂ ਸੁਆਮੀ ਇਸ ਦੇ ਮੂਲ ਪਰਵਰਤਕ ਮੰਨੇ ਜਾਂਦੇ ਹਨ। ਪਰ ਇਸ ਦੇ ਪ੍ਰਚਾਰ ਦਾ ਸਿਹਰਾ ਵਲਭਾਚਾਰੀਆ ਦੇ ਹੀ ਸਿਰ ਹੈ। ਇਸ ਸਿੱਧਾਂਤ ਵਿੱਚ ਜੀਵ ਅਤੇ ਬ੍ਰਹਮ ਅਰਥਾਤ ਆਤਮਾ ਅਤੇ ਪ੍ਰਮਾਤਮਾ ਦੇ ਸ਼ੁੱਧ ਅਦਵੈਤ ਦਾ ਪ੍ਰਤਿਪਾਦਨ ਕੀਤਾ ਗਿਆ ਹੈ। ਵਲਭ ਅਨੁਸਾਰ ਬ੍ਰਹਮ, ਮਾਇਆ ਤੋਂ ਸ਼ੁੱਧ ਅਤੇ ਮੁਕਤ ਹੈ। ਸ਼ੁਧਾਦਵੈਤ ਮੱਤ ਵਿੱਚ ਜਗਤ ਨੂੰ ਈਸ਼ਵਰ ਕਿਰਤ ਅਤੇ ਸੰਸਾਰ ਨੂੰ ਜੀਵ ਕਿਰਤ ਮੰਨਿਆ ਗਿਆ ਹੈ। ਇਸੇ ਲਈ ਜਗਤ ਸੱਤ ਅਤੇ ਸੰਸਾਰ ਅਸੱਤ ਹੈ। ਵਲਭ ਅਨੁਸਾਰ ਈਸ਼ਵਰ ਪ੍ਰਤੀ ਸੁਦ੍ਰਿੜ ਅਤੇ ਤੀਬਰ ਪ੍ਰੇਮ ਅਤੇ ਈਸ਼ਵਰ ਦੀ ਮਹੱਤਤਾ ਦਾ ਨਿਰੰਤਰ ਗਿਆਨ ਧਿਆਨ ਹੀ ਭਗਤੀ ਹੈ।

**ਚੈਤੰਨਯ ਮਹਾਂਪ੍ਰਭੂ :-**

ਚੈਤੰਨਯ ਮਹਾਂਪ੍ਰਭੂ ਅਚਿੰਤਯ ਭੇਦਾਭੇਦ ਦੇ ਪਰਵਰਤਕ ਸਨ। ਬੰਗਾਲ ਵਿੱਚ ਵੈਸ਼ਣਵ ਧਰਮ ਅਤੇ ਕ੍ਰਿਸ਼ਨ ਭਗਤੀ ਦੇ ਪ੍ਰਚਾਰ ਦਾ ਆਰੰਭ ਭਾਵੇਂ ਨਿੰਮਬਾਰਕਾਚਾਰੀਆ ਅਤੇ ਮਾਧਵਾਚਾਰੀਆ ਦੇ ਸੰਪਰਦਾਵਾਂ ਦੁਆਰਾ ਹੋਇਆ ਪਰ ਸਾਕਤ ਧਰਮ ਤੋਂ ਪ੍ਰਭਾਵਿਤ ਬੰਗਾਲ ਦੀ ਧਰਤੀ ਇਹਨਾਂ ਲਈ ਸ਼ੁਰੂ ਵਿੱਚ ਯੋਗ ਸਾਬਤ ਨਾ ਹੋਈ, ਇਸੇ ਲਈ ਬਹੁਤ ਘੱਟ ਲੋਕ ਕ੍ਰਿਸ਼ਨ ਭਗਤੀ ਵੱਲ ਪ੍ਰੇਰਤ ਹੋਏ। ਉੱਥੋਂ ਦੇ ਭਿੰਨ ਭਿੰਨ ਪੰਥਾਂ ਦੇ ਪ੍ਰੇਮ ਉਪਾਸਕ ਕਵੀਆਂ ਤੇ ਗਾਇਕਾਂ ਨੇ ਰਾਧਾ ਕ੍ਰਿਸ਼ਨ ਦੀ ਪ੍ਰੇਮ ਲੀਲਾ ਦੇ ਗੀਤ ਜ਼ਰੂਰ ਗਾਏ ਪਰ ਉਹ ਨਾ ਤਾਂ ਕ੍ਰਿਸ਼ਨ ਭਗਤ ਸਨ ਤੇ ਨਾ ਹੀ ਕਿਸੇ ਵੈਸ਼ਣਵ ਸੰਪਰਦਾਇ ਵਿੱਚ ਯਕੀਨ ਰੱਖਦੇ ਸਨ। ਬੰਗਾਲ ਵਿੱਚ ਰਾਧਾ ਕ੍ਰਿਸ਼ਨ ਦੀਆਂ ਲੀਲਾਵਾਂ ਦੇ ਸਭ ਤੋਂ ਪਹਿਲੇ ਗਾਇਕ ਜੈ ਦੇਵ ਸਨ ਤੇ ਉਨ੍ਹਾਂ ਦੇ ਗੀਤ ਕਾਵਿ ਨਾਲ ਕ੍ਰਿਸ਼ਨ ਭਗਤੀ ਦੇ ਅਨੇਕਾਂ ਕਵੀਆਂ ਨੂੰ ਪ੍ਰੇਰਣਾ ਜ਼ਰੂਰ ਮਿਲੀ ਪਰ ਉਹ ਆਪ ਵੈਸ਼ਣਵ ਭਗਤ ਸਨ ਇਸ ਦਾ ਨਿਸ਼ਚਿਤ ਪ੍ਰਮਾਣ ਕੋਈ ਨਹੀਂ ਮਿਲਦਾ। ਭਾਵੇਂ ਬੰਗਾਲ ਵਿੱਚ ਵੈਸ਼ਣਵ ਧਰਮ ਤੇ ਕ੍ਰਿਸ਼ਨ ਭਗਤੀ ਦਾ ਵਿਆਪਕ ਪ੍ਰਚਾਰ ਚੈਤੰਨਯ ਮਹਾਂਪ੍ਰਭੂ ਤੇ ਉਹਨਾਂ ਦੇ ਸਹਿਯੋਗੀ ਭਗਤਾਂ ਨੇ ਕੀਤਾ ਪਰ ਇਸ ਦਾ ਪਿਛੋਕੜ ਵਾਤਾਵਰਣ ਬਣਾਉਣ ਵਿੱਚ ਮਾਧਵੇਂਦਰਪੁਰੀ ਦਾ ਬਹੁਤ ਵੱਡਾ ਹੱਥ ਹੈ ਜਿਸ ਨੂੰ ਮਾਧਵ ਸੰਪਰਦਾਇ ਵਿੱਚ ਰਾਧਾ ਭਾਵ ਦਾ ਪਰਵਰਤਕ ਮੰਨਿਆ ਜਾਂਦਾ ਹੈ। ਚੈਤੰਨਯ ਦੇਵ ਨੇ ਕਿਸੇ ਗ੍ਰੰਥ ਦੀ ਰਚਨਾ ਨਹੀਂ ਕੀਤੀ ਸਗੋਂ ਸਮੇਂ-ਸਮੇਂ ਆਪਣੇ ਭਗਤਾਂ ਨੂੰ ਦਿੱਤੇ ਉਪਦੇਸ਼ਾਂ ਤੋਂ ਉਸ ਦਾ ਸਿਧਾਂਤਕ ਗਿਆਨ ਪ੍ਰਾਪਤ ਹੁੰਦਾ ਹੈ। ਪਰ ਉਹਨਾਂ ਦੇ ਸਿਧਾਂਤਾਂ ਦੇ ਆਧਾਰ ਤੇ ਹੀ ਸਨਾਤਨ ਗੋਸੁਆਮੀ ਨੇ ਆਪਣੇ ਗ੍ਰੰਥਾਂ ਦੀ ਰਚਨਾ ਕੀਤੀ। ਇਸ ਮੱਤ ਅਨੁਸਾਰ ਭਗਵਾਨ ਸ੍ਰੀ ਕ੍ਰਿਸ਼ਨ ਪਰਮ ਤੱਤ ਹੈ ਤੇ ਉਹ ਅਨੰਤ ਸ਼ਕਤੀ ਦੇ ਗੁਣਾਂ ਦਾ ਭੰਡਾਰ ਹੈ। ਜੀਵ ਈਸ਼ਵਰ ਦਾ ਅੰਗ ਰੂਪ ਹੈ। ਚੈਤੰਨਯ ਦਾ ਮੱਤ ਭਗਤੀ ਪ੍ਰਧਾਨ ਹੈ ਤੇ ਭਗਤੀ ਨੂੰ ਮੁਕਤੀ ਦਾ ਸਾਧਨ ਮੰਨਿਆ ਗਿਆ ਹੈ। ਚੈਤੰਨਯ ਅਨੁਸਾਰ ਸਾਰੇ ਜੀਵ ਬਿਨਾਂ ਜਾਤ-ਪਾਤ ਜਾਂ ਹੋਰ ਵਿਤਕਰਿਆਂ ਦੇ ਭਗਵਾਨ ਸ੍ਰੀ ਕ੍ਰਿਸ਼ਨ ਦੇ ਚਰਨਾਂ ਦਾ ਸਹਾਰਾ ਲੈ ਸਕਦੇ ਹਨ। ਚੈਤੰਨਯ ਮਹਾਂਪ੍ਰਭੂ ਨੂੰ ਕੀਰਤਨ ਦਾ ਪਿਤਾਮਾ ਕਿਹਾ ਜਾਂਦਾ ਹੈ। ਚੈਤੰਨਯ ਮਹਾਂਪ੍ਰਭੂ ਭਗਤੀ ਸਿਧਾਂਤਾਂ ਨੂੰ ਸੁਦ੍ਰਿੜ ਅਤੇ ਵਿਕਸਿਤ ਰੂਪ ਪ੍ਰਦਾਨ ਕਰਨ ਵਾਲੇ ਯੋਗਦਾਨੀਆਂ ਵਿੱਚੋਂ ਇੱਕ ਸਨ ਜਿਨ੍ਹਾਂ ਦੇ ਭਗਤੀ ਸਿਧਾਂਤ ਸਦਕਾ ਢੇਰ ਸਾਰਾ ਸਾਹਿਤ ਹੋਂਦ ਵਿੱਚ ਆਇਆ ।

ਭਗਤੀ ਪਰੰਪਰਾ ਦੇ ਨਿਰਗੁਣ ਭਗਤੀ ਸਾਧਕਾਂ ਨੇ ਇੱਕ ਈਸ਼ਵਰ ਦੀ ਭਗਤੀ, ਮਾਇਆ ਦਾ ਤਿਆਗ, ਨਿਮਰਤਾ, ਸਤ-ਸੰਗਤਿ, ਜਾਤ ਪਾਤ ਦਾ ਵਿਰੋਧ, ਵਿਸ਼ੇ ਵਿਕਾਰਾਂ ਦਾ ਤਿਆਗ, ਕਿਰਤ ਕਰਨ ਦਾ ਉਪਦੇਸ਼, ਕਰਮ ਕਾਂਡਾਂ ਦਾ ਖੰਡਨ ਤੇ ਜ਼ੋਰ ਦਿੱਤਾ। ਇਸ ਪ੍ਰਕਾਰ

ਦੇ ਉਪਦੇਸ਼ ਦੁਆਰਾ ਲੋਕਾਂ ਅੰਦਰ

1. ਪੁਨਰ ਜਾਗਰਣ
2. ਪੁਨਰ ਉਥਾਨ
3. ਸਵੈ ਚੇਤਨਾ ਤੇ ਨਵ ਜਾਗਰਤੀ ਆਈ। ਇਸ ਪ੍ਰਕਾਰ ਦੀ ਨਿਰਗੁਣ ਭਗਤੀ ਸਾਧਨਾ ਨੇ ਲੋਕਾਂ ਅੰਦਰ ਜੀਵਨ ਦਾ ਉਦੇਸ਼ ਪੈਦਾ ਕੀਤਾ। ਇਸ ਉਪਦੇਸ਼ ਦੁਆਰਾ, ਸਦਭਾਨਾ, ਪਰਉਪਕਾਰ, ਲੋਕ-ਕਲਿਆਣ ਦੀ ਭਾਵਨਾ ਉਤਪੰਨ ਹੁੰਦੀ ਹੈ।

## ਭਗਤ ਨਾਮਦੇਵ ਜੀ

ਇਤਿਹਾਸਕ ਅਤੇ ਸੋਧਰੂਪਣ ਹਵਾਲਿਆਂ ਤੋਂ ਇਹ ਸਿੱਧ ਹੁੰਦਾ ਹੈ ਕਿ ਭਗਤ ਨਾਮਦੇਵ ਜੀ ਗਿਆਨੇਸ਼ਵਰ ਦੇ ਵਾਰਕਰੀ ਸੰਪਰਦਾਇ ਨਾਲ ਸਬੰਧਤ ਸਨ। ਗਿਆਨੇਸ਼ਵਰ ਦੇ ਪਿਤਾ ਸੰਨਿਆਸ ਤਿਆਗ ਕੇ ਫਿਰ ਗ੍ਰਹਿਸਥੀ ਬਣ ਗਏ ਸਨ, ਇਸ ਲਈ ਬ੍ਰਾਹਮਣਾਂ ਨੇ

ਗਿਆਨੇਸ਼ਵਰ ਬੰਧੂਆਂ ਨੂੰ ਬ੍ਰਾਹਮਣ ਮੰਨਣ ਤੋਂ ਇਨਕਾਰ ਕਰ ਦਿੱਤਾ। ਬ੍ਰਾਹਮਣ ਸਮਾਜ ਦੀ ਪ੍ਰਧਾਨਤਾ ਕਾਰਨ ਉਹਨਾਂ ਨੂੰ ਬਹੁਤ ਅਪਮਾਨਿਤ ਜੀਵਨ ਬਤੀਤ ਕਰਨਾ ਪਿਆ। ਮਹਾਂਰਾਸ਼ਟਰ ਵਿੱਚ ਉਸ ਸਮੇਂ ਸ਼ੂਦਰ ਸ਼੍ਰੇਣੀ ਦੇ ਲੋਕ ਵੀ ਜਾਤੀ ਹੀਣਤਾ ਕਾਰਨ ਬਹੁਤ ਦੁਖੀ ਸਨ ਤੇ ਇਸ ਹੀਣਤਾ ਨੂੰ ਮਿਟਾਉਣ ਲਈ ਈਸ਼ਵਰ ਦੀ ਅਰਾਧਨਾ ਕਰਨ ਲੱਗੇ। ਪੰਡਰਪੁਰ ਸਥਿਤ ਸ੍ਰੀ ਵਿਠੁਲ ਦੀ ਮੂਰਤੀ ਦੀ ਉਪਾਸਨਾ ਕਰਦੇ ਤੇ ਕੱਤਕ ਜਾਂ ਹਾੜ੍ਹ ਵਿੱਚ ਪੁੰਡਰ ਦੇ ਮੰਦਿਰ ਦੀ ਪਰਿਕਰਮਾ। ਇਹਨਾਂ ਦੇ ਵਿੱਠਲ ਇਹਨਾਂ ਦੀਨ ਸ਼ੂਦਰਾਂ ਦੇ ਇਸ਼ਟ ਸਨ। ਹਰ ਪੱਖ ਦੀ ਇਕਾਦਸੀ ਨੂੰ ਉਹ ਪੁੰਡਰ ਦੀ ਯਾਤਰਾ ਕਰਨ ਲਈ ਜਾਂਦੇ ਤੇ ਦਰਸ਼ਨ ਕਰਦੀ ਸੰਗਤ, ਵਾਰੀ ਅਤੇ ਕਰੀ ਦੇ ਮੇਲ ਨਾਲ ਵਾਰਕਰੀ ਸੰਪਰਦਾਇ ਬਣਿਆ। ਵਾਰੀ ਦਾ ਅਰਥ ਯਾਤਰਾ ਤੇ ਕਰੀ ਦਾ ਅਰਥ ਹੈ ਕਰਨ ਵਾਲਾ, ਸੋ ਵਾਰਕਰੀ ਦਾ ਅਰਥ ਹੈ ਯਾਤਰਾ ਕਰਨ ਵਾਲਾ। ਇਸ ਤਰ੍ਹਾਂ ਇਸ ਸੰਪਰਦਾਇ ਦਾ ਨਾਂ ਵਾਰਕਰੀ ਪੈ ਗਿਆ। ਸੰਪਰਦਾਇ ਦਾ ਪ੍ਰਤੇਕ ਅਨੁਯਾਈ ਪ੍ਰਤਿਪੱਖ ਦੀ ਇਕਾਦਸ਼ੀ ਨੂੰ ਪੁੰਡਰ ਦੀ ਯਾਤਰਾ ਕਰਦਾ ਤੇ ਮੂਰਤੀ ਦੇ ਦਰਸ਼ਨ ਕਰਦਾ। ਵਾਰਕਰੀ ਭਗਤ ਜਿਸ ਪੁੰਡਰ ਪੁਰ ਦੀ ਯਾਤਰਾ ਕਰਦੇ ਉਸ ਪੁੰਡਰ ਪੁਰ ਤੀਰਥ ਸਥਾਨ ਤੇ ਇੱਟ ਦੇ ਉੱਪਰ ਖੜੇ ਵਿਠੁਲ ਦੀ ਮੂਰਤੀ ਹੈ ਅਤੇ ਨਾਲ ਹੀ ਰੁਕਮਣੀ ਦੇਵੀ ਦੀ ਵੀ ਮੂਰਤੀ ਹੈ, ਜਿਸ ਨੂੰ ਰੁਖਮਾਈ ਵੀ ਆਖਦੇ ਹਨ, ਵਿੱਠਲ ਕ੍ਰਿਸ਼ਨ ਦੇ ਬਾਲ ਰੂਪ ਨੂੰ ਕਿਹਾ ਜਾਂਦਾ ਹੈ। ਵਾਰਕਰੀ ਸਾਧਕ ਵਿੱਠਲ ਨੂੰ ਨਿਰਗੁਣ ਬ੍ਰਹਮ ਮੰਨਦੇ ਹੋਏ ਅਦਵੈਤਵਾਦ ਦਾ ਸਮਰਥਨ ਕਰਦੇ ਹੋਏ ਵੀ ਭਗਤੀ ਨੂੰ ਸਰਵੋਤਮ ਮੰਨਦੇ ਹਨ। ਨਿਰਗੁਣ ਦੀ ਇਸ ਅਦਵੈਤ ਭਗਤੀ ਦੇ ਲਈ ਇਹ ਲੋਕ ਸਗੁਣ ਸਰੂਪ ਨੂੰ ਵੀ ਇੱਕ ਸਾਧਕ ਮੰਨਦੇ ਹਨ ਤੇ ਉਸ ਨਾਲ ਏਕਤਾ ਸਥਾਪਤ ਕਰਨ ਉਸ ਦੇ ਨਾਮ ਦਾ ਨਿਰੰਤਰ ਸਿਮਰਣ ਤੇ ਉਸ ਦੇ ਅਲੌਕਿਕ ਗੁਣਾਂ ਦਾ ਸਦਾ ਕੀਰਤਨ ਕਰਦੇ ਹਨ। ਇਹਨਾਂ ਵਿੱਚ ਭਗਤੀ ਤੇ ਗਿਆਨ ਦਾ ਸੁੰਦਰ ਸੁਮੇਲ ਦਿਖਾਈ ਦਿੰਦਾ ਹੈ, ਜਿਸ ਸਾਧਨਾ ਦੇ ਰੂਪ ਨੂੰ ਸਵੀਕਾਰ ਕਰਕੇ ਕਿਸੇ ਵੀ ਜਾਤੀ ਜਾਂ ਸ਼੍ਰੇਣੀ ਦਾ ਮਨੁੱਖ ਕਲਿਆਣ ਦਾ ਭਾਗੀ ਬਣ ਸਕਦਾ ਹੈ।

ਵਾਰਕਰੀ ਸੰਪਰਦਾਇ ਦੇ ਪ੍ਰਵਰਤਕ ਦੇ ਰੂਪ ਵਿੱਚ ਭਗਤ ਨਾਮ ਦੇਵ ਜੀ ਨੂੰ ਮੰਨਦੇ ਹੋਏ, ਡਾ. ਕੇਸ਼ਨੀ ਪ੍ਰਸਾਦ ਚੌਰਸੀਆ (*ਮਧਿਅਕਾਲੀਨ ਹਿੰਦੀ ਸੰਤ ਵਿਚਾਰ ਔਰ ਸਾਧਨਾ ਪੰਨਾ 51,* ਤੇ) ਲਿਖਦੇ ਹਨ ਕਿ ਨਾਮ ਦੇਵ ਦਾ ਜਨਮ 1270 ਈ. ਹੈ, ਜਾਤੀ ਦੇ ਦਰਜ਼ੀ ਸਨ। ਜਾਤੀ ਹੀਨਤਾ ਤੋਂ ਦੁਖੀ ਨਾਮਦੇਵ ਨੇ ਵਿਠੁੱਲ ਵੈਦ ਨੂੰ ਪੁਕਾਰਿਆ ਅਤੇ ਉਸ ਦੀ ਸ਼ਰਨ ਵਿੱਚ ਗਏ। ਉਹਨਾਂ ਦੇ ਇੱਕ ਅਭੰਗ ਵਿੱਚ ਸਪਸ਼ਟ ਸੰਕੇਤ ਹੈ, ਕਿ ਸੰਸਾਰ ਤੋਂ ਦੁਖੀ ਹੋਇਆ, ਇਸ ਲਈ ਹੇ ਦੇਵਰਾਜ ! ਜਦੋਂ ਮੈਂ ਤੁਹਾਡੀ ਸ਼ਰਣ ਵਿੱਚ ਆਇਆ ਹਾਂ ਤਾਂ ਤੁਸੀਂ ਮੇਰੀ ਕੁਲ ਤੇ ਜਾਤ ਨਹੀਂ ਦੇਖੀ।

ਨਾਮਦੇਵ ਜੀ ਦੀ ਬਾਣੀ ਵਿੱਚ ਥਾਂ ਥਾਂ ਬ੍ਰਹਮਣਾਂ ਦੀ ਨਫਰਤ ਅਤੇ ਆਪਣੀ ਹੀਣਜਾਤੀ ਦਾ ਜ਼ਿਕਰ ਹੈ। ਇਸ ਜਾਤ ਪਾਤ ਦਾ ਦੁਖ ਉਹ ਆਪਣੀ ਬਾਣੀ ਵਿੱਚ ਇਸ ਤਰ੍ਹਾਂ ਬਿਆਨ ਕਰ ਰਹੇ ਹਨਃ-

''ਹਸਤ ਖੇਲਤ ਤੇਰੇ ਦੇਹੁਰੇ ਆਇਆ ।।
ਭਗਤ ਕਰਤ ਨਾਮਾ ਪਕਰਿ ਉਠਾਇਆ''
''ਹੀਨੜੀ ਜਾਤਿ ਮੇਰੀ ਜਾਦਿਮ ਰਾਇਆ
ਛੀਪੇ ਕੇ ਜਨਮ ਕਾਹੇ ਲਈ ਆਇਆ ।।''

ਨਾਮਦੇਵ ਦੇ ਸਮਕਾਲੀ ਸੇਨ, ਸਾਵੰਤਾ ਮਾਲੀ, ਗੋਰਾ ਘੁਮਾਰ, ਚੋਖਾ ਕਹਾਰ, ਸਾਰੇ ਇਸ ਬੁਰੀ ਅਵਸਥਾ ਵਿੱਚ ਗ੍ਰਸੇ ਹੋਏ ਸਨ। ਇਹਨਾਂ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਨਾਮਦੇਵ ਨੇ ਪੁਰੋਹਿਤਾਂ ਦੇ ਵਿਰੁੱਧ ਆਵਾਜ਼ ਉਠਾਈ ਤੇ ਆਪ ਵਿਠੁੱਲ ਦਾ ਭਜਨ ਅਤੇ ਭਗਤੀ ਕਰਨੀ ਸ਼ੁਰੂ ਕਰ ਦਿੱਤੀ। ਵਿਠੁੱਲ ਸਾਧਾਰਨ ਤੇ ਹੀਣ ਜਾਤੀ ਦੇ ਭਗਵਾਨ ਸਮਝੇ ਜਾਂਦੇ ਸਨ ਤੇ ਵਿਠੁੱਲ ਦੀ ਭਗਤੀ ਯੁਕਤ ਨਾਮ ਸਿਮਰਣ ਤੇ ਵਿਸ਼ੇਸ਼ ਮਹੱਤਵ ਦਿੱਤਾ ਤੇ ਇਸ ਦੇ ਮੁਕਾਬਲੇ ਵਿੱਚ ਤੀਰਥ ਯਾਤਰਾ, ਵਰਤ ਅਤੇ ਦਾਨ ਆਦਿ ਨੂੰ ਤੁੱਛ ਕਰਾਰ ਦਿੱਤਾ ।

ਭਗਤ ਨਾਮਦੇਵ ਜੀ ਦਾ ਜਨਮ ਭਾਰਤ ਦੇਸ਼ ਦੇ ਬੰਬਈ ਪ੍ਰਾਂਤ ਦੇ ਜ਼ਿਲ੍ਹਾ ਸਿਤਾਰਾ ਦੇ ਪਿੰਡ ਨਰਸੀ ਬਾਮ੍ਹਣੀ ਵਿੱਚ ਕੱਤਕ ਸੁਦੀ

ਇਕਾਦਸ਼ੀ ਦਿਨ ਐਤਵਾਰ ਨੂੰ ਸੂਰਜ ਉਦੇ ਦੇ ਸਮੇਂ ਦਾਮ ਸੇਠ ਦਰਜ਼ੀ ਤੇ ਉਹਨਾਂ ਦੀ ਪਤਨੀ ਗੋਨਾਬਾਈ ਦੇ ਘਰ 2 ਅਕਤੂਬਰ 1270 ਈ. ਨੂੰ ਹੋਇਆ। ਭਾਰਤ ਵਰਸ਼ ਦਾ ਇਹ ਉਹ ਸਮਾਂ ਸੀ ਜਦੋਂ ਹਿੰਦੂ ਜਾਤੀ ਤੇ ਅਕਹਿ ਜ਼ੁਲਮ ਢਾਏ ਜਾਂਦੇ ਸਨ ਉਹਨਾਂ ਨੂੰ ਜ਼ਬਰੀ ਮੁਸਲਮਾਨ ਬਣਾਇਆ ਜਾ ਰਿਹਾ ਸੀ। ਖਿਲਜੀ ਅਤੇ ਤੁਗਲਕ ਬੰਸ ਦੁਆਰਾ ਕੀਤੇ ਜਾਂਦੇ ਬੁਚੜਾਂ ਵਾਲੇ ਸਲੂਕ ਦੇ ਹਾਲਾਤ ਇਬਨਾਬਤੂਤਾ ਅਫਰੀਕੀ ਮੁਸਲਮਾਨ ਤਾਰੀਖਦਾਨ ਦੀਆਂ ਲਿਖਤਾਂ ਪੜ੍ਹਨ ਤੇ ਰੌਂਗਟੇ ਖੜ੍ਹੇ ਕਰ ਦੇਣ ਵਾਲੇ ਹਵਾਲੇ ਮਿਲਦੇ ਹਨ ਤੇ ਦਿੱਲੀ ਸੁਲਤਾਨੇਟ ਅਤੇ ਕੈਂਬ੍ਰਿਜ ਹਿਸਟਰੀ ਆਫ ਇੰਡੀਆ ਵਿਸ਼ੇਸ਼ ਦੇਖਣ ਯੋਗ ਹਨ। ਭਗਤ ਨਾਮਦੇਵ ਜੀ ਵੀ ਸਮੇਂ ਦੀ ਸਰਕਾਰ ਦੇ ਅੱਤਿਆਚਾਰ ਦਾ ਸ਼ਿਕਾਰ ਹੋਏ। ਜਿਸ ਦਾ ਵਰਣਨ ਆਪ ਦੀਆਂ ਲਿਖਤਾਂ ਤੋਂ ਮਿਲਦਾ ਹੈ। ਭਗਤ ਨਾਮਦੇਵ ਜੀ ਬਚਪਨ ਤੋਂ ਹੀ ਵਿਠੁੱਲ ਦੀ ਭਗਤੀ ਵਿੱਚ ਲੱਗੇ ਰਹਿੰਦੇ ਤੇ ਉਸ ਦੇ ਨਾਮ ਦਾ ਕੀਰਤਨ ਕਰਦੇ। ਪੰਡਿਤ ਪਾਸ ਪੜ੍ਹਨ ਲਈ ਭੇਜਿਆ ਗਿਆ ਤਾਂ ਉਹ ਬਾਰ ਬਾਰ ਫੱਟੀ ਤੇ ਬੀਠਲ ਸ਼ਬਦ ਹੀ ਲਿਖਦੇ। ਅਜਿਹੀਆਂ ਕਥਾਵਾਂ ਆਮ ਤੌਰ ਤੇ ਸਾਰੇ ਭਗਤਾਂ ਨਾਲ ਜੋੜੀਆਂ ਜਾਂਦੀਆਂ ਹਨ।

ਜਦੋਂ ਨਾਮਦੇਵ ਅੱਠ ਕੁ ਸਾਲਾਂ ਦੇ ਸਨ ਤਾਂ ਉਹਨਾਂ ਦੇ ਪਿਤਾ ਜੋ ਕਿ ਸ਼ਿਵ ਦੇ ਪੁਜਾਰੀ ਸਨ ਨੂੰ ਕਿਤੇ ਬਾਹਰ ਜਾਣ ਲੱਗਿਆਂ ਆਪਣੇ ਰੋਜ਼ਾਨਾ ਦੇ ਨਿਤਨੇਮ ਦੇ ਭੰਗ ਹੋਣ ਦਾ ਖਿਆਲ ਆਇਆ। ਨਾਮਦੇਵ ਦੇ ਮਨ ਵਿੱਚ ਵੀ ਭਗਤੀ ਭਾਵ ਦਾ ਖਿਆਲ ਦ੍ਰਿੜ ਕਰਨ ਦੇ ਵਿਚਾਰ ਨਾਲ ਉਸ ਨੂੰ ਕਹਿ ਗਏ ਕਿ ਉਹ ਪਿੰਡ ਤੋਂ ਬਾਹਰ ਮੰਦਰ ਵਿੱਚ ਸ਼ਿਵ ਦੀ ਮੂਰਤੀ ਨੂੰ ਦੁੱਧ ਦਾ ਭੋਗ ਲਗਾ ਆਵੇ। ਭਾਈ ਗੁਰਦਾਸ ਜੀ ਵੀ ਇਸ ਘਟਨਾ ਵੱਲ ਸੰਕੇਤ ਕਰਦੇ ਹਨ:

ਕੰਮ ਕਿਤੇ ਪਿਉ ਚਲਿਆ ਨਾਮਦੇਵ ਨੂੰ ਆਖ ਸਿਧਾਇਆ ।।
ਠਾਕੁਰ ਦੀ ਸੇਵਾ ਕਰੀਂ ਦੁਧ ਪੀਆਵਣ ਕਹਿ ਸਮਝਾਇਆ ।। (ਵਾਰਾਂ ਭਾਈ ਗੁਰਦਾਸ)

ਨਾਮਦੇਵ ਦੇ ਦੁੱਧ ਨੂੰ ਭਲਾ ਪੱਥਰ ਦੀ ਮੂਰਤੀ ਕਿੱਥੋਂ ਪੀਵੇ ਪਰ ਬਾਲਕ ਨਾਮਦੇਵ ਸੱਚੇ ਦਿਲੋਂ ਬੇਨਤੀਆਂ ਕਰੇ ਕਿ ਹੇ ਪ੍ਰਭੂ ਮੇਰਾ ਦੁੱਧ ਪੀਉ ਨਹੀਂ ਤਾਂ ਮੇਰੇ ਪਿਤਾ ਨਾਰਾਜ਼ ਹੋ ਜਾਣਗੇ। ਨਾਮਦੇਵ ਨੇ ਆਪਣੀ ਇਸ ਮਾਨਸਿਕ ਦਸ਼ਾ ਦਾ ਵਰਣਨ ਆਪਣੀ ਬਾਣੀ ਵਿੱਚ ਇਸ ਤਰ੍ਹਾਂ ਕੀਤਾ ਹੈ:

ਦੂਧੁ ਕਟੋਰੈ ਗਡਵੈ ਪਾਨੀ।। ਕਪਲ ਗਾਇ ਨਾਮੈ ਦੁਹਿ ਆਨੀ ।।
ਦੂਧੁ ਪੀਉ ਗੋਬਿੰਦੇ ਰਾਇ।। ਦੂਤੀ ਪੀਉ ਮੇਰੋ ਮਨੁ ਪਤੀਆਇ ।।
ਨਾਹੀ ਤ ਘਰ ਕੋ ਬਾਪੁ ਰਿਸਾਇ ।। ਰਹਾਉ ।। (ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1163)

ਭਾਈ ਗੁਰਦਾਸ ਜੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਈ ਭਗਤ ਨਾਮਦੇਵ ਦੀ ਬਾਣੀ ਨੂੰ ਆਧਾਰ ਬਣਾ ਕੇ ਲਿਖਦੇ ਹਨ:

ਨਾਮਦੇਵ ਇਸਨਾਨ ਕਰ ਕਪਲ ਗਾਇ ਦੁਹਕੇ ਲੈ ਆਇਆ ।।
ਠਾਕਰ ਕੋ ਨਵਾਲ ਕੇ ਚਰਣੋਦਕ ਲੈ ਤਿਲਕ ਚੜ੍ਹਾਇਆ ।।
ਹੱਥ ਜੋੜ ਬਿਨਤੀ ਕਰੇ ਦੁੱਧ ਪੀਓ ਜੀ ਗੋਬਿੰਦ ਰਾਇਆ ।। (ਵਾਰਾਂ ਭਾਈ ਗੁਰਦਾਸ)

ਭਗਤ ਨਾਮਦੇਵ ਦੀ ਅਨਿੰਨ ਭਗਤੀ ਨੇ ਆਪਣੇ ਰੱਬ ਨੂੰ ਮੋਹ ਲਿਆ ਤੇ ਭਗਵਾਨ ਆਪਣੇ ਭਗਤ ਦੀ ਸਰਲ ਭਾਵਨਾ ਤੇ ਹੱਸ ਰਹੇ ਹਨ ਕਿ ਕਿੰਨਾ ਸਾਦਾ ਭਗਤ ਹੈ ਕਿ ਕਦੇ ਪੱਥਰ ਦੀ ਮੂਰਤੀ ਵੀ ਦੁੱਧ ਪੀਂਦੀ ਹੈ:

ਏਕੁ ਭਗਤ ਮੇਰੇ ਹਿਰਦੈ ਬਸੈ।। ਨਾਮੇ ਦੇਖਿ ਨਰਾਇਨ ਹਸੈ ।।
ਦੂਧ ਪੀਆਇ ਭਗਤੁ ਘਰਿ ਗਇਆ।। ਨਾਮੇ ਹਰਿ ਕਾ ਦਰਸਨੁ ਭਇਆ ।।

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1163)

**ਸ਼ਾਦੀ** : ਉਸ ਸਮੇਂ ਬਾਲ ਵਿਆਹ ਦਾ ਰਿਵਾਜ ਸੀ ਕਿਉਂਕਿ ਮੁਗਲ ਧਾੜਵੀ ਹਿੰਦੂਆਂ ਦੀਆਂ ਕੁੜੀਆਂ ਜਬਰੀ ਚੁੱਕ ਲਿਜਾਇਆ ਕਰਦੇ ਸਨ। ਇਸ ਲਈ ਭਗਤ ਨਾਮਦੇਵ ਦਾ ਵਿਆਹ ਵੀ 8 ਸਾਲ ਦੀ ਉਮਰ ਵਿੱਚ ਗੋਬਿੰਦ ਸੇਠ ਦੀ ਪੁੱਤਰੀ ਰਾਜਾਬਾਈ ਨਾਲ ਹੋਇਆ। ਉਹਨਾਂ ਦੇ ਚਾਰ ਪੁੱਤਰ ਨਾਰਾਇਣ ਦਾਸ, ਮਹਾਂਦੇਵ, ਗੋਬਿੰਦ ਦਾਸ, ਬਿੱਠਲ ਦਾਸ ਤੇ ਇੱਕ ਪੁਤਰੀ ਲਿੰਬਾ ਬਾਈ ਹੋਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਨਾਮਦੇਵ ਦੀ ਬਾਣੀ ਵਾਚਣ ਤੋਂ ਪਤਾ ਲੱਗਦਾ ਹੈ ਕਿ ਆਪ ਦੀ ਭਗਤੀ ਕੇਵਲ ਸੰਸਾਰ ਤਿਆਗ ਵਾਲੀ ਭਗਤੀ ਨਹੀਂ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਾਮਦੇਵ ਜੀ ਦੇ 61 ਸ਼ਬਦ 18 ਰਾਗਾਂ ਵਿੱਚ ਦਰਜ ਹਨ। ਆਪ ਦੀਆਂ ਹੋਰ ਰਚਨਾਵਾਂ ਨਾਮਦੇਵ ਗਾਥਾ ਵਿੱਚ ਸੰਕਲਿਤ 2500 ਮਰਾਠੀ ਅਭੰਗ, 110 ਹਿੰਦੀ ਪਦੇ, ਧਰਮ ਸੰਘਤਾ, ਵੇਦਾਂਤ ਸਾਰ, ਗੀਤਾ ਭਾਸਯ ਆਦਿ। ਆਪ ਨੇ ਭਗਤੀ ਦੇ ਪ੍ਰਚਾਰ ਹਿੱਤ ਦੇਸ਼ ਦੀਆਂ ਯਾਤਰਾਵਾਂ ਕੀਤੀਆਂ। ਇਸ ਲਈ ਦੇਸ਼ ਭਰ ਦੀ ਜਨਤਾ ਤੱਕ ਅਪੜਨ ਲਈ ਆਪ ਨੇ ਮਰਾਠੀ ਭਾਸ਼ਾ ਤੋਂ ਇਲਾਵਾ ਸਾਧ ਭਾਸ਼ਾ ਵਿੱਚ ਬਾਣੀ ਉਚਰੀ ਜਿਸ ਵਿੱਚ ਸਾਰੀਆਂ ਭਾਸ਼ਾਵਾਂ ਦੇ ਸ਼ਬਦ ਮਿਲਦੇ ਹਨ।

ਭਗਤ ਨਾਮਦੇਵ ਜੀ ਦੇ ਜੀਵਨ ਨਾਲ ਬਹੁਤ ਸਾਰੇ ਕੌਤਕ ਵੀ ਜੋੜੇ ਜਾਂਦੇ ਹਨ। ਭਾਵੇਂ ਸ਼ਰਧਾਲੂ ਲੋਕ ਕੁਝ ਕੌਤਿਕ ਮਹਾਂਪੁਰਖਾਂ

ਦੇ ਜੀਵਨ ਨਾਲ ਸਬੰਧਿਤ ਕਰ ਦਿੰਦੇ ਹਨ ਪਰ ਨਾਮਦੇਵ ਜੀ ਦੇ ਕੌਤਿਕਾਂ ਦੀ ਗਵਾਹੀ ਸਾਨੂੰ ਉਹਨਾਂ ਦੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ 'ਚੋਂ ਵੀ ਮਿਲਦੀ ਹੈ। ਇਹ ਕੌਤਿਕ ਕਰਾਮਾਤਾਂ ਨਹੀਂ ਸਗੋਂ ਭਗਤ ਦੇ ਮਨ ਦੀ ਉੱਚੀ ਆਤਮਿਕ ਸਥਿਤੀ ਹੈ, ਅਤੇ ਇਹ ਜੋ ਕੁਝ ਵਾਪਰਦਾ ਹੈ ਗਿਆਨ ਦਾ ਪ੍ਰਕਾਸ਼ ਅਤੇ ਅਗਿਆਨ ਦਾ ਪਰਦਾ ਹੈ। ਦੇਹੁਰਾ ਨਾਮਦੇਵ ਲਈ ਫਿਰਿਆ ਅਤੇ ਪੰਡਤਾਂ ਲਈ ਅਗਿਆਨ ਦਾ ਅੰਧਕਾਰ ਸੀ। ਇਸ ਤਰ੍ਹਾਂ ਦੇਹੁਰਾ ਫਿਰਨਾ, ਗਊ ਜਿੰਦਾ ਕਰਨਾ ਆਦਿ ਕੌਤਕ ਨਾਮਦੇਵ ਨਾਲ ਜੋੜੇ ਹੋਏ ਹਨ।

ਨਾਮਦੇਵ ਜੀ ਸਮੇਂ ਭਾਰਤ ਵਿੱਚ ਜਾਤਪਾਤ ਦਾ ਬੋਲਬਾਲਾ ਸੀ। ਮੰਦਰਾਂ ਮਸੀਤਾਂ ਵਿੱਚ ਸਾਰਿਆਂ ਨੂੰ ਜਾਣ ਦੀ ਆਗਿਆ ਨਹੀਂ ਸੀ। ਹਿੰਦੂ ਅਤੇ ਮੁਸਲਮਾਨ ਦੋ ਪ੍ਰਮੁੱਖ ਜਾਤੀਆਂ ਵਿੱਚ ਵੰਡੇ ਹੋਏ ਸਨ। ਦੋਵੇਂ ਸ਼੍ਰੇਣੀਆਂ ਆਪਣੀ ਆਪਣੀ ਧਾਰਮਿਕ ਉਤਮਤਾ ਸਥਾਪਤ ਕਰਨ ਵਿੱਚ ਲੱਗੀਆਂ ਹੋਈਆਂ ਸਨ। ਹਿੰਦੂਆਂ ਵਿੱਚ ਬ੍ਰਾਹਮਣ ਪ੍ਰਧਾਨ ਸੀ ਤੇ ਮੁਸਲਮਾਨਾਂ ਵਿੱਚ ਕਾਜ਼ੀ। ਮੁਸਲਮਾਨ ਹੁਕਮਰਾਨ ਹੋਣ ਕਾਰਨ ਆਪਣੀ ਹਉਮੈ ਦੇ ਸਿਖਰ ਤੇ ਸਨ। ਦੋਵੇਂ ਜਾਤੀਆਂ ਪ੍ਰਮਾਤਮਾ ਦੇ ਅਸਲ ਗਿਆਨ ਤੋਂ ਅਭਿੱਜ ਸਨ। ਇਸੇ ਲਈ ਭਗਤ ਨਾਮਦੇਵ ਜੀ ਨੇ ਹਿੰਦੂ ਨੂੰ ਅੰਨ੍ਹਾ ਤੇ ਮੁਸਲਮਾਨ ਨੂੰ ਕਾਣਾ ਆਖ ਕੇ ਦੋਹਾਂ ਨਾਲੋਂ ਰੱਬ ਦੇ ਭਗਤ ਨੂੰ ਸਿਆਣਾ ਮੰਨਿਆ ਹੈ।

ਹਿੰਦੂ ਅੰਨ੍ਹਾ ਤੁਰਕੂ ਕਾਣਾ ।।
ਦੋਹਾਂ ਤੇ ਗਿਆਨੀ ਸਿਆਣਾ ।।

ਭਗਤ ਹਰ ਤਰ੍ਹਾਂ ਦੀ ਧਾਰਮਿਕ ਕੱਟੜਤਾ ਤੋਂ ਮੁਕਤ ਸਨ। ਉਹਨਾਂ ਦਾ ਰੱਬ ਮੰਦਰਾਂ ਜਾਂ ਮਸੀਤਾਂ ਦੀਆਂ ਚਾਰ ਦੀਵਾਰੀਆਂ ਵਿੱਚ ਕੈਦ ਨਹੀਂ। ਸਗੋਂ ਨਾਮਦੇਵ ਦਾ ਰੱਬ ਤਾਂ ਸਾਰੇ ਬ੍ਰਹਿਮੰਡ ਵਿੱਚ ਪਸਰਿਆ ਹੋਇਆ ਹੈ।

ਹਿੰਦੂ ਪੂਜੇ ਦੇਹੁਰਾ ਮੁਸਲਮਾਣੁ ਮਸੀਤਿ ।।
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ।।

ਪਰ ਉਸ ਵੇਲੇ ਇਸਲਾਮ ਨੂੰ ਫੈਲਾਉਣ ਦਾ ਹਰ ਤਰੀਕਾ ਵਰਤਿਆ ਜਾਂਦਾ ਸੀ। ਹਾਕਮ ਦਾ ਇਹ ਆਲਮ ਸੀ ਕਿ ਉਹ ਹਰ ਇੱਕ ਨੂੰ ਆਪਣੇ ਧਰਮ ਵਿੱਚ ਰੱਖਣ ਦੀ ਹਉਮੈ ਦਾ ਸ਼ਿਕਾਰ ਸੀ। ਬਾਦਸ਼ਾਹ ਦੀ ਕੱਟੜਤਾ ਤੇ ਹਉਮੈ ਦਾ ਜ਼ਿਕਰ ਭਗਤ ਨਾਮਦੇਵ ਜੀ ਦੀ ਮਾਂ ਦੇ ਹਵਾਲੇ ਨਾਲ ਸਪੱਸ਼ਟ ਕੀਤਾ ਗਿਆ :

ਰੁਦਨੁ ਕਰੈ ਨਾਮੈ ਕੀ ਮਾਈ ।।
ਛੋਡਿ ਰਾਮੁ ਕੀ ਭਜਹਿ ਖੁਦਾਈ ।।

ਨਾਮਦੇਵ ਹਾਕਮ ਦੀ ਹਉਮੈ ਅਤੇ ਪਰਜਾ ਦੇ ਅਗਿਆਨ ਬਾਰੇ ਚੇਤੰਨ ਸਨ। ਉਹਨਾਂ ਨੂੰ ਪਤਾ ਸੀ ਕਿ ਧਾਰਮਿਕ ਅੰਧ ਵਿਸ਼ਵਾਸ ਮੁਗਲਈ ਜ਼ੁਲਮ ਨੂੰ ਠੱਲ੍ਹ ਨਹੀਂ ਪਾ ਸਕਦਾ। ਨਾਮਦੇਵ ਜੀ ਨੇ ਇਕ ਪਾਸੇ ਮੂਰਤੀ ਪੂਜਾ ਵਿੱਚ ਗਲਤਾਨ ਹਿੰਦੂ ਧਰਮ ਦਾ ਵਿਰੋਧ ਕੀਤਾ ਅਤੇ ਦੂਜੇ ਪਾਸੇ ਇਸਲਾਮ ਦੀ ਕੱਟੜਤਾ ਨੂੰ ਵੀ ਰੱਦ ਕੀਤਾ। ਉਹਨਾਂ ਦੀ ਸਿੱਖਿਆ ਦਾ ਕੇਂਦਰ ਮੰਦਰਾਂ, ਮਸੀਤਾਂ ਦੀ ਚਾਰਦੀਵਾਰੀ ਤੋਂ ਮੁਕਤੀ ਹੈ ਤੇ ਮਾਨਵੀ ਕੀਮਤਾਂ ਦੀ ਸਥਾਪਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਨਾਮਦੇਵ ਦੀ ਬਾਣੀ ਦੇ ਆਧਾਰ ਤੇ ਉਹਨਾਂ ਦਾ ਜੀਵਨ ਦਰਸ਼ਨ ਪੇਸ਼ ਕੀਤਾ ਜਾਂਦਾ ਹੈ।

**ਬ੍ਰਹਮ-ਜੋਤ ਸਰੂਪ ਹੈ** : ਭਗਤ ਨਾਮਦੇਵ ਜੀ ਨੇ ਬ੍ਰਹਮ ਦਾ ਸਰੂਪ ਜੋਤਿ ਸਰੂਪ ਦੱਸਿਆ ਹੈ। ਉਹ ਇੰਨਾ ਜੋਤਿ ਸਰੂਪ ਹੈ ਕਿ ਸਾਰੀਆਂ ਜੋਤੀਆਂ ਉੱਥੇ ਲੀਨ ਹਨ ਤੇ ਸਾਰੀਆਂ ਜੋਤੀਆਂ ਉਸ ਤੋਂ ਜੋਤਿਤ ਹਨ। ਉਹ ਇੰਨਾ ਪ੍ਰਕਾਸ਼ਵਾਨ ਹੈ ਕਿ ਸਾਰੇ ਸਰੋਤ ਉਸ ਤੋਂ ਪ੍ਰਕਾਸ਼ ਹਾਸਲ ਕਰਦੇ ਹਨ:

ਜਹ ਝਿਲਿ ਮਿਲਿ ਕਾਰੁ ਦਿਸੰਤਾ ।। ਤਹ ਅਨਹਦ ਸਬਦ ਬਜੰਤਾ ।।
ਜੋਤੀ ਜੋਤਿ ਸਮਾਨੀ।। ਮੈਂ ਗੁਰ ਪਰਸਾਦੀ ਜਾਨੀ ।।

ਇਹ ਜਗਤ ਅਤੇ ਸਰੀਰ ਬ੍ਰਹਮ ਦਾ ਨਿਵਾਸ ਅਸਥਾਨ ਹਨ। ਉਹ ਘਟ-ਘਟ ਵਿੱਚ ਰਹਿੰਦਾ ਹੋਇਆ ਵੀ ਨਿਰਲੇਪ ਹੈ। ਸਾਰੇ ਸੰਸਾਰ ਵਿੱਚ ਕੋਈ ਵੀ ਥਾਂ ਉਸ ਤੋਂ ਖਾਲੀ ਨਹੀਂ:

ਘਟ ਘੱਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ।

ਪਰਮਾਤਮਾ ਦਾ ਨਿਰਾਕਾਰ ਅਤੇ ਅਨਾਦੀ ਸਰੂਪ ਹੁੰਦਿਆਂ ਵੀ ਉਹ ਆਪਣੇ ਭਗਤਾਂ ਦੀ ਸਹਾਇਤਾ ਅਤੇ ਬਿਰਦ ਪਾਲਣ ਹਿਤ ਕਾਰਜ ਕਰਦਾ ਹੈ। ਪਰਮਾਤਮਾ ਦੀ ਕਿਰਪਾ ਕਾਰਨ ਭਗਤਾਂ ਦੇ ਵਿਗੜਦੇ ਕਾਰਜ ਸਿੱਧ ਹੁੰਦੇ ਹਨ। ਦੁਸ਼ਟਾਂ ਅਤੇ ਅਹੰਕਾਰੀਆਂ ਨੂੰ ਮੂੰਹ ਦੀ ਖਾਣੀ ਪੈਂਦੀ ਹੈ। ਇਹ ਭਗਤਾਂ ਦਾ ਅਟੁੱਟ ਵਿਸ਼ਵਾਸ ਹੈ।

**ਜੀਵ-ਆਤਮਾ** - ਜੀਵ ਆਤਮਾ ਦੇ ਭਾਵ ਨੂੰ ਪ੍ਰਗਟ ਕਰਦਿਆਂ ਭਗਤ ਨਾਮਦੇਵ ਜੀ ਨੇ ਸਭ ਘਟ-ਘਟ ਵਿੱਚ ਰਾਮ ਨੂੰ ਬੋਲਦੇ ਸਵੀਕਾਰ ਕੀਤਾ ਹੈ। ਜੇ ਕੋਈ ਨਾਸਤਿਕ ਪਰਮਾਤਮਾ ਦੀ ਸ਼ਕਤੀ ਤੋਂ ਮੁਨਕਰ ਹੋਵੇ, ਤਾਂ ਉਸਨੂੰ ਕਿੰਨੇ ਸੌਖੇ ਤਰੀਕੇ ਨਾਲ ਸਮਝਾਇਆ

ਹੈ :

ਸਭੈ ਘਟ ਰਾਮ ਬੋਲੈ ਰਾਮਾ ਬੋਲੈ।। ਰਾਮ ਬਿਨਾ ਕੋ ਬੋਲੇ ਰੇ।। ਰਹਾਉ।।
ਏਕਲ ਮਾਟੀ ਕੁੰਚਰ ਚੀਟੀ ਭਾਜਨ ਹੈ ਬਹੁ ਨਾਨਾ ਰੇ।।
ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮ ਸਮਾਨਾ ਰੇ।।

ਉਸ ਦੀ ਕ੍ਰਿਤ ਜੀਵ ਤੋਂ ਹੀ ਪਤਾ ਲਗਦਾ ਹੈ, ਕਿ ਇਸ ਦਾ ਸੁਆਮੀ ਪਰਮਾਤਮਾ ਹੈ ਅਤੇ ਪਰਮਾਤਮਾ ਹੀ ਸਭ ਜੀਵਾਂ ਦਾ ਰਚਨਹਾਰ ਹੈ:

ਠਾਕੁਰ ਤੇ ਜਨੁ ਜਨ ਤੇ ਠਾਕੁਰੁ ਖੇਲੁ ਪਰਿਓ ਹੈ ਤੋ ਸਿਉ।।
ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਹਨ ਸੁਨਨ ਕਉ ਦੂਜਾ ।।

**ਮਾਇਆ** : ਮਾਇਆ ਦੇ ਤਿੰਨ ਗੁਣ ਰਜੋ, ਤਮੋ ਤੇ ਸਤੋ, ਤੋਂ ਦ੍ਰਿਸ਼ਟਮਾਨ ਸੰਸਾਰ ਬਣਿਆ ਹੈ। ਮਾਇਆ ਪ੍ਰਮਾਤਮਾ ਦੀ ਸ਼ਕਤੀ ਹੈ ਅਤੇ ਉਸ ਦੀ ਦਾਸੀ ਹੈ। ਸੰਸਾਰ ਦੇ ਵਿਸ਼ੇ ਵਿਕਾਰਾਂ ਅਤੇ ਵਿਸ਼ੇਸ਼ ਕਰਕੇ ਮੋਹ ਜਾਲ ਤੋਂ ਬਚ ਕੇ ਰਹਿਣਾ, ਗੁਰਮੁਖ ਬਿਰਤੀ ਦੱਸੀ ਹੈ।

ਕੈਸੇ ਮਨ ਤਰਹਿਗਾ ਰੇ ਸੰਸਾਰ ਬਿਖੈ ਕੋ ਬਨਾ ।।
ਝੂਠੀ ਮਾਇਆ ਦੇਖਿ ਕੈ ਭੂਲਾ ਰੇ ਮਨਾ ।।

ਮਾਇਆ ਨੂੰ ਜਨਮ ਮਰਨ ਅਤੇ ਆਵਾਗਵਨ ਦਾ ਕਾਰਨ ਦੱਸਿਆ ਗਿਆ ਹੈ।

ਇਹ ਸੰਸਾਰ ਤੇ ਤਬ ਹੀ ਛੂਟਊ ਜਉ ਮਾਇਆ ਨਹ ਲਪਟਾਵਉ ।।
ਮਾਇਆ ਨਾਮ ਗਰਭ ਜੋਨਿ ਕਾ ਇਹ ਤਜਿ ਦਰਸਨੁ ਪਾਵਉ ।।

**ਮਨ** : ਮਨ ਨੂੰ ਭਗਤ ਜੀ ਨੇ ਸ਼ਕਤੀਸ਼ਾਲੀ ਅਤੇ ਜੋਤੀ ਸਰੂਪ ਦੱਸਿਆ ਹੈ। ਮਨ ਨੂੰ ਮਨ ਹੀ ਜਾਣਦਾ ਹੈ, ਜਿਸ ਦਾ ਕਰਤਾ ਪ੍ਰਮਾਤਮਾ ਹੈ। ਹੋਰ ਕੋਈ ਇਸ ਦੀ ਗਤਿ ਨਹੀਂ ਜਾਣਦਾ। ਮਨ ਦੁਆਰਾ ਹੀ ਸਾਰੇ ਸੰਸਾਰਕ ਕਾਰਣ ਹੁੰਦੇ ਹਨ। ਮਨ ਦੀ ਅਵਸਥਾ ਦਾ ਸਰੂਪ ਨਾਮਦੇਵ ਜੀ ਇਸ ਤਰ੍ਹਾਂ ਪੇਸ਼ ਕਰਦੇ ਹਨ:-

ਮਨ ਕੀ ਬਿਰਥਾ ਮਨੁ ਹੀ ਜਾਨੈ ਕੈ ਬੂਝਲ ਆਗੈ ਕਹੀਐ ।।

ਭਗਤ ਜੀ ਨੇ ਮਨ ਨੂੰ ਨਗਰ, ਬਾਜ਼ਾਰ ਅਤੇ ਹੱਟੀ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਸਾਰੇ ਸੌਦੇ ਦਾ ਖਿਲਾਰ ਮਨ ਵਿੱਚ ਹੀ ਹੈ। ਭੇਦ ਰਹਿਤ ਪਰਮਾਤਮਾ ਮਨ ਵਿੱਚ ਵਸਦਾ ਹੈ। ਲੋਕ ਐਵੇਂ ਏਧਰ ਉਧਰ ਭਟਕਦੇ ਹਨ :

ਮਾਨੈ ਹਾਟੁ ਮਾਨੈ ਪਾਟੁ ਮਾਨੈ ਹੀ ਪਸਾਰੀ ।।
ਮਾਨੈ ਬਾਸੈ ਨਾਨਾ ਭੇਦੀ ਭਰਮਤੁ ਹੈ ਸੰਸਾਰੀ ।।

**ਆਵਾਗਵਨ** : ਜਦ ਤੱਕ ਮਨੁੱਖ ਆਪਣੇ ਅੰਦਰ ਬ੍ਰਹਮ ਦੀ ਪਹਿਚਾਣ ਨਹੀਂ ਕਰਦਾ ਤਦ ਤੱਕ ਭਟਕਣ ਅਤੇ ਆਵਾਗਵਨ ਤੋਂ ਨਹੀਂ ਛੁੱਟਦਾ ਅਤੇ ਫਿਰ ਇਸ ਚੱਕਰ ਵਿੱਚ ਬੱਝਾ ਰਹਿੰਦਾ ਹੈ। ਇਹ ਸਭ ਕੁਝ ਪ੍ਰਮਾਤਮਾ ਤੋਂ ਬੇਮੁੱਖ ਹੋਣ ਕਾਰਨ ਹੈ। ਭਗਤ ਜੀ ਦੇ ਹੇਠ ਲਿਖੇ ਬਚਨ ਆਵਾਗਵਨ ਵੱਲ ਸੰਕੇਤ ਕਰਦੇ ਹਨ:

ਅਸਥਾਵਰ ਜੰਗਮ ਕੀਟਿ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ ।।

**ਗੁਰੂ** : ਭਗਤ ਜੀ ਅਨੁਸਾਰ ਇਸ ਆਵਾਗਵਨ ਦੇ ਸੰਸਾਰੀ ਚੱਕਰ ਤੋਂ ਨਾਮ ਸਿਮਰਨ ਰਾਹੀਂ ਗੁਰੂ ਦੀ ਕ੍ਰਿਪਾ ਸਦਕਾ ਹੀ ਬਚਿਆ ਜਾ ਸਕਦਾ ਹੈ। ਨਾਮਦੇਵ ਜੀ ਅਨੁਸਾਰ ਨਾਮ ਸਿਮਰਨ ਦੁਆਰਾ ਇਹ ਸਮਝ ਆ ਜਾਂਦੀ ਹੈ ਕਿ ਹਸਤੀ ਦਾ ਆਦਰਸ਼ ਪਰਮਾਤਮਾ ਵਿੱਚ ਲੀਨ ਹੋਣਾ ਹੈ :

ਨਾਮਦੇਇ ਸਿਮਰਨੁ ਕਰ ਜਾਨਾ ।
ਜਗਜੀਨ ਸਿਉ ਜੀਉ ਸਮਾਨਾ ।

ਭਗਤ ਜੀ ਯਕੀਨ ਦੁਆਉਂਦੇ ਹਨ ਕਿ ਬਚਾਉ ਦੇ ਦੋ ਹੀ ਸਹਾਰੇ ਹਨ, ਇੱਕ ਪ੍ਰਮਾਤਮਾ ਦੀ ਮਿਹਰ ਤੇ ਦੂਜਾ ਗੁਰੂ ਦੀ ਅਗਵਾਈ। ਮਾਨਵ ਵਾਸਤੇ ਸਭ ਤੋਂ ਵੱਡੀ ਮੰਗ ਗੁਰੂ ਦਾ ਆਸਰਾ ਹੈ, ਗੁਰੂ ਦੀ ਸ਼ਰਨ ਜਾਣਾ ਹੈ। ਨਾਮਦੇਵ ਜੀ ਦੱਸਦੇ ਹਨ ਕਿ ਛੀਂਬੇ ਦੇ ਘਰ ਜਨਮ ਲੈ ਕੇ ਪ੍ਰਭੂ ਦੇ ਉਪਦੇਸ਼ ਚੰਗੇ ਲੱਗਣ ਕਰਕੇ ਪ੍ਰਭੂ ਦੇ ਮਿਲਾਪ ਦੀ ਪ੍ਰਾਪਤੀ ਹੋਈ :

ਛੀਪੇ ਕੇ ਘਰ ਜਨਮੁ ਦੈਲਾ ਗੁਰਦੇਸੁ ਭੇਲਾ ।।
ਸੰਤਹ ਕੈ ਪਰਸਾਦਿ ਨਾਮਾ ਹਰਿ ਭੇਟੁਲਾ ।।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤ ਨਾਮਦੇਵ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਕੀਤਾ। ਭਗਤ ਜੀ ਨੇ ਸਾਰੇ ਦੇਸ਼ ਵਿੱਚ ਪ੍ਰਮਾਤਮਾ ਦੇ ਨਾਮ ਦੀ ਭਗਤੀ ਦਾ ਪ੍ਰਚਾਰ ਕੀਤਾ। ਉਹਨਾਂ ਦਾ ਜਨਮ ਮਹਾਂਰਾਸ਼ਟਰ ਵਿੱਚ ਹੋਇਆ ਅਤੇ ਅੰਤਮ ਸਮਾਂ ਪੰਜਾਬ

ਦੇ ਪਿੰਡ ਘੁਮਾਣ, ਜ਼ਿਲ੍ਹਾ ਗੁਰਦਾਸਪੁਰ ਵਿੱਚ ਬੀਤਿਆ ਤੇ ਦਿਹਾਂਤ 1350 ਈ. ਵਿੱਚ ਹੋਇਆ। ਸਾਰਾ ਜੀਵਨ ਆਪ ਮਾਨਵਤਾ ਦੇ ਕਲਿਆਣ ਲਈ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਆਪਣੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਦੇ ਰਹੇ।

## ਭਗਤ ਰਵਿਦਾਸ
## (ਜੀਵਨ ਤੇ ਸਿਖਿਆ)

**ਰੂਪ ਰੇਖਾ** : ਭਗਤ ਰਵਿਦਾਸ ਜੀ ਦਾ ਮਧ ਯੁਗ ਦੇ ਸੰਤਾਂ ਭਗਤਾਂ ਵਿਚ ਮਹੱਤਵਪੂਰਨ ਸਥਾਨ ਹੈ। ਭਗਤ ਜੀ ਦੇ ਜੀਵਨ ਵੇਰਵਿਆਂ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਉਨ੍ਹਾਂ ਦੀ ਰਚਨਾ ਅਤੇ ਗੁਰੂ ਸਾਹਿਬ ਦੁਆਰਾ ਉਨ੍ਹਾਂ ਬਾਰੇ ਪ੍ਰਗਟ ਕੀਤੇ ਵਿਚਾਰ ਹੀ ਭਰੋਸੇਯੋਗ ਸੋਮਾ ਹੈ। ਭਗਤ ਜੀ ਦੀਆਂ ਕੁਝ ਸਾਖੀਆਂ ਪ੍ਰਾਪਤ ਹਨ, ਜਿਨ੍ਹਾਂ ਤੋਂ ਉਨ੍ਹਾਂ ਦੇ ਜੀਵਨ-ਵੇਰਵਿਆਂ ਦੀ ਜਾਣਕਾਰੀ ਹੁੰਦੀ ਹੈ। ਸ੍ਰੀ ਹਰੀਸ਼ ਚੰਦਰ ਅਤੇ ਭਾਈ ਬਰਕਤ ਸਿੰਘ ਇਨ੍ਹਾਂ ਜਨਮ ਸਾਖੀਆਂ ਦੇ ਕਰਤਾ ਹਨ। ਹੋਰ ਖੋਜਕਾਰਾਂ ਨੇ ਵੀ ਭਗਤ ਜੀ ਦੇ ਜੀਵਨ ਦੇ ਕੁਝ ਕੁ ਵੇਰਵੇ ਦਿੱਤੇ ਹਨ, ਜਿਨ੍ਹਾਂ ਵਿਚ ਮਤਭੇਦ ਹਨ।

ਇਤਿਹਾਸਕ ਪ੍ਰਸੰਗ ਵਿਚ ਭਗਤ ਰਵਿਦਾਸ ਜੀ ਬਨਾਰਸ ਦੇ ਵਸਨੀਕ ਸਨ। ਇਹ ਸ਼ਹਿਰ ਸਨਾਤਨੀ ਬ੍ਰਾਹਮਣੀ ਧਰਮ ਦਾ ਭਾਰਾ ਕੇਂਦਰ ਸੀ। ਕਰਮ ਕਾਂਡੀ ਬ੍ਰਾਹਮਣ ਛੂਆ-ਛੂਤ ਨੂੰ ਕਰੜੇ ਰੂਪ ਵਿਚ ਮੰਨਦੇ ਸਨ। ਨੀਵੀ ਜਾਤਿ ਦੇ ਲੋਕਾਂ ਦਾ ਜੀਵਨ ਦੁਖੀ ਸੀ। ਉੱਚੀ ਜਾਤਿ ਦੇ ਲੋਕ ਨੀਵੀਂ ਜਾਤਿ ਵਾਲਿਆਂ ਨੂੰ ਆਪਣੇ ਉਤੇ ਪਰਛਾਵਾਂ ਨਹੀਂ ਸੀ ਪੈਣ ਦਿੰਦੇ। ਛੋਟੀਆਂ ਜਾਤਾਂ ਜੁਲਾਹਾ, ਚਮਾਰ, ਨਾਈ, ਛੀਂਬਾ ਆਦਿ ਨੂੰ ਸ਼ੂਦਰ ਮੰਨਿਆ ਜਾਂਦਾ ਸੀ। ਉਨ੍ਹਾਂ ਨੂੰ ਮੰਦਰਾਂ ਵਿਚ ਆਉਣ ਦੀ ਮਨਾਹੀ ਸੀ ਅਤੇ ਪੂਜਾ ਪਾਠ ਦੇ ਅਧਿਕਾਰਾਂ ਤੋਂ ਵੰਚਿਤ ਰਖਿਆ ਜਾਂਦਾ ਸੀ। ਜਾਤਿ ਦੀ ਉਚਤਾ ਦੇ ਨਾਲ ਹੀ ਬੁੱਧੀ, ਧਰਮ ਅਤੇ ਕਰਮ ਦੀ ਉੱਚਤਾ ਨੂੰ ਮੰਨਿਆ ਜਾਂਦਾ ਸੀ। ਭਗਤ ਰਵੀਦਾਸ ਚਮਾਰ ਜਾਤਿ ਵਿਚ ਜਨਮੇ, ਪਲੇ ਅਤੇ ਪੁਰਖੀ ਕਿਤਾ ਕਰਦੇ ਹੋਏ ਜੀਵਨ ਨਿਰਬਾਹ ਦੁਆਰਾ ਪ੍ਰਭੂ ਭਗਤੀ ਵਿਚ ਪ੍ਰਪੱਕ ਹੋਏ। ਭਗਤੀ ਦੁਆਰਾ ਉਹ ਲੌਕਿਕ ਅਤੇ ਪਰਾਲੌਕਿਕ ਸਨਮਾਨ ਦੇ ਭਾਗੀ ਬਣੇ।

**ਜੀਵਨ** : ਭਗਤ ਰਵਿਦਾਸ ਜੀ ਦਾ ਜਨਮ ਕਦੋਂ ਹੋਇਆ ਅਤੇ ਉਨ੍ਹਾਂ ਦੇ ਮਾਤਾ ਪਿਤਾ ਦਾ ਕੀ ਨਾਮ ਸੀ ਇਸ ਬਾਰੇ ਵਿਦਵਾਨਾਂ ਵਿਚ ਮਤਭੇਦ ਹਨ। ਭਾਈ ਬਰਕਤ ਸਿੰਘ ਜੀ ਨੇ ਭਗਤ ਰਵਿਦਾਸ ਜੀ ਦੇ ਪਿਤਾ ਦਾ ਨਾਮ ਸੰਤੋਖ ਦਾਸ ਤੇ ਮਾਤਾ ਦਾ ਨਾਮ ਕੋਸਾ ਦੇਵੀ ਲਿਖਿਆ ਹੈ। ਅਚਾਰਯ ਪਰਸ਼ੂ ਰਾਮ ਚਤੁਰਵੇਦੀ ਨੇ ਪਿਤਾ ਦਾ ਨਾਮ ਰਾਹੂ ਅਤੇ ਮਾਤਾ ਦਾ ਨਾਮ ਕਰਮਾਂ ਦਸਿਆ ਹੈ ਅਤੇ ਰਵਿਦਾਸ ਜੀ ਦੀ ਪਤਨੀ ਦਾ ਨਾਮ ਲੋਨਾ ਦਸਿਆ ਹੈ। ਬਿਲਵੇਡੀਅਰ ਪ੍ਰੈਸ ਦੁਆਰਾ ਛਾਪੀ ਗਈ ਜੀਵਨੀ ਵਿਚ ਪਿਤਾ ਦਾ ਨਾਮ ਰਘੂ ਅਤੇ ਮਾਤਾ ਦਾ ਨਾਮ ਧੁਰਬਿਨੀਆ ਲਿਖਿਆ ਹੈ।

ਭਗਤ ਜੀ ਦੀ ਜਨਮ ਤਿਥੀ ਬਾਰੇ ਵਿਦਵਾਨਾਂ ਵਿਚ ਮਤਭੇਦ ਹੈ। ਇਹ ਸਾਰੇ ਮੰਨਦੇ ਹਨ ਕਿ ਆਪ ਸ੍ਰੀ ਰਾਮਾ ਨੰਦ ਜੀ ਦੇ ਚੇਲੇ ਅਤੇ ਕਬੀਰ ਜੀ ਦੇ ਸਮਕਾਲੀ ਸਨ। ਭਗਤ ਰਵਿਦਾਸ ਜੀ ਦੀ ਜਨਮ ਸਾਖੀ ਦੇ ਕਰਤਾ ਭਾਈ ਬਰਕਤ ਸਿੰਘ ਨੇ ਆਪ ਦੇ ਜਨਮ ਬਾਰੇ ਲਿਖਿਆ ਹੈ :

ਪੱਖ ਚਾਨਣਾ ਐਤਵਾਰ ਦਿਨ ਤੜਕੇ ਸੁਵਾਂਤ ਨਛੱਤਰ।।
ਸੰਮਤ ਬਿਕ੍ਰਮ ਜੀ ਦਾ ਹੈਸੀ ਚੌਦਾ ਸੋ ਅਕੱਤਰ।।
ਜਨਮ ਲਿਆ ਰਵਿਦਾਸ ਨੇ ਰਵ ਤੋ ਤੇਜ ਉਜਾਲਾ।।

ਇਸ ਤੋਂ ਸਿੱਧ ਹੁੰਦਾ ਹੈ ਕਿ ਆਪ ਜੀ ਦਾ ਜੀਵਨ-ਕਾਲ ਚੌਧਵੀ ਅਤੇ ਪੰਦਰਵੀਂ ਸਦੀ ਵਿਚਕਾਰ ਦਾ ਹੈ। ਜਨ-ਸ਼ੁਰੁਤੀ ਦੇ ਅਨੁਸਾਰ ਆਪ ਜੀ ਦਾ ਜਨਮ 1376 ਈਸਵੀ ਵਿਚ ਹੋਇਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਦੇ ਹਵਾਲਿਆਂ ਤੋਂ ਸਪਸ਼ਟ ਹੁੰਦਾ ਹੈ ਕਿ ਭਗਤ ਜੀ ਬਨਾਰਸ ਦੇ ਵਾਸੀ ਸਨ। ਆਪ ਚਮਾਰ ਜਾਤਿ ਦੇ ਸਨ, ਜੋ ਪਿਤਾ ਪੁਰਖੀ ਕਿੱਤਾ ਸੀ। ਪ੍ਰਭੂ ਭਗਤੀ ਕਾਰਨ ਆਪ ਮਹਾਨ ਸੰਤ ਹੋਏ ਅਤੇ ਉਚ ਜਾਤੀ ਦੇ ਬ੍ਰਾਹਮਣ ਵੀ ਆਪ ਦੀ ਡੰਡੌਤ ਕਰਦੇ ਸਨ। ਭਗਤ ਜੀ ਦੇ ਬਚਨ ਪ੍ਰਮਾਣ ਹਨ :

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ।।...
ਮੇਰੀ ਜਾਤਿ ਕੁਟਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ।।
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ।।

(ਰਾਗ ਮਲਾਰ, ਪੰਨਾ 1293)

ਭਗਤ ਰਵਿਦਾਸ ਜੀ ਸੰਬੰਧੀ ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਭਾਈ ਗੁਰਦਾਸ ਜੀ ਨੇ ਆਪਣੇ ਵਿਚਾਰ ਇਸ ਪ੍ਰਕਾਰ ਦਰਸਾਏ ਹਨ :

(ੳ) ਰਵਿਦਾਸੁ ਚਮਾਰੁ ਉਸਤਿਤ ਕਰੇ ਹਰਿ ਕੀਰਤਿ ਨਿਮਖ ਇਕ ਗਾਇ।।
ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ।
(ਸੂਹੀ ਮਹਲਾ 4, ਪੰਨਾ 773)

(ਅ) ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ।।
ਪਰਗਟੁ ਹੋਆ ਸਾਧ ਸੰਗਿ ਹਰਿ ਦਰਸਨੁ ਪਾਇਆ।।
(ਆਸਾ ਮਹਲਾ 5, ਪੰਨਾ 487)

(ੲ) ਭਗਤੁ ਭਗਤੁ ਜਗਿ ਵਜਿਆ ਚਹੁ ਚਕਾਂ ਦੇ ਵਿਚਿ ਚਮਿਰੇਟਾ।।
ਪਾਣ੍ਹਾ ਗੰਢੇ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ।।
(ਭਾਈ ਗੁਰਦਾਸ, 10-17)

ਭਗਤ ਰਵਿਦਾਸ ਜੀ ਦੇ ਜੀਵਨ ਸਮਾਚਾਰਾਂ ਸੰਬੰਧੀ ਬਹੁਤ ਜਾਣਕਾਰੀ ਉਪਲਬਧ ਨਹੀਂ ਹੈ। ਉਨ੍ਹਾਂ ਦੇ ਜੀਵਨ ਦੇ ਸੰਬੰਧ ਵਿਚ ਅਨੇਕ ਅਲੌਕਿਕ ਕਰਾਮਾਤਾਂ ਮਿਲਦੀਆਂ ਹਨ, ਜਿਹਾ ਕਿ ਰਾਜੇ ਰਾਣੀਆਂ ਦਾ ਰਵਿਦਾਸ ਦਾ ਸ਼ਿਸ਼ ਬਣਨਾ, ਸੱਚ ਅੱਗੇ ਜਾਤਿ ਅਭਿਮਾਨੀ ਪੰਡਤਾ ਨੂੰ ਝੁਕਾ ਦੇਣਾ, ਸਚੀ ਪ੍ਰੇਮ-ਭਗਤੀ ਸਦਕਾ ਗੰਗਾ ਮਾਈ ਦਾ ਹੱਥ ਬਾਹਰ ਕੱਢ ਕੇ ਦਮੜੀ ਕਬੂਲ ਕਰਨਾ ਅਤੇ ਸੋਨੇ ਦਾ ਕੜਾ ਬਖਸ਼ਿਸ਼ ਵਜੋਂ ਭੇਟ ਕਰਨਾ ਆਦਿ ਰਾਂਹੀ (ਧਰਮ ਦੇ ਠੇਕੇਦਾਰ ਪੰਡਤਾਂ ਦੀਆਂ ਮੂਰਤੀਆਂ ਦਾ ਜੜ੍ਹ ਰਹਿਣਾ ਤੇ) ਰਵਿਦਾਸ ਜੀ ਦੀ ਸ਼ਖਸੀਅਤ ਦੇ ਅਨੇਕ ਪੱਖ ਉਜਾਗਰ ਹੁੰਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਚਨਾ ਵੀ ਉਨ੍ਹਾਂ ਦੀ ਸ਼ਖਸੀਅਤ ਨੂੰ ਰੂਪਮਾਨ ਕਰਦੀ ਹੈ।

ਬਚਪਨ ਤੋਂ ਹੀ ਰਵਿਦਾਸ ਜੀ ਸਾਧੂ ਬਿਰਤੀ ਦੇ ਇਨਸਾਨ ਸਨ। ਕਿਹਾ ਜਾਂਦਾ ਹੈ ਕਿ ਇਨ੍ਹਾਂ ਨੂੰ ਪਾਠਸ਼ਾਲਾ ਪੜ੍ਹਨੇ ਪਾਇਆ ਗਿਆ, ਪਰ ਪੜ੍ਹਾਈ ਵਲ ਮਨ ਨਹੀਂ ਲਗਿਆ। ਉਹ ਬਹੁਤ ਸਮਾਂ ਸੰਤਾਂ ਦੀ ਸੰਗਤ, ਉਨ੍ਹਾਂ ਦੀ ਸੇਵਾ ਅਤੇ ਭਗਤੀ ਸਿਮਰਨ ਵਿਚ ਚਿੱਤ ਜੋੜੀ ਰਖਦੇ। ਕੁਝ ਇਕ ਲਿਖਾਰੀਆਂ ਨੇ ਲਿਖਿਆ ਹੈ ਕਿ ਛੋਟੀ ਉਮਰੇ ਹੀ ਸਿਮਰਨ ਕਾਰਨ ਆਪ ਦੇ ਬੁਲ੍ਹ ਫਰਕਦੇ ਰਹਿੰਦੇ ਸਨ।

ਮਾਤਾ ਪਿਤਾ ਦੇ ਹੁਕਮ ਵਿਚ ਜੁੱਤੀਆਂ ਬਣਾਉਣ ਦਾ ਕਾਰ ਵਿਹਾਰ ਕਰਦੇ ਰਹੇ। ਪਰ ਦੁਨਿਆਵੀ ਕੰਮਾਂ ਧੰਦਿਆਂ ਨਾਲ ਆਪ ਨੇ ਰਤਾ ਮੋਹ ਨਹੀਂ ਦਿਖਾਇਆ। ਜੋ ਕਮਾਉਂਦੇ ਸਨ ਉਸ ਨੂੰ ਲੋੜਵੰਦਾਂ ਅਤੇ ਭਲੇ ਪੁਰਸ਼ਾਂ ਦੀ ਸੇਵਾ ਵਿਚ ਖਰਚ ਦਿੰਦੇ। ਆਪਣਾ ਜੀਵਨ ਸਬਰ ਸੰਤੋਖ ਨਾਲ ਗੁਜ਼ਾਰਦੇ ਸਨ। ਮਾਤਾ ਪਿਤਾ ਉਨ੍ਹਾਂ ਦੀ ਇਸ ਰਹਿਣੀ ਤੋਂ ਅਸੰਤੁਸ਼ਟ ਸਨ। ਉਨ੍ਹਾਂ ਆਪ ਨੂੰ ਦੁਨਿਆਵੀ ਪਾਸੇ ਵਲ ਲਾਉਣ ਤੇ ਕਾਰ ਵਿਹਾਰ ਵਿਚ ਮਨ ਜੋੜਨ ਲਈ ਆਪ ਦੀ ਸ਼ਾਦੀ ਕਰ ਦਿੱਤੀ ਇਸ ਆਸ ਤੇ ਕਿ ਵਿਆਹ ਪਿਛੋਂ ਘਰ ਵਸਾਏਗਾ ਅਤੇ ਦੁਨਿਆਦਾਰੀ ਦੇ ਕੰਮਾਂ ਕਾਜਾਂ ਵਿਚ ਲੱਗ ਜਾਏਗਾ। ਆਪਦੀ ਪਤਨੀ ਵੀ ਨੇਕ ਤੇ ਸਾਧੂ ਸੁਭਾਅ ਦੀ ਸੀ। ਇਸ ਲਈ ਉਨ੍ਹਾਂ ਦੇ ਨਿੱਤ ਕਰਮ ਵਿਚ ਕੋਈ ਫਰਕ ਨਾ ਆਇਆ। ਰਵਿਦਾਸ ਜੀ ਦੀ ਅਜੇਹੀ ਅਵਸਥਾ ਵੇਖ ਕੇ ਮਾਪਿਆਂ ਇਸ ਖਿਆਲ ਨਾਲ ਅੱਡ ਕਰ ਦਿੱਤਾ ਕਿ ਆਪਣੀ ਜ਼ਿੰਦਗੀ ਦੀ ਜ਼ਿੰਮੇਵਾਰੀ ਆਪ ਚੁੱਕੇਗਾ ਤਾਂ ਆਪੇ ਹੀ ਸਿੱਧੇ ਰਾਹ ਉਪਰ ਆ ਜਾਏਗਾ। ਆਪ ਨੇ ਰਹਿਣ ਲਈ ਕੱਖਾਂ ਦਾ ਛੱਪਰ ਬਣਾ ਲਿਆ ਤੇ ਕਿਰਤ ਕਾਰ ਕਰਕੇ ਆਪਣਾ ਆਹਾਰ ਤੋਰਨ ਲੱਗੇ। ਇਸ ਕਮਾਈ ਵਿਚੋਂ ਉਹ ਲੋੜਵੰਦਾਂ ਦੀ ਸਹਾਇਤਾ ਕਰਦੇ ਤੇ ਆਪਣਾ ਗੁਜ਼ਾਰਾ ਸਬਰ ਸੰਤੋਖ ਨਾਲ ਕਰਦੇ। ਕਿਹਾ ਜਾਂਦਾ ਹੈ ਕਿ ਉਹ ਜਦੋਂ ਕਦੇ ਕਿਸੇ ਸਾਧੂ ਨੂੰ ਨੰਗੇ ਪੈਰ ਵੇਖਦੇ ਤਾਂ ਉਸ ਨੂੰ ਨਵੀਆਂ ਜੁੱਤੀਆਂ ਭੇਟਾ ਕਰ ਦਿੰਦੇ ਇੰਜ ਕਾਰਵਿਹਾਰ ਕਰਕੇ ਪਰਮਾਤਮਾ ਵਿਚ ਲੀਨ, ਸੇਵਾ-ਭਾਵ ਵਾਲਾ ਸੰਤੁਸ਼ਟ ਜੀਵਨ ਗੁਜ਼ਾਰਦੇ। ਆਪ ਦੇ ਬਚਨ ਹਨ :

ਦਾਰਿਦੁ ਦੇਖਿ ਸਭੁ ਕੋ ਹਸੈ ਐਸੀ ਦਸਾ ਹਮਾਰੀ।।
(ਬਿਲਾਵਲ, ਪੰਨਾ 858)

ਕੁੰਭ ਦੇ ਮੇਲੇ ਵਾਲੀ ਕਥਾ ਬਹੁਤ ਰੌਚਕ ਹੈ। ਇਸ ਦੀ ਪੁਸ਼ਟੀ ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਕੀਤੀ ਹੈ। ਇਸ ਤੋਂ ਉਨ੍ਹਾ ਦੀ ਸੱਚੀ ਪ੍ਰੇਮ-ਭਗਤੀ ਦਾ ਪੱਖ ਉਘੜਦਾ ਹੈ। ਬ੍ਰਿਤਾਂਤ ਇਸ ਪ੍ਰਕਾਰ ਹੈ ਕਿ ਇਕ ਵਾਰ ਕੁੰਭ ਦੇ ਮੇਲੇ ਤੇ ਲੋਕ ਹਰਿਦੁਆਰ ਜਾ ਰਹੇ ਸਨ। ਰਵਿਦਾਸ ਜੀ ਉਸੇ ਹੀ ਰਾਹ ਤੇ ਬੈਠੇ ਜੁਤੀਆਂ ਸੀਉਂਦੇ ਸਨ। ਚਿਤੋੜ ਦੇ ਇਕ ਬ੍ਰਾਹਮਣ ਨੇ ਜਿਹੜਾ ਕੁੰਭ ਦੇ ਮੇਲੇ ਲਈ ਜਾ ਰਿਹਾ ਸੀ, ਰਵਿਦਾਸ ਜੀ ਤੋਂ ਆਪਣੀ ਜੁੱਤੀ ਗੰਢਾਈ ਤੇ ਕੰਮ ਕਰਾਈ ਇਕ ਦਮੜੀ ਦਿੱਤੀ। ਰਵਿਦਾਸ ਜੀ ਨੇ ਉਹ ਦਮੜੀ ਬ੍ਰਾਹਮਣ ਨੂੰ ਦੇ ਦਿੱਤੀ ਤੇ ਕਿ ''ਮੇਰੇ ਵਲੋਂ ਗੰਗਾ ਮਾਈ ਨੂੰ ਭੇਟਾ ਦੇ ਦੇਈ। ਹਾਂ, ਗੰਗਾ ਮਾਈ ਦੇ ਹੱਥ ਵਿਚ ਦੇਵੀ, ਗੰਗਾ ਵਿਚ ਸੁਟੀ ਨਾਂਹ''। ਪੁਰਬ ਦੇ ਸਮੇਂ ਉਹ ਬ੍ਰਾਹਮਣ ਜਦੋਂ ਹਰਦੁਆਰ ਵਿਖੇ ਰਹਿ ਕੀ ਪਉੜੀ ਉਪਰ ਇਸ਼ਨਾਨ ਕਰਨ ਲਈ ਗਿਆ ਤਾਂ ਰਵਿਦਾਸ ਦੀ ਭੇਟ ਯਾਦ ਆਈ ਕਿ ਗੰਗਾ ਮਾਈ ਨੂੰ ਦਮੜੀ ਦੇਣੀ ਹੈ। ਜਦੋਂ ਉਸਨੇ ਦਮੜੀ ਹੱਥ ਵਿਚ ਫੜ ਕੇ ਗੰਗਾ ਮਾਈ ਨੂੰ ਰਵਿਦਾਸ ਜੀ ਵਲੋਂ ਭੇਟਾ ਲੈਣ ਲਈ ਕਿਹਾ ਤਾਂ ਸੱਚਮੁਚ ਹੀ ਗੰਗਾ ਮਾਈ ਨੇ ਬਾਂਹ ਬਾਹਰ ਕੱਢੀ ਤੇ ਦਮੜੀ ਲੈ ਗਈ।

ਭਗਤ ਜੀ ਸਾਦਾ ਅਤੇ ਪਰਉਪਕਾਰੀ ਜੀਵਨ ਗੁਜ਼ਾਰਦੇ ਸਨ, ਜਿਸ ਕਾਰਨ ਆਪ ਹਰਮਨ ਪਿਆਰੇ ਬਣ ਗਏ। ਇਉਂ ਉਨ੍ਹਾਂ ਦੇ ਸਬਰ ਸੰਤੋਖ ਵਾਲੇ ਜੀਵਨ ਅਤੇ ਸੇਵਾ-ਭਾਵ ਦੀ ਸੁਗੰਧ ਚੁਫੇਰੇ ਪਸਰ ਗਈ। ਕਈ ਸਾਧੂ ਸੰਤ ਤੇ ਭਲੇ ਪੁਰਸ਼ ਆਪ ਪਾਸ ਆਉਣ ਲੱਗੇ ਅਤੇ ਰਵੀਦਾਸ ਜੀ ਦੇ ਉੱਚੇ ਜੀਵਨ ਤੇ ਉੱਚੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਸ਼ਰਧਾਲੂ ਬਣਨ ਲਗੇ। ਇਸ ਤੇ ਪੰਡਤ ਲੋਕਾਂ ਦਾ ਈਰਖਾਲੂ ਹੋਣਾ ਸੁਭਾਵਿਕ ਸੀ। ਉਨ੍ਹਾਂ ਨੂੰ ਆਪਣੀ ਮਾਨਤਾ ਖੁਸਦੀ ਜਾਪੀ ਕਿ ਇਹ ਚਮਾਰ ਹੁੰਦਾ ਹੋਇਆ ਲੋਕਾਂ ਨੂੰ ਭਗਤੀ ਦਾ ਰਾਹ ਦੱਸਦਾ ਹੈ। ਇਹ ਅਧਿਕਾਰ ਤਾਂ ਸਿਰਫ ਪੰਡਤਾਂ ਨੂੰ ਹੀ ਹੈ। ਇਸ ਬਾਰੇ ਭਗਤ ਜੀ ਦੀ ਬਾਣੀ ਵਿਚੋਂ ਪੁਸ਼ਟੀ ਹੋ ਜਾਂਦੀ ਹੈ। ਆਪ ਜੀ ਨੇ ਕਿਹਾ ਕਿ ਮੈਂ ਜਾਤ ਦਾ ਤਾਂ ਚਮਾਰ ਹਾਂ ਪਰ ਮੇਰੇ ਅੰਦਰ ਪਵਿੱਤਰ ਪ੍ਰਭੂ ਦਾ ਵਾਸ ਹੈ। ਨਗਰ ਵਾਸੀਓ ! ਭਾਵੇਂ ਮੇਰੀ ਜਾਤਿ ਚਮਾਰ ਹੈ, ਪਰ ਪ੍ਰਭੂ-ਨਾਮ ਲੈਣ ਵਾਲਿਆਂ ਨੂੰ ਉਤਮ ਕਰ ਦਿੰਦਾ ਹੈ। ਜਿਵੇਂ ਗੰਗਾ ਦੇ ਪਵਿੱਤਰ ਜਲ ਨਾਲ ਮਿਲ ਕੇ ਦੂਜਾ ਜਲ ਵੀ ਪਵਿੱਤਰ ਹੋ ਜਾਂਦਾ ਹੈ ਤੇ ਤਾੜ ਦੇ ਮਾੜੇ ਪਤਿਆਂ ਤੇ ਜੇ ਪ੍ਰਭੂ ਦਾ ਨਾਮ ਲਿਖਿਆ ਜਾਏ ਤਾਂ ਉਹ ਪੂਜਨੀਕ ਹੋ ਜਾਂਦੇ ਹਨ ਇਵੇਂ ਨੀਚ ਘਰ ਜਨਮਿਆਂ ਮਾਨਵ ਭਗਤੀ ਸਦਕਾ ਉੱਚਾ ਹੋ ਜਾਂਦਾ ਹੈ ਤੇ ਉੱਚੀ ਕੁਲ ਵਾਲਾ ਮਾੜੇ ਕਰਮਾਂ ਕਰਕੇ ਨੀਵਾਂ ਹੋ ਜਾਂਦਾ ਹੈ।

ਇਕ ਵਾਰ ਇਕ ਸਾਧੂ ਰਵਿਦਾਸ ਜੀ ਪਾਸ ਆਇਆ ਤੇ ਕੁਝ ਸਮਾਂ ਠਹਿਰਿਆ ਸੀ। ਆਪ ਨੇ ਸਾਧੂ ਦੀ ਬੜੀ ਸ਼ਰਧਾ ਨਾਲ ਆਉ ਭਗਤ ਕੀਤੀ। ਉਸ ਨੇ ਭਗਤ ਜੀ ਦੀ ਗਰੀਬੀ ਅਤੇ ਸਬਰ ਸੰਤੋਖ ਵਾਲੀ ਜ਼ਿੰਦਗੀ ਨੂੰ ਨੇੜਿਉਂ ਵੇਖਿਆ ਅਤੇ ਮਹਿਸੂਸ ਕੀਤਾ ਕਿ ਇਨ੍ਹਾਂ ਕੋਲ ਜੀਵਨ ਦੇ ਲੋੜੀਂਦੇ ਸਾਧਨ ਪੂਰੇ ਨਹੀਂ ਹਨ। ਜਾਣ ਲੱਗਿਆਂ ਉਸ ਨੇ ਆਪਣੀ ਪਾਰਸ-ਵਟੀ ਰਵਿਦਾਸ ਜੀ ਨੂੰ ਦੇ ਦਿੱਤੀ ਤੇ ਕਿਹਾ, ਜਿਸ ਧਾਤ ਨਾਲ ਇਸ ਨੂੰ ਲਗਾਉਗੇ ਉਹ ਸੋਨਾ ਬਣ ਜਾਏਗੀ। ਭਗਤ ਜੀ ਨੇ ਇਹ ਪਾਰਸ-ਵਟੀ ਇਕ ਪਾਸੇ ਰੱਖ ਦਿੱਤੀ। ਉਹ ਸਾਧੂ ਲੰਮੇ ਅਰਸੇ ਪਿਛੋਂ ਮੁੜ ਰਵੀਦਾਸ ਜੀ ਕੋਲ ਆਇਆ ਤਾਂ ਵੇਖਿਆ ਕਿ ਰਵਿਦਾਸ ਜੀ ਉਸੇ ਹੀ ਅਵਸਥਾ ਵਿੱਚ, ਉਵੇਂ ਹੀ ਰਹਿ ਰਹੇ ਹਨ। ਉਹ ਰਵਿਦਾਸ ਜੀ ਦੇ ਤਿਆਗ ਵੈਰਾਗ ਤੋਂ ਬੜਾ ਪ੍ਰਭਾਵਤ ਹੋਇਆ। ਕੁਝ ਸਾਖੀਕਾਰਾਂ ਨੇ ਇਸ ਘਟਨਾ ਬਾਰੇ ਇਹ ਲਿਖਿਆ ਹੈ ਕਿ ਪਰਮਾਤਮਾ ਨੇ ਭਗਤ ਜੀ ਦਾ ਇਮਤਿਹਾਨ ਲੈਣ ਲਈ ਆਪ ਸਾਧੂ ਦਾ ਰੂਪ ਧਾਰਿਆ ਸੀ।

ਰਚਨਾ ਦਾ ਵੇਰਵਾ ਅਤੇ ਸਰਵੇਖਣ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਰਵਿਦਾਸ ਜੀ ਦੁਆਰਾ ਰਚਿਤ ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ-
ਸਿਰੀ ਰਾਗ-1, ਗਉੜੀ ਰਾਗ-5, ਆਸਾ ਰਾਗ-6, ਗੂਜਰੀ-1, ਸੋਰਠਿ-7, ਧਨਾਸਰੀ-1, ਜੈਤਸਰੀ-1, ਸੂਹੀ-3, ਬਿਲਾਵਲ-2, ਗੌਂਡ-2, ਰਾਮਕਲੀ-1, ਮਾਰੂ-2, ਕੇਦਾਰਾ-1, ਭੈਰਉ-1, ਬਸੰਤੁ-1, ਮਲਾਰ-3, ਕੁਲ 40 ਪਦੇ ਹਨ।

ਬਾਣੀ ਦੇ ਸਰਵੇਖਣ ਤੋਂ ਇਹ ਪ੍ਰਤੱਖ ਹੁੰਦਾ ਹੈ ਕਿ ਭਗਤ ਜੀ ਦੀ ਜਾਣਕਾਰੀ ਵਿਸ਼ਾਲ ਸੀ। ਭਾਰਤੀ ਰਹੱਸਵਾਸੀ ਅਲੰਕਾਰ ਪ੍ਰਣਾਲੀ ਤੋਂ ਆਪ ਜਾਣੂ ਸਨ। ਭਾਵ ਦੀ ਪੁਸ਼ਟੀ ਲਈ ਆਪ ਨੇ ਭਾਰਤੀ ਧਰਮ, ਮਿਥਿਹਾਸ ਤੇ ਦਰਸ਼ਨ ਦਾ ਪ੍ਰਯੋਗ ਕੀਤਾ ਹੈ। ਜੀਵਨ ਖੇਤਰ ਦੇ ਪ੍ਰਾਕ੍ਰਿਤਕ ਖੇਤਰ ਵਿਚੋਂ ਬਿੰਬਾਂ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ। ਭਾਰਤੀ ਧਰਮ ਸਾਧਨਾ ਦੇ ਇਤਿਹਾਸ ਵਿਚ ਪ੍ਰਭੂ ਪ੍ਰਾਪਤੀ ਦੇ ਕਿਹੜੇ ਕਿਹੜੇ ਮਾਰਗ ਪ੍ਰਚਲਤ ਸਨ ਤੇ ਸਰਵੋਤਮ ਕਿਹੜਾ ਹੈ ਇਸ ਦਾ ਉਨ੍ਹਾਂ ਨੂੰ ਗਿਆਨ ਸੀ। ਉਦਾਹਰਣ ਵਜੋਂ ਬਾਣੀ ਦੀਆਂ ਤੁਕਾਂ ਪੇਸ਼ ਹਨ :

ਸਤਿਜੁਗ ਸਤੁ ਤੇਤਾ ਜਗੀ ਦੁਆਪਰਿ ਪੂਜਾ ਚਾਰ।।
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ।।

(ਗਉੜੀ ਬੈਰਾਗਣਿ, ਪੰਨਾ 346)

ਪਰਮਾਤਮਾ ਅਤੇ ਮਨੁੱਖੀ ਆਤਮਾ ਭਿੰਨ ਨਹੀਂ ਮੂਲ ਤੱਤ ਦਾ ਅੰਗ ਹੈ। ਇਸ ਅਸਲੀਅਤ ਨੂੰ ਅਲੰਕਾਰਕ ਬਿਆਨ ਦੁਆਰਾ ਪ੍ਰਗਟ ਕੀਤਾ ਹੈ। ਯਥਾ :

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।।
ਕਨਕ ਕਟਿਕ ਜਲ ਤਰੰਗ ਜੈਸਾ।।

(ਸਿਰੀ ਰਾਗ, ਪੰਨਾ 93)

ਮਾਨਵ ਪੰਜ ਵਿਕਾਰਾਂ ਦੇ ਅਧੀਨ ਹੈ ਜਿਸ ਕਰਕੇ ਮਨੁੱਖ ਦਾ ਮਨ ਬਿਖਿਆ ਵਿਚ ਇਸ ਤਰ੍ਹਾਂ ਗਲਤਾਨ ਹੁੰਦਾ ਹੈ ਕਿ ਉਸਨੂੰ ਇਸ ਤੋਂ ਪਰੇ, ਸਦੀਵੀ ਤੱਤ ਦੀ ਸੋਝੀ ਨਹੀਂ ਹੁੰਦੀ। ਮਨੁੱਖ ਬਿਖਿਆ ਦੀ ਸੀਮਾ ਵਿਚੋਂ ਬਾਹਰ ਨਹੀਂ ਨਿਕਲ ਸਕਦਾ ਕਿਉਂਕਿ ਉਸ ਅੰਦਰ ਪੰਜ ਵਿਕਾਰ ਹਨ, ਜਿਹੜੇ ਉਸ ਨੂੰ ਵਿਨਾਸ਼ ਕਰਦੇ ਰਹਿੰਦੇ ਹਨ। ਇਸ ਭਾਵ ਨੂੰ ਦੱਸਣ ਲਈ ਆਪ ਨੇ ਪ੍ਰਕ੍ਰਿਤੀ ਵਿਚੋਂ ਉਦਾਹਰਣਾਂ ਦਿੱਤੀਆਂ। ਯਥਾ :

(ੳ) ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ।।
ਪੰਚ ਦੋਖ ਅਸਾਧ ਜਾਂ ਮਹਿ ਤਾ ਕੀ ਕੇਤਕ ਆਸ।।

(ਰਾਗ ਆਸਾ, ਪੰਨਾ 486)

(ਅ) ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ।।
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ।।
(ਗਉੜੀ ਪੂਰਬੀ, ਪੰਨਾ 346)

ਜਗਤ ਥੋੜ੍ਹਾ-ਚਿਰ ਟਿਕਾਣਾ ਹੈ। ਇਸ ਦਾਰਸ਼ਨਿਕ ਚਿੰਤਨ ਨੂੰ ਬਿੰਬਾਂ ਦੁਆਰਾ ਪੇਸ਼ ਕੀਤਾ ਹੈ:

(ੳ) ਪ੍ਰਾਨੀ ਕਿਆ ਮੇਰਾ ਕਿਆ ਤੇਰਾ।।
ਜੈਸੇ ਤਰਵਰ ਪੰਖਿ ਬਸੇਰਾ।।
(ਰਾਗ ਸੋਰਠਿ, ਪੰਨਾ 659)

ਹਉਮੈ ਮਨੁੱਖ ਨੂੰ ਪਰਮਾਤਮਾ ਤੋਂ ਵੱਖ ਕਰਦੀ ਹੈ। ਹਉਮੈ ਦੇ ਸ਼ਾਂਤ ਹੋਣ ਨਾਲ ਮਾਨਵ ਪਰਮਾਤਮਾ ਨਾਲ ਇਕ ਰੂਪ ਹੋ ਜਾਂਦਾ ਹੈ। ਜਿਵੇਂ ਤੂਫਾਨ ਆਉਣ ਤੋਂ ਬਾਅਦ ਪਾਣੀ ਦੀਆਂ ਉਠੀਆਂ ਲਹਿਰਾਂ ਮੁੜ ਪਾਣੀ ਵਿਚ ਸਮਾਅ ਜਾਂਦੀਆਂ ਹਨ, ਇਸੇ ਤਰ੍ਹਾਂ ਹਉਮੈ ਦਾ ਸਰੂਪ ਹੈ। ਇਸ ਤੱਥ ਦੀ ਪੁਸ਼ਟੀ ਬਿੰਬਾਤਮਕ ਪ੍ਰਯੋਗ ਦੁਆਰਾ ਕੀਤੀ ਹੈ। ਯਥਾ:

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈਂ ਨਾਹੀ।।
ਅਨਲ ਅਗਮ ਜੈਸੇ ਲਹਿਰ ਮਇ ਓਦਧਿ ਜਲ ਕੇਵਲ ਜਲ ਮਾਂਹੀ।।
(ਰਾਗ ਸੋਰਠਿ, ਪੰਨਾ 657)

## ਉਪਦੇਸ਼ ਦਾ ਸਾਰ

ਭਗਤ ਜੀ ਦੀ ਵਿਚਾਰਧਾਰਾ ਦਾ ਮੂਲ ਧੁਰਾ ਪ੍ਰਭੂ ਵਿਸ਼ਵਾਸ਼ ਸੀ। ਪ੍ਰਭੂ ਭਗਤੀ ਉਨ੍ਹਾਂ ਦੇ ਜੀਵਨ ਦਾ ਸਾਰ ਹੈ। ਭਗਤ ਜੀ ਉਹ ਵਿਸ਼ੇਸ਼ ਵਿਅਕਤੀ ਸਨ, ਜਿਨ੍ਹਾਂ ਪ੍ਰਭੂ ਭਗਤੀ ਦੁਆਰਾ ਪ੍ਰਭੂ ਦੇ ਸਰੂਪ ਨੂੰ ਪਛਾਣਿਆ ਅਤੇ ਉਸ ਨਾਲ ਤਦਰੂਪਰਤਾ ਪ੍ਰਾਪਤ ਕੀਤੀ। ਉਨ੍ਹਾਂ ਦੇ ਉਪਦੇਸ਼ਾਂ ਦਾ ਸਾਰ ਇਹ ਹੈ:

### 1. ਪਰਮਾਤਮਾ ਦਾ ਸਰੂਪ

ਪਰਮਾਤਮਾ ਇਕ ਹੈ। ਉਸ ਦਾ ਵਰਣਨ ਨਹੀਂ ਕੀਤਾ ਜਾ ਸਕਦਾ, ਉਹ ਅਗਮ ਅਗੋਚਰ ਹੈ। ਆਪਣੇ ਵਰਗਾ ਕੇਵਲ ਆਪ ਹੀ ਹੈ। ਉਹ ਅਕਹਿ ਹੈ। ਉਸ ਦੇ ਗੁਣ ਕਥਨ ਵਿਚ ਨਹੀਂ ਆ ਸਕਦੇ। ਯਥਾ :

(ੳ) ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ।
ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ।।
(ਰਾਗ ਬਿਲਾਵਲ, ਪੰਨਾ 858)

(ਅ) ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ।।
(ਰਾਗ ਗਉੜੀ, ਪੰਲਾ 346)

ਪਰਮਾਤਮਾ ਸਰਬ ਵਿਆਪਕ ਹੈ। ਉਹ ਹਰ ਥਾਂ ਵਿਦਮਾਨ ਹੈ। ਮਨੁੱਖ ਦੇ ਅੰਗ ਸੰਗ ਹੈ। ਉਹ ਅੰਤਰਜਾਮੀ ਹੈ ਉਹ ਇਕ ਅਨੇਕ ਰੂਪਾਂ ਵਿਚ ਸਭ ਥਾਈਂ ਸਮਾਇਆ ਹੋਇਆ ਹੈ। ਜੜ੍ਹ ਚੇਤਨ, ਸਥੂਲ ਸੂਖਮ ਸਭ ਵਿਚ ਮੌਜੂਦ ਹੈ ਯਥਾ :

(ੳ) ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ।
(ਰਾਗ ਮਲਾਰ, ਪੰਨਾ 1293)

(ਅ) ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ।।
ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈਂ।।
(ਰਾਗ ਸੋਰਠਿ, ਪੰਨਾ 658)

ਭਗਤ ਜੀ ਨੇ ਪਰਮਾਤਮਾ ਨੂੰ ਮਾਧਵ, ਮੁਰਾਰ, ਮੁਕੰਦ, ਗੋਬਿੰਦ ਗੁਸਾਈ, ਨਰਾਇਣ ਰਮਈਆ, ਆਦਿ ਅਨੇਕ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ।

## 2. ਮਾਨਵ ਜਨਮ ਦੁਰਲੱਭ ਹੈ

ਮਾਨਵ ਜਨਮ ਪਿਛਲੇ ਜਨਮਾਂ ਦੇ ਕੀਤੇ ਪੁੰਨ ਫਲ ਵਜੋਂ ਪ੍ਰਾਪਤ ਹੁੰਦਾ ਹੈ। ਮਨੁੱਖ ਦਾ ਪੁਰਸ਼ਾਰਥ ਪ੍ਰਭੂ ਨਾਲ ਅਭੇਦ ਹੋਣਾ ਹੈ। ਪਰ ਮਾਨਵ ਪੰਜਾਂ ਵਿਕਾਰਾਂ ਦੇ ਪ੍ਰਭਾਵ ਮੁੜ ਵਿਵੇਕਹੀਨ ਹੋ ਜਾਂਦਾ ਹੈ। ਇਹ ਪੰਜੇ ਵਿਕਾਰ ਮਾਨਵ ਤੇ ਪਰਮਾਤਮਾ ਵਿਚ ਵਿੱਥ ਦਾ ਕਾਰਨ ਹਨ। ਇਨ੍ਹਾਂ ਪੰਜਾਂ ਦੇ ਕਾਰਨ ਹੀ ਮਾਨਵ ਵਿਕਾਰੀ ਬਣ ਜਾਂਦਾ ਹੈ। ਅਗਿਆਨ ਕਾਰਨ ਇਸ ਦਾ ਬਿਬੇਕ ਦਾ ਦੀਪ ਮੇਲ ਰਹਿੰਦਾ ਹੈ, ਜਿਸ ਕਰਕੇ ਇਹ ਪਰਮਾਰਥ ਵਿਚ ਪਰਵੇਸ਼ ਨਹੀਂ ਕਰ ਸਕਦਾ। ਯਥਾ:

(ੳ) ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ।।
(ਰਾਗ ਸੋਰਠਿ, ਪੰਨਾ 658)

(ਅ) ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ।
(ਰਾਗ ਆਸਾ, ਪੰਨਾਂ 486)

(ੲ) ਮਾਧੋ ਅਬਿਦਿਆ ਹਿਤ ਕੀਨ।। ਬਿਬੇਕ ਦੀਪ ਮਲੀਨ।।
(ਆਸਾ, ਪੰਨਾ 486)

(ਸ) ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ।। ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ।।
(ਰਾਗ ਜੈਤਸਰੀ, ਪੰਨਾ 710)

ਮਨੁਖਾ ਜਨਮ ਤੇ ਦੇਹੀ ਕੀਮਤੀ ਹਨ ਇਨ੍ਹਾਂ ਨੂੰ ਐਵੇਂ ਵਿਅਰਥ ਨਹੀਂ ਗੁਆਉਣਾ ਚਾਹੀਦਾ।

ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ।। ਪੰ. 658

## 3. ਮਾਨਵ ਤੇ ਸੰਸਾਰ ਬਿਨਸਣਹਾਰ ਹਨ

ਮਨੁੱਖ ਦੀ ਹੋਂਦ ਥੋੜ੍ਹਚਿਰੀ ਹੈ। ਇਸ ਨੇ ਆਪਣਾ ਅਉਧ ਸਮਾਂ ਪੂਰਾ ਹੋਣ ਤੇ ਕੂਚ ਕਰ ਜਾਣਾ ਹੈ। ਸੰਸਾਰ ਛਿਣੁ ਭੰਗਰ ਹੈ। ਇਸ ਦਾ ਰੰਗ ਕੱਚਾ ਹੈ। ਯਥਾ :

ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ।।
(ਗਉੜੀ ਬੈਰਾਗਣਿ, ਪੰਨਾ 346)

ਜੋ ਦਿਨ ਆਵਹਿ ਸੋ ਦਿਨ ਜਾਹੀ।। ਕਰਨਾ ਕੂਚ ਰਹਨੁ ਥਿਰੁ ਨਾਹੀ।।
(ਰਾਗ ਸੂਹੀ, ਪੰਨਾ 793)

ਜਗਤ ਭਾਵੇ ਬਿਨਸਣਹਾਰ ਹੈ ਇਸਨੂੰ ਵਿਵਹਾਰਕ ਰੂਪ ਵਿਚ ਕਰਮ ਖੇਤਰ ਮੰਨਿਆ ਜਾਂਦਾ ਹੈ। ਇਸ ਸਿਧਾਂਤ ਦੁਆਰਾ ਭਗਤ ਜੀ ਨੇ ਦਲਿਤ ਸ੍ਰੇਣੀ ਨੂੰ ਟੁੰਬਿਆ ਤੇ ਜਗਾਇਆ ਹੈ।

## 4. ਪ੍ਰਭੂ ਭਗਤੀ ਸਦੀਵੀ ਸਥਿਰ ਤੱਤ ਹੈ

ਪ੍ਰਭੂ ਭਗਤੀ ਚਿੰਤਾਮਣੀ ਹੈ, ਜੋ ਮਾਨਵ ਦੀਆਂ ਲੌਕਿਕ ਤੇ ਪਰਾਲੌਕਿਕ ਮਨ ਦੀਆਂ ਇਛਾਵਾਂ ਪੂਰੀਆਂ ਕਰਦੀ ਹੈ। ਪ੍ਰਭੂ ਉਪਕਾਰ ਕਰਨ ਵਾਲਾ ਹੈ। ਮਾਨਵ ਔਗਣਹਾਰਾ ਹੈ। ਔਗੁਣਾਂ ਤੋਂ ਬਚਣ ਲਈ ਪ੍ਰਭੂ ਦੇ ਗੁਣਾਂ ਦਾ ਚਿੰਤਨ ਜ਼ਰੂਰੀ ਹੈ। ਪ੍ਰਭੂ ਭਗਤੀ ਦੀ ਪ੍ਰਾਪਤੀ ਲਈ ਹਉਮੈ ਨੂੰ ਕਾਬੂ ਕਰਨਾ ਜ਼ਰੂਰੀ ਹੈ। ਹਉਮੈ ਮਾਨਵ ਤੇ ਪਰਮਾਤਮਾ ਵਿਚ ਵਿੱਥ ਪੈਦਾ ਕਰਦੀ ਹੈ। ਪ੍ਰਭੂ ਭਗਤੀ ਲਈ ਹੇਠ ਲਿਖੇ ਸਾਧਨ ਭਗਤ ਜੀ ਨੇ ਦੱਸੇ ਹਨ :

ਤੁਮਰੇ ਭਜਨ ਕਟਹਿ ਜਮ ਫਾਂਸਾ।। ਪੰ: 659

**(ੳ) ਸਤਿਸੰਗ** :– ਸਤਿਸੰਗਤ ਪ੍ਰਭੂ ਭਗਤੀ ਲਈ ਜ਼ਰੂਰੀ ਹੈ। ਇਸ ਦੁਆਰਾ ਹੀ ਮਾਨਵ ਪ੍ਰਭੂ ਗੁਣਾਂ ਵਲ ਰੁਚਿਤ ਹੁੰਦਾ ਹੈ ਅਤੇ ਇਸ ਅੰਦਰੋਂ ਔਗੁਣ ਦੂਰ ਹੁੰਦੇ ਹਨ। ਸਾਧ ਸੰਗੀਤ ਵਿਚ ਹੀ ਪ੍ਰਭੂ ਲਈ ਪਿਆਰ ਉਪਜਦਾ ਹੈ ਤੇ ਪਿਆਰ ਨਾਲ ਹੀ ਭਗਤੀ ਹੁੰਦੀ ਹੈ ਯਥਾਂ :

ਸਾਧ ਸੰਗਤਿ ਬਿਨਾ ਭਉ ਨਹੀਂ ਉਪਜੈ ਭਾਉ ਬਿਨੁ ਭਗਤਿ ਨਹੀਂ ਹੋਈ ਤੇਰੀ।
(ਰਾਗ ਧਨਾਸਰੀ, ਪੰਨਾ 694)

**(ਅ) ਨਾਮ ਸਿਮਰਣ** :– ਨਾਮ ਸਿਮਰਣ ਲਈ ਸ਼ੁੱਧ-ਕਰਮੀ ਬਣਨਾ ਜ਼ਰੂਰੀ ਹੈ। ਰਸਮੀ ਪੂਜਾ ਅਤੇ ਕਿਰਿਆਚਾਰ ਦੀ ਲੋੜ ਨਹੀਂ। ਮਨ, ਬਚਨ ਤੇ ਕਰਮ ਦੁਆਰਾ ਪ੍ਰਭੂ ਭਗਤੀ ਅਥਵਾ ਸਿਮਰਨ ਦੀ ਲੋੜ ਹੈ। ਯਥਾ:

ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ
ਸ੍ਰਵਨ ਬਾਨੀ ਸਹਜੁ ਪੂਰਿ ਰਾਖਉ ।।
ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ

ਰਸਨ ਅੰਮ੍ਰਿਤ ਰਾਮ ਨਾਮ ਭਾਖਉ ।।

(ਰਾਗ ਧਨਾਸਰੀ, ਪੰਨਾ 694)

**(ੲ) ਆਤਮ ਸਮਰਪਣ** :- ਮਨ ਨੂੰ ਪ੍ਰਭੂ ਭਗਤੀ ਵਿਚ ਜੋੜਨ ਲਈ ਹਉਮੈ ਨੂੰ ਦੂਰ ਕਰਕੇ ਆਤਮ ਸਮਰਪਣ ਹੀ ਪ੍ਰਭੂ ਭਗਤੀ ਦਾ ਸਰਵੋਤਮ ਸਾਧਨ ਹੈ। ਇਸ ਪੂਜਾ ਦੁਆਰਾ ਪ੍ਰਭੂ ਪ੍ਰਸੰਨ ਹੁੰਦਾ ਹੈ, ਕ੍ਰਿਪਾ ਕਰਦਾ ਹੈ ਅਤੇ ਮਿਲਾਪ ਬਖਸ਼ਦਾ ਹੈ। ਯਥਾ:

ਤਨੁ ਮਨੁ ਅਰਪਉ ਪੂਜ ਚਰਾਵਉ।।
ਗੁਰ ਪਰਸਾਦਿ ਨਿਰੰਜਨੁ ਪਾਵਉ।।

## ਕਬੀਰ

ਭਗਤੀ ਲਹਿਰ ਦੇ ਭਗਤਾਂ ਵਿੱਚ ਕਬੀਰ ਜੀ ਸ਼੍ਰੋਮਣੀ ਮੰਨੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਆਪ ਜੀ ਦੀ ਰਚਨਾ ਨੂੰ ਪਹਿਲਾਂ ਰੱਖਿਆ ਗਿਆ। ਕਬੀਰ ਜੀ ਦੀ ਪ੍ਰਸਿੱਧੀ ਉੱਤਰੀ ਭਾਰਤ ਵਿੱਚ ਖਾਸ ਕਰਕੇ ਬਹੁਤੀ ਸੀ ਅਤੇ ਸਾਰੇ ਭਾਰਤ ਵਿੱਚ ਲੋਕੀਂ ਆਪ ਜੀ ਦੇ ਨਾਂ ਤੋਂ ਜਾਣੂ ਸਨ। ਆਕਾਰ ਵਿੱਚ ਵੀ ਕਬੀਰ ਬਾਣੀ ਸਭ ਭਗਤਾਂ ਤੋਂ ਜਿਆਦਾ ਹੈ ਤੇ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਵੀ ਆਪ ਦੀ ਰਚਨਾ ਮਿਲਦੀ ਹੈ।

ਉਨ੍ਹਾਂ ਦਾ ਜਨਮ ਸੰਨ 1398 ਈ: ਅਤੇ ਮੌਤ 1518 ਈ. ਵਿੱਚ ਮੰਨੀ ਹੈ। ਗੁਰੂ ਕਾਲ 1469 ਈ: ਤੋਂ ਸ਼ੁਰੂ ਹੁੰਦਾ ਹੈ। ਰਾਮਾ ਨੰਦ ਕਬੀਰ ਦੇ ਗੁਰੂ ਕਰਕੇ ਪ੍ਰਸਿੱਧ ਸਨ।

ਗੁਰੂ ਗ੍ਰੰਥ ਸਾਹਿਬ ਵਿੱਚ ਆਪ ਜੀ ਦੇ ਸ਼ਬਦ ਤੇ ਸਲੋਕ ਹਨ। ਆਪ ਕਿਰਤੀ ਸਨ ਕਪੜਾ ਬੁਣਨ ਦਾ ਕੰਮ ਕਰਦੇ ਸਨ। ਆਪ ਜੀ ਦਾ ਜਨਮ ਬ੍ਰਾਹਮਣ ਘਰਾਣੇ ਦਾ ਸੀ। ਪ੍ਰੰਤੂ ਪਾਲਣ-ਪੋਸ਼ਣ ਮੁਸਲਮਾਨ ਦੇ ਘਰ ਹੋਇਆ। ਨੀਰੂ ਤੇ ਨੀਮਾ ਪਾਲਕ ਮਾਤਾ ਪਿਤਾ ਸਨ। ਇਸ ਕਰਕੇ ਨਾਮ ਵੀ ਮੁਸਲਮਾਨੀ ਸਭਿਆਚਾਰ ਵਿੱਚੋਂ ਮਿਲਿਆ। ਕਬੀਰ ਦਾ ਅਰਥ ਹੈ ਵੱਡਾ ਜਾਂ ਮੁਖੀ ।

ਉਨ੍ਹਾਂ ਦੀ ਸ਼ਖਸੀਅਤ ਨੇ ਹਿੰਦੂ ਤੇ ਮੁਸਲਮਾਨ ਦੋਨਾਂ ਹੀ ਮਤਾਂ ਦੇ ਲੋਕਾਂ ਨੂੰ ਪ੍ਰਭਾਵਤ ਕੀਤਾ। ਉਨ੍ਹਾਂ ਨੇ ਜਾਤ-ਵਰਣ ਤੋਂ ਉੱਪਰ ਉੱਠ ਕੇ ਸਾਂਝੀ ਇਨਸਾਨੀਅਤ ਦਾ ਉਪਦੇਸ਼ ਦਿੱਤਾ-

ਹਮਰਾ ਝਗਰਾ ਰਹਾ ਨ ਕੋਊ
ਪੰਡਿਤ ਮੁਲਾਂ ਛਾਡੇ ਦੋਊ ।।ਰਹਾਉ।।

ਬੁਤ ਪੂਜਿ ਪੂਜਿ ਹਿੰਦੂ ਮੂਏ
ਤੁਰਕ ਮੂਏ ਸਿਰੁ ਨਾਈ ।।

ਕਬੀਰ ਨੇ ਬਾਹਰੀ ਕਰਮ ਕਾਂਡ ਸਰਗੁਣੀ ਪੂਜਾ ਦਾ ਖੰਡਨ ਕੀਤਾ। ਵਹਿਮਾਂ ਭਰਮਾਂ ਨੂੰ ਛੱਡ ਕੇ ਨਿਰਾਕਾਰ ਰੱਬ ਦਾ ਸਿਮਰਨ ਕਰਨ ਦਾ ਉਪਦੇਸ਼ ਕੀਤਾ। ਪ੍ਰਭੂ ਨੂੰ ਦਿਲੋਂ ਪ੍ਰੇਮ ਕਰਨਾ, ਉਸਨੂੰ ਮਨ ਵਿੱਚ ਵਸਾਉਣਾ, ਸਭ ਵਿੱਚ ਉਸ ਦੀ ਜੋਤ ਦੇਖਣੀ, ਦੁਨਿਆਵੀ ਪਦਾਰਥਾਂ ਦਾ ਲਾਲਚ ਨਾ ਕਰਨਾ, ਤਿਆਗ ਵੈਰਾਗ ਦੀ ਭਾਵਨਾ ਨੂੰ ਮੁੱਖ ਰੱਖਣਾ ਲੋੜ ਤੋਂ ਵੱਧ ਲਾਲਚ ਨਾ ਕਰਨਾ ਵਿਸ਼ੇ ਵਿਕਾਰਾਂ ਦਾ ਤਿਆਗ ਕਰਨਾ, ਗੁਰੂ ਕਿਰਪਾ ਸਤਿ ਸੰਗਤ ਦਾ ਆਸਰਾ ਤੱਕਣਾ ਆਦਿ ਕੁਝ ਬੁਨਿਆਦੀ ਤੱਤਾਂ ਤੇ ਕਬੀਰ ਜੀ ਨੇ ਜ਼ੋਰ ਦਿੱਤਾ। ਗਿਆਨ, ਵਿਵੇਕ ਤੇ ਤਰਕ ਵਿੱਚ ਕਬੀਰ ਜੀ ਸਭ ਤੋਂ ਅੱਗੇ ਸਨ। ਆਪ ਜੀ ਦੇ ਪ੍ਰਸਿੱਧ ਸਲੋਕ ਜਿਸ ਵਿੱਚ ਸਾਂਝੀਵਾਲਤਾ, ਰੱਬ ਦੀ ਕਿਰਤ, ਮਨੁੱਖਤਾ ਨਾਲ ਪਿਆਰ, ਪ੍ਰਭੂ ਦੀ ਸਰਬ ਵਿਆਪਕਤਾ ਆਦਿ ਤੱਤ ਉਭਰ ਕੇ ਸਾਹਮਣੇ ਆਉਂਦੇ ਹਨ ਇਹ ਹੈ:-

ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ ।।
ਏਕ ਨੂਰ ਤੇ ਸਭੁ ਜਗ ਉਪਜਿਆ
ਕਉਨ ਭਲੇ ਕੋ ਮੰਦੇ ।।
ਲੋਗਾਂ ਭਰਮਿ ਨਾ ਭੂਲਹੁ ਭਾਈ
ਖਾਲਿਕੁ ਖਲਕ ਖਲਕ ਮਹਿ ਖਾਲਕੁ
ਪੂਰਿ ਰਹਿਓ ਸ੍ਰਬ ਠਾਂਈ ।। ਰਹਾਉ ।। (ਰਾਗ ਪ੍ਰਭਾਤੀ)

ਸਭ ਬੰਦੇ ਬਰਾਬਰ ਹਨ -

ਜੋ ਤੂੰ ਬ੍ਰਾਹਮਣ ਬ੍ਰਹਮਣੀ ਜਾਇਆ
ਤਉ ਆਨ ਬਾਟ ਕਾਹੇ ਨਹੀਂ ਆਇਆ ।।

ਬਾਹਰੀ ਫੋਕਟ ਕਰਮੀ ਪੂਜਾ ਦਾ ਖੰਡਨ ਕਰਦੇ ਹੋਏ ਲੋਕਾਂ ਨੂੰ ਵਹਿਮਾਂ ਭਰਮਾਂ ਦੇ ਜੰਜਾਲ ਵਿੱਚੋਂ ਕੱਢਣ ਲਈ ਉਪਦੇਸ਼ ਕਰਦੇ ਹਨ। ਪ੍ਰਭੂ ਨੂੰ ਕੇਵਲ ਪੜ੍ਹਣ ਸੁਣਨ ਨਾਲ ਨਹੀਂ ਸਗੋਂ ਸ਼ਰਧਾ ਪੂਰਵਕ ਮਨ ਵਿੱਚ ਵਸਾਉਣ ਨਾਲ, ਸਹਜ ਅਵਸਥਾ ਵਿੱਚ ਵਿਚਰਨ ਨਾਲ ਜੀਵਨ ਆਦਰਸ਼ ਦੀ ਪ੍ਰਾਪਤੀ ਸੰਭਵ ਹੈ

ਕਿਆ ਪੜੀਐ ਕਿਆ ਗੁਨੀਐ
ਕਿਆ ਬੇਦ ਪੁਰਾਨਾ ਸੁਨੀਐ
ਪੜੇ ਸੁਨੇ ਕਿਆ ਹੋਈ ।।
ਜਉ ਸਹਜ ਨ ਮਿਲਿਓ ਸੋਈ ।।
ਹਰਿ ਕਾ ਨਾਮੁ ਨ ਜਪਸਿ ਗਵਾਰਾ
ਕਿਆ ਸੋਚਹਿ ਬਾਰੰਬਾਰਾ ।। (ਸੋਰਠਿ ਕਬੀਰ)

ਵਾਧੂ ਲਾਲਚ ਮਾਇਆ ਦੀ ਇਕੱਤਰਤਾ, ਕੁਟੰਬ ਪਾਲਣ ਲਈ ਠੱਗੀ, ਬੇਈਮਾਨੀ ਆਦਿ ਸਭ ਪ੍ਰਕਾਰ ਦੇ ਵਾਧੂ ਕਰਮਾਂ ਵਿੱਚ ਉਮਰ ਨੂੰ ਵਿਅਰਥ ਗਵਾਉਣਾ ਹੈ। ਇਸ ਪ੍ਰਕਾਰ ਦੇ ਸਭ ਕੀਤੇ ਕਰਮਾਂ ਦਾ ਲੇਖਾ ਮਨੁੱਖ ਨੂੰ ਆਪ ਹੀ ਦੇਣਾ ਪੈਂਦਾ ਹੈ।

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ
ਸੁਤ ਦਾਰਾ ਪਹਿ ਆਨਿ ਲੁਟਾਵੈ ।।
ਮਨ ਮੇਰੇ ਭੂਲੇ ਕਪਟੁ ਨ ਕੀਜੈ ।।
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ।।
ਕਹਤੁ ਕਬੀਰੁ ਕੋਈ ਨਹੀਂ ਤੇਰਾ ।।
ਹਿਰਦੈ ਰਾਮੁ ਕੀ ਨ ਜਪਹਿ ਸਵੇਰਾ ।।

ਕਬੀਰ ਅਵਤਾਰਵਾਦ ਦੇ ਵਿਰੁੱਧ ਸਨ। ਕਬੀਰ ਨਿਰਗੁਣ ਪ੍ਰਭੂ ਦਾ ਪੁਜਾਰੀ ਸੀ। ਪ੍ਰਭੂ ਗਰਭ ਜੋਨੀ ਵਿੱਚ ਨਹੀਂ ਆਉਂਦਾ। ਉਸ ਦਾ ਕੋਈ ਮਾਤਾ-ਪਿਤਾ ਨਹੀਂ ਹੈ ਉਹ ਸਭ ਦਾ ਮਾਤਾ ਪਿਤਾ ਹੈ।

ਸੰਕਟਿ ਨਹੀ ਪਰੈ ਜੋਨ ਨਹੀ ਆਵੈ
ਨਾਮੁ ਨਿਰੰਜਨ ਜਾ ਕੋ ਰੇ ।
ਕਬੀਰ ਕੋ ਸੁਆਮੀ ਐਸੋ ਠਾਕੁਰ
ਜਾਕੋ ਮਾਈ ਨ ਬਾਪੋ ਰੇ ।। (ਗਉੜੀ ਕਬੀਰ)

ਭਗਤ ਕਬੀਰ ਜਾਤ, ਧਰਮ ਨਸਲ, ਰੰਗ-ਭੇਦ ਦੇ ਵਿਰੋਧੀ ਸਨ। ਕਬੀਰ ਨੇ ਧਰਮ ਗ੍ਰੰਥਾਂ, ਧਾਰਮਿਕ ਰੀਤੀ ਰਿਵਾਜਾਂ, ਧਾਰਮਿਕ ਪੂਜਾ ਅਸਥਾਨਾਂ ਅਤੇ ਧਾਰਮਿਕ ਰੂੜੀਵਾਦੀ ਖਿਆਲਾਂ ਦਾ ਸਮਾਜਿਕ ਪੱਧਰ ਤੇ ਖੰਡਨ ਕੀਤਾ। ਧਰਮ ਦੇ ਨਾਂ ਤੇ ਪ੍ਰਚਲਤ ਪਾਖੰਡਾਂ ਦਾ ਵਿਰੋਧ ਕੀਤਾ। ਕਬੀਰ ਦੇ ਮਨ ਅੰਦਰ ਸਮਾਜ ਦੇ ਉਪਚਾਰ ਦੀ ਭਾਵਨਾ ਸੀ। ਨੀਵਿਆਂ ਨੂੰ ਉੱਚਾ ਕਰਨਾ, ਪ੍ਰਗਤੀ ਨੂੰ ਅੱਗੇ ਤੋਰਨਾ ਉਨ੍ਹਾਂ ਦਾ ਲਕਸ਼ ਸੀ। ਸਮਾਜਿਕ ਅਧੋਗਤੀ ਵਿੱਚ ਮਨੁੱਖ ਦੀ ਕਥਨੀ ਅਤੇ ਕਰਨੀ ਵਿੱਚ ਇਕਸਾਰਤਾ ਲਿਆਉਣੀ ਚਾਹੁੰਦੇ ਸਨ। ਕਬੀਰ ਦੇ ਸਮੇਂ ਵੀ ਹਿੰਦੂ ਮੁਸਲਮਾਨ ਦੋਹਾਂ ਵਿੱਚ ਸੰਘਰਸ਼ ਚੱਲ ਰਿਹਾ ਸੀ। ਕਬੀਰ ਦੇ ਸੰਦੇਸ਼ ਨੇ ਦੋਨਾਂ ਨੂੰ ਮਿਲਾਉਣ ਦਾ ਯਤਨ ਕੀਤਾ। ਕਬੀਰ ਦੇ ਉਪਦੇਸ਼ ਨੇ ਦੋ ਭਿੰਨ ਸੰਸਕ੍ਰਿਤੀਆਂ ਨੂੰ ਜੋੜ ਕੇ ਮਾਨਵਤਾਵਾਦ ਦੀ ਸਥਾਪਨਾ ਕੀਤੀ। ਇਸ ਪ੍ਰਕਾਰ ਦੇ ਮਾਨਵ ਪ੍ਰੇਮ ਨਾਲ ਸਮਾਜ ਦਾ ਪੁਨਰ ਉਥਾਨ ਹੋਇਆ। ਕਬੀਰ ਦੀ ਸਮਾਜਿਕ ਸੰਵੇਦਨਾ ਨੂੰ ਧਰਮ ਨਿਰਪੇਖ ਬਣਾ ਕੇ ਜਨ ਸਧਾਰਣ ਤੱਕ ਪਹੁੰਚਾਇਆ। ਸਮਾਜਿਕ ਸੰਵੇਦਨਾ ਨੂੰ ਧਰਮ ਸਮਾਜ ਦੀ ਅਧੋਗਤੀ ਦਾ ਪ੍ਰਤੀਕ ਮੰਨਿਆ ।

ਕਬੀਰ ਦੀ ਭਗਤੀ ਸਾਧਨਾ ਅੰਦਰ ਗੁਰੂ ਦਾ ਬੜਾ ਮਹੱਤਵ ਹੈ। ਕਬੀਰ ਨੇ ਨੇਕ ਪੁਰਸ਼ਾਂ ਦੀ ਸੰਗਤ ਤੇ ਬੜਾ ਜੋਰ ਦਿੱਤਾ। ਸੰਗਤ ਦੁਆਰਾ ਅੰਤਰ ਆਤਮੇ ਦੀ ਪਵਿੱਤਰਤਾ ਆਉਂਦੀ ਹੈ ਜਿਸ ਪਵਿੱਤਰਤਾ ਤੋਂ ਗਿਆਨ ਤੇ ਵੈਰਾਗ ਦੀ ਉਪਜ ਹੁੰਦੀ ਹੈ। ਇਸਦੇ ਨਾਲ ਹੀ ਸ਼ਰਣਾਗਤ ਤੇ ਆਤਮ ਨਿਵੇਦਨ ਦੇ ਤੱਤ ਮਨੁੱਖ ਨੂੰ ਨਿਰਮਲ ਗਿਆਨ ਦੀ ਪ੍ਰਾਪਤੀ ਲਈ ਸਹਾਈ ਹੁੰਦੇ ਹਨ। ਇਸ ਪ੍ਰਕਾਰ ਦਾ ਸਾਧਨਾ ਮਾਰਗ ਮਨੁੱਖੀ ਸ਼ਖਸੀਅਤ ਨੂੰ ਘੜਨ ਵਿੱਚ ਸਹਾਈ ਹੁੰਦਾ ਹੈ।

ਪਾਠ ਨੰਬਰ : 1.3 (ੲ) ਲੇਖਕ : ਡਾ. ਗੁਲਜ਼ਾਰ ਸਿੰਘ ਕੰਗ

# ਸੂਫ਼ੀਵਾਦ ਆਰੰਭ ਅਤੇ ਵਿਕਾਸ

## ਵਿਸ਼ਾ ਪ੍ਰਵੇਸ਼

ਇਸ ਤੋਂ ਪਹਿਲਾਂ ਭਾਰਤ ਵਿਚਲੀ ਭਗਤੀ ਲਹਿਰ ਬਾਰੇ ਜਾਣਕਾਰੀ ਲੈ ਚੁੱਕੇ ਹਾਂ। ਜਿਵੇਂ ਭਾਰਤੀ ਪਰੰਪਰਾਵਾਂ ਨੂੰ ਆਧਾਰ ਬਣਾ ਕੇ ਭਗਤੀ ਲਹਿਰ ਨੇ ਲੋਕਾਂ ਅੰਦਰ ਰੂਹਾਨੀ ਜਾਗ੍ਰਤੀ ਪੈਦਾ ਕੀਤੀ ਇਸੇ ਪ੍ਰਕਾਰ ਸਾਮੀ ਪਰੰਪਰਾਵਾਂ ਨੂੰ ਆਧਾਰ ਬਣਾ ਕੇ ਸੂਫ਼ੀਮਤ ਨੇ ਨਿਰੋਲ ਰੂਹਾਨੀਅਤ ਦਾ ਪ੍ਰਚਾਰ ਕੀਤਾ ਅਤੇ ਆਪਣੇ ਇਸਲਾਮੀ ਪਿਛੋਕੜ ਨੂੰ ਦੂਰ ਦੂਰ ਤੱਕ ਫੈਲਾਇਆ।

## ਭੂਮਿਕਾ

ਦੁਨੀਆਂ ਦਾ ਹਰ ਧਰਮ ਮੁੱਢਲੇ ਰੂਪ ਵਿਚ ਰੂਹਾਨੀਅਤ ਦੇ ਉਚੇਰੇ ਅਨੁਭਵ ਵਿਚੋਂ ਹੀ ਉਜਾਗਰ ਹੁੰਦਾ ਪਰ ਸਮਾਂ ਪੈਣ ਪਿਛੋਂ ਇਸਦੀ ਰੂਹਾਨੀਅਤ ਉੱਪਰ ਬਾਹਰਮੁੱਖੀ ਵਿਸ਼ਵਾਸ, ਰਸਮਾਂ ਤੇ ਕਰਮਕਾਂਡ ਭਾਰੂ ਹੋ ਜਾਂਦੇ ਹਨ। ਇਸ ਨਾਲ ਧਰਮ ਦੇ ਰੂਹਾਨੀ ਸਰੋਕਾਰ ਇਸ ਦੇ ਸਮਾਜਿਕ ਵਰਤਾਰੇ ਵਿਚ ਗਵਾਚ ਜਾਂਦੇ ਹਨ। ਧਰਮ ਦੀ ਅੰਤਰਮੁਖਤਾ ਇਲਹਾਮੀ ਰੂਹਾਨੀਅਤ ਨਾਲ ਸ਼ਰਸਾਰ ਹੋਣ ਕਰਕੇ ਆਮ ਵਿਅਕਤੀ ਇਸਤੋਂ ਅਭਿੱਜ ਰਹਿ ਜਾਂਦਾ ਹੈ ਅਤੇ ਉਹ ਬਾਹਰਮੁਖਤਾ ਵਿਚ ਹੀ ਕਿਸੇ ਧਰਮ ਨੂੰ ਵਧੇਰੇ ਧਾਰਨ ਕਰਦਾ ਹੈ। ਸਿੱਖ ਮੁਹਾਵਰੇ ਵਿਚ ਧਰਮ ਦੀ ਅੰਤਰਮੁਖਤਾ ਨੂੰ ਬਾਣੀ (Spirit) ਅਤੇ ਬਾਹਰਮੁਖਤਾ ਨੂੰ ਬਾਣਾ (Form) ਕਿਹਾ ਜਾਂਦਾ ਹੈ। ਇਸ ਨਜ਼ਰੀਏ ਤੋਂ ਜੇਕਰ ਸੂਫ਼ੀਅਤ ਨੂੰ ਪਛਾਨਣਾ ਹੋਵੇ ਤਾਂ ਇਹ ਇਸਲਾਮ ਦੀ ਅੰਤਰਮੁਖਤਾ ਨਾਲ ਕੇਂਦਰਿਤ ਉਹ ਸ਼ਾਖ ਹੈ ਜਿਸਨੇ ਇਸਲਾਮ ਦੇ ਇਲਹਾਮੀ ਹੁਸਨ ਨੂੰ ਆਪਣੀ ਇਲਾਹੀ ਸਾਦਗੀ ਵਿਚ ਹੰਢਾਇਆ ਹੈ। ਵਿਦਵਾਨਾਂ ਨੇ ਇਸੇ ਕਰਕੇ ਇਸਨੂੰ ਇਸਲਾਮੀ ਰਹੱਸਵਾਦ (Mystricism of Islam) ਦਾ ਨਾਮ ਦਿੱਤਾ ਹੈ ਜਦਕਿ ਮੁਸਲਮਾਨ ਇਸ ਨੂੰ ਤਸਵੁੱਫ (Taswawaf) ਸ਼ਬਦ ਰਾਹੀਂ ਯਾਦ ਕਰਦੇ ਹਨ।

## ਸੂਫ਼ੀਮਤ ਦਾ ਆਰੰਭ

ਇਸਲਾਮੀ ਮੂਲ ਦੇ ਅਰਬੀ-ਫ਼ਾਰਸੀ ਦੇ ਵਿਦਵਾਨਾਂ ਨੇ ਸੂਫ਼ੀਮਤ ਨੂੰ ਇਸਲਾਮ ਦੀ ਸ਼ਾਖਾ ਤਸੱਵਰ ਕਰਦੇ ਹੋਏ ਇਸ ਦਾ ਪਿਛੋਕੜ ਇਸਲਾਮੀ ਪਰੰਪਰਾਵਾਂ ਨੂੰ ਹੀ ਤਸਲੀਮ ਕੀਤਾ ਹੈ। ਪਰ ਸੂਫ਼ੀਮਤ ਦਾ ਖੁਰਾ-ਖੋਜ ਕੱਢਣ ਵਾਲੇ ਪੱਛਮੀ ਵਿਦਵਾਨ ਇਸ ਦੇ ਨਿਕਾਸ ਬਾਰੇ ਪਰਸਪਰ ਰਾਵਾਂ ਰਖਦੇ ਹਨ। ਉਸ ਇਸ ਪ੍ਰਤੀ ਤਿੰਨ ਨਜ਼ਰੀਏ ਪੇਸ਼ ਕਰਦੇ ਹਨ

ਪਹਿਲਾ ਨਜ਼ਰੀਆ ਆਰ. ਏ. ਨਿਕਲਸਨ (R.A. Nicholson) ਅਤੇ ਪ੍ਰੋ. ਬਰਾਊਨ (E.G.A. Brown) ਦਾ ਹੈ ਜੋ ਸੂਫ਼ੀਮਤ ਨੂੰ ਲਵ-ਅਫਲਾਤੂਨੀ ਫ਼ਲਸਫੇ ਦੀ ਬਦਲੀ ਸੂਰਤ ਪ੍ਰਵਾਨ ਕਰਦੇ ਹਨ।

ਦੂਜਾ ਵਿਚਾਰ ਡੋਜ਼ੀ ਅਤੇ ਵਾਨ ਕਰੀਮਰ (Dozy & Von Kremer) ਦਾ ਹੈ ਜਿਨ੍ਹਾਂ ਨੇ ਸੂਫੀਮਤ ਵਿਚੋਂ ਬੁੱਧਮਤ ਅਤੇ ਵੇਦਾਂਤ ਦਾ ਖੋਜ ਕੱਢਣ ਦਾ ਯਤਨ ਕੀਤਾ ਹੈ।

ਤੀਜਾ ਵਿਚਾਰ ਵੈਲਬਰ ਫਰੋਸ ਕਲਾਰਕ ਅਤੇ ਮੋਸੀਓ ਲੂਈਮਾਸ ਆਦਿ ਵਿਦਵਾਨਾਂ ਦੀ ਜੋ ਤਸਵੁੱਫ ਨੂੰ ਇਸਲਾਮ ਦੀ ਸ਼ਾਖਾ ਪ੍ਰਵਾਨ ਕਰਦੇ ਹੋਏ ਇਸ ਦਾ ਪਿਛੋਕੜ ਇਸਲਾਮੀ ਰਵਾਇਤਾਂ ਤੇ ਕੁਰਾਨ ਵਿਚੋਂ ਪ੍ਰਫੁਲਤ ਹੁੰਦਾ ਤਸੱਵਰ ਕਰਦੇ ਹਨ।

ਇਥੇ ਸੂਫੀਮਤ ਦੇ ਨਿਕਾਸ ਜਾਂ ਪਿਛੋਕੜ ਨੂੰ ਸਮਝਣ ਲਈ ਇਨ੍ਹਾਂ ਉਪਰੋਕਤ ਵਿਚਾਰਧਾਰਾਵਾਂ ਦਾ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੈ।

ਆਰ. ਏ. ਨਿਕਲਸਨ ਦਾ ਵਿਚਾਰ ਹੈ ਕਿ ਕੁਰਾਨ ਵਿਚ ਵਰਣਿਤ ਕਿਆਮਤ ਦੇ ਦਿਨ ਦਾ ਡਰ ਅਤੇ ਈਸ਼ਵਰ ਦੇ ਨਿਰੰਕੁਸ਼ ਵਿਵਹਾਰ ਕਾਰਨ ਲੋਕਾਂ ਦੇ ਦਿਲਾਂ ਅੰਦਰ ਗੁਨਾਹਾਂ ਅਤੇ ਗੁਨਾਹਾਂ ਦੀ ਸਜ਼ਾ ਬਾਰੇ ਅਤਿ ਚੇਤਨਾ ਪੈਦਾ ਹੋ ਗਈ, ਜਿਸ ਨਾਲ ਮੁਸਲਿਮ ਸੰਨਿਆਸਵਾਦ ਦੀ ਭਾਵਨਾ ਪੈਦਾ ਹੋਈ। ਇਨ੍ਹਾਂ ਸੰਨਿਆਸੀਆਂ ਨੇ ਕੁਰਾਨ ਦੀਆਂ ਸਿਖਿਆਵਾਂ ਨੂੰ ਇਸ ਪ੍ਰਕਾਰ ਵਿਕਾਸ ਕੀਤਾ ਕਿ ਉਨਾਂ ਨੂੰ ਰਹੱਸਵਾਦੀ ਵਿਆਖਿਆ ਮਿਲ ਗਈ। ਯੂਨਾਨੀ ਫ਼ਿਲਾਸਫੀ ਅਤੇ ਖਾਸਕਰ ਨਵ-ਅਫ਼ਲਾਤੂਨਵਾਦ ਦੇ ਪ੍ਰਵੇਸ਼ ਕਰਕੇ ਇਨ੍ਹਾਂ ਰਹੱਸਵਾਦੀਆਂ ਨੇ ਨਵਾਂ-ਅਫ਼ਲਾਤੂਨਵਾਦ ਨੂੰ ਅਪਣਾਇਆ ਅਤੇ ਇਹ ਅਦਵੈਤਵਾਦੀ ਹੋ ਗਏ।

ਪ੍ਰੋ. ਗੁਲਵੰਤ ਸਿੰਘ ਜੋ ਸੂਫੀ ਸਾਹਿਤ ਦੇ ਚੂੜਾਮਣੀ ਵਿਦਵਾਨ ਸਨ ਮਿਸਟਰ ਨਿਕਲਸਨ ਦੀ ਇਸ ਵਿਚਾਰਧਾਰਾ ਦਾ ਪੂਰਨ ਰੂਪ ਵਿਚ ਖੰਡਨ ਕਰਦੇ ਹੋਏ ਕਹਿੰਦੇ ਹਨ - ''ਜੇ ਇਸਲਾਮ ਦੇ ਮਜ਼ਹਬੀ ਸਰੂਪ ਅਤੇ ਇਸਲਾਮੀ ਸੂਫ਼ੀਵਾਦ ਦੇ ਨਿਖੜਵੇਂ ਸਿਧਾਂਤਕ ਮੁਹਾਵਰੇ ਨੂੰ ਧਿਆਨ ਵਿਚ ਰੱਖਿਆ ਜਾਵੇ ਤਾਂ ਇਹ ਮੰਨਣ ਲਈ ਉਚਿਤ ਆਧਾਰ ਉਪਲਬੱਧ ਨਹੀਂ ਕਿ ਸੂਫ਼ੀਵਾਦ ਯੂਨਾਨੀ ਦਰਸ਼ਨ ਦੇ ਪ੍ਰਭਾਵ ਹੇਠ ਆਇਆ

ਹੈ'' ਉਹ ਆਪਣੇ ਵਿਚਾਰ ਨੂੰ ਸਪੱਸ਼ਟ ਕਰਦੇ ਹੋਏ ਦੱਸਦੇ ਹਨ ਕਿ ਮੁਸਲਮਾਨ ਸਭ ਤੋਂ ਪਹਿਲਾਂ ਖਲੀਫ਼ਾ ''ਮਾਮੂਨ-ਅਲ-ਰਸੀਦ'' ਦੇ ਸਾਸਨ ਕਾਲ ਵਿਚ ਹੀ ਯੂਨਾਲੀ ਫ਼ਲਸਫੇ ਨਾਲ ਪਰੀਚਿਤ ਹੋਏ ਸਨ ਅਤੇ ਇਸ ਤਰ੍ਹਾਂ ਯੂਨਾਨ ਦਾ ਨਵ-ਅਫਲਾਤੂਨੀ ਦਰਸ਼ਨ ਤੀਜੀ ਸਦੀ ਹਿਜਰੀ ਨਾਲ ਮੁਸਲਮਾਨਾਂ ਵਿਚ ਪਹੁੰਚਦਾ ਹੈ। ਸੂਫੀਵਾਦ ਆਪਣੇ ਆਪ ਵਿਚ ਇਕ ਗੰਭੀਰ ਤੇ ਸੰਗਠਿਤ ਵਿਧਾਨ ਹੈ।

'ਅਵਾਰਿਫ-ਉਲ-ਮੁਆਰਿਫ' ਦੀ ਭੂਮਿਕਾ ਵਿਚ ਤਾਂ ਪ੍ਰੋ: ਗੁਲਵੰਤ ਸਿੰਘ ਇਹ ਗੱਲ ਠੋਕ ਵਜਾ ਕੇ ਕਹਿੰਦੇ ਹਨ ਕਿ ਨਿਕਲਸਨ ਦਾ ਮੱਤ ਹੈ ਕਿ ਈਰਾਨੀ ਸੂਫ਼ੀ ਸੰਸਕ੍ਰਿਤੀ ਦਾ ਆਰੰਭ ਨਵ-ਅਫਲਾਤੂਨੀਅਤ ਵਿਚੋਂ ਹੋਇਆ ਹੈ ਅਤੇ ਪ੍ਰੋ. ਬਰਾਊਨ ਦਾ ਪ੍ਰਸਤੁਤ ਮੱਤ ਮੇਰੇ ਵਿਚਾਰ ਮੁਤਾਬਿਕ ਬਿਲਕੁਲ ਗਲਤ ਹੈ।

ਜਿਥੋਂ ਤੱਕ ਸੂਫੀਮਤ ਦੇ ਨਿਕਾਸ ਬਾਰੇ ਬੁੱਧਮੱਤ ਤੇ ਵੇਦਾਂਤ ਦੇ ਪ੍ਰਭਾਵ ਦੀ ਗੱਲ ਹੈ, ਇਹ ਵੀ ਥੋਥਾ ਅਤੇ ਬੇ-ਬੁਨਿਆਦ ਵਿਚਾਰ ਹੈ। ਅਸਲ ਗੱਲ ਤਾਂ ਇਹ ਹੈ ਕਿ ਸੂਫੀਮਤ ਕੁਰਾਨ ਅਤੇ ਹਦੀਸ ਉੱਪਰ ਆਧਾਰਿਤ ਇਲਾਹੀ ਹੁਸਨ ਦੇ ਜਲਾਲ ਦੀ ਉਹ ਸਾਦਗੀ ਹੈ ਜੋ ਕਿਸੇ ਵੀ ਫ਼ਲਸਫੇ ਦੀ ਮੁਥਾਜ ਨਹੀਂ, ਸਗੋਂ ਪੈਗੰਬਰ ਹਜਰਤ ਮੁਹੰਮਦ ਸਾਹਿਬ ਵਲੋਂ ਬਖ਼ਸ਼ੀ ਰੂਹ ਦੀ ਇਲਹਾਮੀ ਖੁਰਾਕ ਹੈ ਜਿਸਨੂੰ ਸੂਫ਼ੀਮਤ ਆਪਣੇ ਅੰਦਰ ਹਜ਼ਮ ਕਰਦਾ ਹੋਇਆ ਫ਼ਲਸਫਿਆਂ ਦੀਆਂ ਅਮੁਕ ਪਰਤਾਂ ਖੋਹਲਦਾ ਰਿਹਾ ਹੈ। ਇਸਲਾਮ ਦੀ ਰੂਹਾਨੀਅਤ ਤੋਂ ਅਭਿੱਜ ਰਹਿ ਕੇ ਕਿਤਾਬੀ ਮੁਤਾਲਿਆ ਕਰਨ ਵਾਲੇ ਵਿਦਵਾਨ, ਸੂਫ਼ੀ-ਸੰਤਾਂ ਵਿਚ ਪਦਾਰਥਕ ਤਿਆਗ ਅਤੇ ਸੰਨਿਆਸੀ ਬਿਰਤੀ ਦੀ ਝਲਕ ਵੇਖਦੇ ਇਸ ਵਿਚੋਂ ਵੇਦਾਂਤੀ ਅਤੇ ਬੋਧੀ ਪ੍ਰਭਾਵਾਂ ਦੇ ਬੀਜ ਢੂੰਡਣ ਦਾ ਭੁਲੇਖਾ ਖਾਅ ਜਾਂਦੇ ਹਨ।

ਉਪਰੋਕਤ ਦੋਵਾਂ ਵਿਚਾਰਧਾਰਵਾਂ ਦੇ ਮੁਕਾਬਲੇ ਸੂਫ਼ੀਮਤ ਨੂੰ ਇਸਲਾਮੀ ਪਿਛੋਕੜ ਵਿਚੋਂ ਵੇਖਣਾ ਵਧੇਰੇ ਠੀਕ ਤੇ ਤਰਕ-ਸੰਗਤ ਹੈ। ਸਾਰੇ ਮੁਸਲਮਾਨ ਵਿਦਵਾਨ ਅਤੇ ਸੂਫੀ ਸੰਤ ਇਹ ਗੱਲ ਸਵੀਕਾਰ ਕਰਦੇ ਹਨ ਕਿ ਸੂਫ਼ੀਮਤ ਇਸਲਾਮ ਤੋਂ ਅਲਿਹਦਾ ਕੋਈ ਮੱਤ ਨਹੀਂ ਹੈ ਸਗੋਂ ਇਹ ਤਾਂ ਇਸਲਾਮੀ ਰਹੱਸ ਨੂੰ ਪਹਿਚਾਨਣ ਵਾਲੇ ਸਾਧਕਾਂ ਦਾ ਇਕ ਟੋਲਾ ਹੈ ਜਿਨ੍ਹਾਂ ਨੂੰ ਹਜ਼ਰਤ ਮੁਹੰਮਦ ਸਾਹਿਬ ਦੀ ਰੂਹਾਨੀ ਬਖਸ਼ਿਸ਼ ਪ੍ਰਾਪਤ ਹੋਈ ਸੀ। ਇਹੀ ਕਾਰਨ ਹੈ ਕਿ ਸੂਫ਼ੀਆਂ ਦੇ ਸਾਰੇ ਫਿਰਕੇ ਆਪਣੇ ਆਪ ਨੂੰ ਮੂਲ ਰੂਪ ਵਿਚ ਹਜ਼ਰਤ ਮੁਹੰਮਦ ਸਾਹਿਬ ਨਾਲ ਜੋੜਦੇ ਹਨ। 'ਕਸ਼ਫੂਲ ਮਹਿਜੂਬ' ਦਾ ਕਰਤਾ ਅਲੀ ਹੁਜ਼ਵੀਰੀ ਲਿਖਦਾ ਹੈ - ''ਜਾਣ ਲਵੋ ਕਿ ਸਾਰੀ ਉਮੱਤ ਇਸ ਗੱਲ ਤੇ ਸਹਿਮਤ ਹੈ ਕਿ ਰਸੂਲ ਅੱਲਾ ਦੇ ਵਿਸ਼ੇਸ਼ ਮਿੱਤਰ 'ਅਹਲੇ ਸਫ਼ਾ' (ਚਬੂਤਰੇ ਤੇ ਬੈਠਣ ਵਾਲੇ ਲੋਕ) ਸਨ, ਜੋ ਸਦਾ ਮਸਜਿਦ ਵਿਚ ਹਾਜ਼ਰ ਰਹਿੰਦੇ ਸਨ ਅਤੇ ਸਦਾ ਈਸ਼ਵਰ ਦੀ ਭਗਤੀ ਵਿਚ ਲੀਨ ਰਹਿੰਦੇ ਸਨ ਅਤੇ ਦੁਨੀਆਂ ਨੂੰ ਬਿਲਕੁਲ ਤਿਆਗ ਚੁੱਕੇ ਸਨ ਅਤੇ ਹੋਰ ਦੁਨੀਆਂ ਦੇ ਸਭ ਕੰਮ-ਕਾਜਾਂ ਵਲੋਂ ਮੂੰਹ ਮੋੜ ਚੁੱਕੇ ਸਨ। ਪਰਮਾਤਮਾ ਨੇ ਇਨ੍ਹਾਂ ਦੇ ਕਾਰਨ ਆਪਣੇ ਪਿਆਰੇ ਦੋਸਤ ਹਜ਼ਰਤ ਮੁਹੰਮਦ ਸਾਹਿਬ ਨੂੰ ਸਖਤੀ ਨਾਲ ਫ਼ਰਮਾਇਆ ਸੀ ਕਿ ਇਨ੍ਹਾਂ ਨੂੰ ਆਪਣੀ ਮਜਲਸ (ਸਭਾ) ਤੋਂ ਬਾਹਰ ਮਤ ਕਰਨਾ ਕਿਉਂਕਿ ਇਹ ਲੋਕ ਆਪਣੇ ਪਰਵਰਦਗਾਰ (ਪਾਲਕ) ਨੂੰ ਸੁਬਹ-ਸ਼ਾਮ ਯਾਦ ਕਰਦੇ ਹਨ ਅਤੇ ਪਰਮਾਤਮਾ ਦੇ ਭਾਣੇ ਦੇ ਇੱਛਕ ਹਨ ਅਤੇ ਕੁਰਾਨ ਸ਼ਰੀਫ਼ ਇਨ੍ਹਾਂ ਦੇ ਸਭ ਗੁਣਾਂ ਤੇ ਸਿਫਤਾਂ ਦਾ ਗਵਾਹ ਹੈ''। ਇਹ ਮੁਹੰਮਦ ਸਾਹਿਬ ਦੇ ਸਮਕਾਲੀ ਦੋਸਤ ਪਿਆਰੇ ਹੀ ਬਾਅਦ ਵਿਚ ਸੂਫ਼ੀ ਅਖਵਾਏ।

ਹਜ਼ਰਤ ਮੁਹੰਮਦ ਸਾਹਿਬ ਦੇ ਜੀਵਨ ਵਿਚ ਇਲਾਹੀ ਹੁਸਨ ਦੇ ਭੇਦ ਦੀ ਸਾਦਗੀ ਦਾ ਜੋ ਇਲਹਾਮ ਪੈਦਾ ਹੋਇਆ, ਉਸਦੇ ਦੋ ਰੂਪ ਸਨ। ਇਕ ਨੂੰ ਤਾਂ ਉਨ੍ਹਾਂ ਨੇ ਪਾਕ ਕੁਰਾਨ ਦੀਆਂ ਸੂਰਤਾਂ ਰਾਹੀਂ ਰੂਪਮਾਨ ਕੀਤਾ। ਕੁਰਾਨ ਦਾ ਇਹ ਉਪਦੇਸ਼ ਸਰਬ ਸਾਂਝਾ ਉਪਦੇਸ਼ ਸੀ ਜੋ ਲੋਕਾਂ ਦੀ ਜ਼ਬਾਨ (ਅਰਬੀ) ਵਿਚ ਅੰਕਿਤ ਕੀਤਾ ਗਿਆ ਅਤੇ ਇਸਨੂੰ ਅਪਣਾਉਣ ਦਾ ਆਦੇਸ਼ ਹਰ ਮੁਸਲਮਾਨ ਨੂੰ ਸੀ। ਇਸਨੂੰ ਸਾਹਿਬ ''ਇਲਮ-ਇ-ਸਫੀਨਾ'' (Ilm-i-Safina) ਕਹਿੰਦੇ ਸਨ। ਮੁਹੰਮਦ ਸਾਹਿਬ ਤੋਂ ਪਿਛੋਂ ਇਸੇ ਇਲਹਾਮੀ ਉਪਦੇਸ਼ ਦੀ ਵਿਆਖਿਆ, ਪ੍ਰਚਾਰ ਤੇ ਪਸਾਰ ਇਸਲਾਮ ਦੇ ਉਲੇਮਾ ਨੇ ਕੀਤਾ। ਇਲਾਹੀ ਹੁਸਨ ਦਾ ਇਕ ਗੁਪਤ ਭੇਦ ਸੀ ਜਿਸਨੂੰ ਮੁਹੰਮਦ ਸਾਹਿਬ ਨੇ ਸੀਨੇ (ਹਿਰਦੇ) ਵਿਚ ਸਾਂਭੀ ਰੱਖਿਆ ਅਤੇ ਹਦੀਸਾਂ ਦੇ ਰੂਪ ਵਿਚ ਇਸਨੂੰ ਉਹ ਪਿਆਰੇ ਮੁਰੀਦਾਂ ਨਾਲ ਸਮੇਂ ਸਮੇਂ ਸਾਂਝਾ ਕਰਦੇ ਰਹੇ। ਇਸਨੂੰ 'ਇਲਮ-ਇ-ਸੀਨ' (Ilm-i-Sina) ਕਹਿੰਦੇ ਸਨ। ਸੂਫ਼ੀ ਸੰਤਾਂ ਨੇ ਇਲਾਹੀ ਹੁਸਨ ਦੇ ਇਸ ਜਲਾਲ ਨੂੰ ਸੀਨੇ-ਬ-ਸੀਨੇ ਸਾਂਭਦੇ ਹੋਏ ਅੱਗੇ ਤੋਰਿਆ। ਰੂਹਾਨੀਅਤ ਦੀ ਇਸ ਸਦ-ਤਾਜ਼ਗੀ ਨੂੰ ਖਾਲਸ ਰੂਪ ਵਿਚ ਮਾਣਦੇ ਹੋਏ ਇਨ੍ਹਾਂ ਸਾਧਕਾਂ ਨੇ ਤਾਂ ਇਸ ਨੂੰ ਫਲਸਫਾ ਬਨਣ ਦਿੱਤਾ ਅਤੇ ਨਾ ਹੀ ਦੇਸ ਕਾਲ ਦੀਆਂ ਇਤਿਹਾਸਕ ਪਰਤਾਂ ਦੇ ਗੁਲਾਮ ਹੋਣ ਦੇ ਅਹਿਸਾਸ ਨੂੰ ਨੇੜੇ ਢੁੱਕਣ ਦਿੱਤਾ। ਅਜਿਹਾ ਕਰਦੇ ਹੋਏ ਸੂਫ਼ੀਆਂ ਨੂੰ ਇਸਲਾਮੀ ਕੱਟੜਵਾਦ ਦੇ ਮਜ਼ਹਬੀ ਤੂਫਾਨਾਂ ਦਾ ਵੀ ਸਾਹਮਣਾ ਕਰਨਾ ਪਿਆ। ਇਵੇਂ ਸੂਫ਼ੀਮਤ ਕੁਰਾਨ ਦੇ ਇਲਾਹੀ ਅਸਲ ਨੂੰ ਚਿੰਤਨ ਦੇ ਇਕ ਅਜਿਹੇ ਨਜ਼ਾਮ ਵਿਚ ਸਦੀਵੀ ਤੌਰ ਤੇ ਸਾਂਭਣ ਦਾ ਚਮਤਕਾਰ ਕਰ ਵਿਖਾਉਂਦਾ ਹੈ ਜਿਸ ਦਾ ਵਜੂਦ ਨਿਰੋਲ ਮਨੁੱਖੀ ਅਹਿਸਾਸ ਹੈ।

ਪ੍ਰੋ. ਗੁਲਵੰਤ ਸਿੰਘ 'ਅਵਾਰਿਫ-ਉਲ-ਮੁਆਰਿਫ' ਦੀ ਭੂਮਿਕਾ ਵਿਚ 8ਵੀਂ ਤੇ 9ਵੀਂ ਸਦੀ ਦੇ ਹਾਲਤਾਂ ਨੂੰ ਮੁੱਖ ਰੱਖਦੇ ਹੋਏ ਸੂਫ਼ੀਮਤ ਦੇ ਪੈਦਾ ਹੋਣ ਨੂੰ ਸੁਭਾਵਿਕ ਮੰਨਿਆ ਹੈ। ਸਰਦਾਰ ਕਪੂਰ ਸਿੰਘ ਵੀ ਇਹੀ ਮੰਨਦੇ ਹਨ ਕਿ ਰਾਜਸੀ ਗਿਲਾਨੀ ਅਤੇ ਸੰਸਾਰੀ ਜੀਵਨ ਦਾ ਪ੍ਰਤੀਕਰਮ ਜੋ ਧਾਰਮਿਕ ਮੁਸਲਮਾਨਾਂ ਉਪਰ ਹੋਇਆ, ਉਹੀ ਸੂਫ਼ੀਮਤ ਦੀ ਲਹਿਰ ਦਾ ਅਸਲੀ ਸੰਚਾਲਕ ਹੈ। ਡਾ. ਰਾਧਾ ਕ੍ਰਿਸ਼ਨਾ ਲਾਜਵੰਤੀ ਸੂਫ਼ੀਮਤ ਨੂੰ ਇਸਲਾਮ ਦੀ ਸ਼ਾਤਮਈ ਭਰਾਤ੍ਰੀਅਤਾ ਅਤੇ ਸਹਿਨਸ਼ੀਲਤਾ ਵਾਲੀ ਸ਼੍ਰੇਣੀ ਮੰਨਦੀ ਹੈ ਜਿਸਦਾ ਆਰੰਭ ਮੁੰਹਮਦ ਸਾਹਿਬ ਦੀ ਮੌਤ ਤੋਂ ਛੇਤੀ ਹੀ ਪਿਛੋਂ ਹੋ ਗਿਆ ਸੀ।

ਇਸ ਸਾਰੀ ਚਰਚਾ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸੂਫ਼ੀਮਤ ਨਾ ਤਾਂ ਇਸਲਾਮ ਤੋਂ ਬਾਹਰ ਦਾ ਕੋਈ ਮਤ ਹੈ ਅਤੇ ਨਾ ਹੀ ਕਿਸੇ ਬਾਹਰੀ ਪ੍ਰਭਾਵ ਦਾ ਸਿੱਟਾ ਹੈ। ਇਸ ਦਾ ਮੁੱਢ ਵੀ ਅਰਬ ਦੇਸ਼ ਦੀ ਧਰਤੀ ਉੱਪਰ ਹੀ ਬੱਝਾ ਸੀ, ਨਾ ਕਿ ਈਰਾਨ ਵਿਚ। ਸਾਰੇ ਸੂਫ਼ੀ ਮੂਲ ਰੂਪ ਵਿਚ ਇਸਲਾਮ ਦੇ ਪ੍ਰਚਾਰਕ ਸਨ ਅਤੇ ਨਵ-ਅਫ਼ਲਾਤੂਨ, ਈਸਾਈ, ਬੁੱਧ ਮਤ ਜਾਂ ਵੇਦਾਂਤ ਦਾ ਸੂਫ਼ੀਮਤ ਦੇ ਨਿਕਾਸ ਨਾਲ ਕੋਈ ਸੰਬੰਧ ਨਹੀਂ। ਇਹ ਹੋ ਸਕਦਾ ਹੈ ਕਿ ਇਸਦੇ ਵਿਕਾਸ ਵਿਚ ਇਨ੍ਹਾਂ ਧਰਮਾਂ ਦੀ ਕੋਈ ਭੂਮਿਕਾ ਹੋਵੇ। ਇਹਨਾਂ ਮੱਤ-ਮਤਾਂਤਰਾਂ ਵਿਚ ਵੀ ਰਹੱਸਵਾਦੀ ਤੱਤ ਪਾਏ ਜਾਂਦੇ ਹਲ ਪਰ ਹਰ ਰਹੱਸਵਾਦੀ ਸੂਫ਼ੀ ਨਹੀਂ ਹੋ ਸਕਦਾ ਅਤੇ ਸਾਰੇ ਸੂਫ਼ੀ ਰਹੱਸਵਾਦੀ ਜ਼ਰੂਰ ਸਨ। ਸੂਫ਼ੀਆਂ ਨੇ ਹਮੇਸ਼ਾ ਅੱਤਵਾਦੀ ਸੋਚ ਨੂੰ ਤਿਆਗ ਕੇ ਧਾਰਮਿਕ ਸਹਿਨਸ਼ੀਲਤਾ ਅਤੇ ਰਵਾਂਦਰੀ ਨੂੰ ਆਪਣੀ ਜੀਵਨ-ਜਾਂਚ ਦਾ ਹਿੱਸਾ ਬਣਾਇਆ ਹੈ।

**ਸੂਫ਼ੀ ਸ਼ਬਦ ਤੋਂ ਭਾਵ :-**

ਮੁੱਢਲੇ ਸਮੇਂ ਵਿਚ ਸੂਫ਼ੀ ਸਾਧਕਾਂ ਨੂੰ ਨਾ ਤਾਂ ਸੂਫ਼ੀ ਕਿਹਾ ਜਾਂਦਾ ਸੀ ਅਤੇ ਨਾ ਹੀ ਸੂਫ਼ੀਮਤ ਦੀ ਇਸਲਾਮ ਨਾਲੋਂ ਵਿਲੱਖਣਤਾ ਸੀ। ਸਮਾਂ ਗੁਜਰਨ ਨਾਲ ਇਹ ਸੰਤ ਸੂਫ਼ੀ ਨਾਮ ਨਾਲ ਜਾਣੇ ਜਾਣ ਲੱਗੇ ਅਤੇ ਇਨ੍ਹਾਂ ਦੀ ਵਿਚਾਰਧਾਰਾ ਨੂੰ ਸੂਫ਼ੀਮਤ ਕਿਹਾ ਜਾਣ ਲੱਗਾ। ਇਨ੍ਹਾਂ ਲੋਕਾਂ ਲਈ ਸੂਫ਼ੀ ਸ਼ਬਦ ਕਿਉਂ ਵਰਤਿਆ ਜਾਣ ਲੱਗਾ ਅਤੇ ਇਸ ਸ਼ਬਦ ਦਾ ਭਾਵ ਪ੍ਰਸੰਗ ਕੀ ਹੈ? ਇਸ ਬਾਰੇ ਵਿਦਵਾਨਾਂ ਵਿਚ ਕਾਫੀ ਮਤਭੇਦ ਆਰੰਭਿਕ ਕਾਲ ਤੋਂ ਹੀ ਚਲੇ ਆਉਂਦੇ ਹਨ।

'ਕਸ਼ਫੁਲ ਮਹਿਜੂਬ' ਦਾ ਕਰਤਾ ਹਜ਼ਰਤ ਸ਼ੇਖ ਮਖ਼ਦੂਮ ਅਲੀ ਹੁਜਵੀਰੀ ਇਸ ਪੁਸਤਕ ਦੇ ਤੀਜੇ ਅਧਿਆਇ 'ਤੁਸੱਵੁਫ਼ ਦੇ ਬਿਆਨ' ਵਿਚ ਲਿਖਦਾ ਹੈ -''ਲੋਕਾਂ ਨੇ ਸੂਫ਼ੀ ਨਾਮ ਦੀ ਖੋਜ ਵਿਚ ਬਹੁਤ ਕੁਝ ਕਿਹਾ ਹੈ। ਇਕ ਟੋਲਾ ਸੂਫ਼ੀ ਨੂੰ ਸੂਫ਼ੀ ਇਸ ਲਈ ਕਹਿੰਦਾ ਹੈ ਕਿ ਉਹ ਸੂਫ਼ ਦੇ ਕੱਪੜੇ ਪਾਉਂਦੇ ਹਨ ਅਤੇ ਇਕ ਟੋਲਾ ਸੂਫ਼ੀ ਨੂੰ ਸੂਫ਼ੀ ਇਸ ਲਈ ਕਹਿੰਦਾ ਹੈ ਕਿ ਉਹ ਅਸਹਾਲੇ ਸੁਫ਼ਾ ਨਾਲ ਸੰਬੰਧ ਰੱਖਦੇ ਹਨ। ਕੁਝ ਹੋਰ ਕਹਿੰਦੇ ਹਨ ਕਿ ਸ਼ਬਦ ਸੂਫ਼ੀ ਸਫ਼ਾ (ਸਫ਼ਾਈ) ਤੋਂ ਨਿਕਲਿਆ ਹੈ''। ਅਬੁਲ-ਕਾਸਿਮ ਅਲਕਸ਼ਅਰੀ (ਮਿਰਤੂ 1072) ਨੇ ਆਪਣੀ ਜਗਤ ਪ੍ਰਸਿੱਧ ਪੁਸਤਕ 'ਰਿਸਾਲਾ' (ਜੋ ਸੂਫ਼ੀਮਤ ਦਾ ਇਕ ਮਹਾਨ ਗ੍ਰੰਥ ਹੈ) ਵਿਚ ਲਿਖਿਆ ਹੈ ਕਿ 'ਸੂਫ਼ੀ' ਸ਼ਬਦ ਅਰਬੀ ਭਾਸ਼ਾ ਦੇ 'ਸਫ਼ਵ' ਧਾਤੂ ਤੋਂ ਨਿਕਲਿਆ ਹੈ ਅਤੇ ਸਫ਼ਵ' ਦੇ ਅਰਥ ਹਨ ਸੰਸ਼ੋਧਨ ਕਰਨਾ, ਸਾਫ਼ ਕਰਨਾ, ਪਵਿੱਤਰ ਬਣਾਉਣਾ ਆਦਿ।

ਅਬੂ ਰਹੀਮ ਅਲਬਰੂਨੀ ਸੂਫ਼ੀ ਸ਼ਬਦ ਦਾ ਅਰਥ ਗਿਆਨੀ ਲੈਂਦਾ ਹੋਇਆ ਇਸ ਨੂੰ ਯੂਨਾਨੀ ਭਾਸ਼ਾ ਦੇ ਲਫ਼ਜ਼ ਸੋਫ਼ (Soph) ਤੋਂ ਨਿਕਲਿਆ ਮੰਨਦਾ ਹੈ ਜਿਸਦੇ ਅਰਥ ਦਾਨਿਸ਼ ਹਨ। ਆਪਣੀ ਗੱਲ ਨੂੰ ਸਪੱਸ਼ਟ ਕਰਦਾ ਉਹ ਕਹਿੰਦਾ ਹੈ ਕਿ ਤੱਤ ਗਿਆਨੀ ਨੂੰ ਪੈਲਾ ਸੋਪ ਅਰਥਾਤ ਗਿਆਨ ਪ੍ਰੇਮੀ ਆਖਿਆ ਜਾਂਦਾ ਹੈ। ਇਸਲਾਮ ਵਿਚ ਜਦ ਲੋਕਾਂ ਨੇ ਤੱਤ ਵਿਗਿਆਨ ਨਾਲ ਮਿਲਦੀਆਂ ਜੁਲਦੀਆਂ ਬਹੁਤ ਗੱਲਾਂ ਨੂੰ ਸਵੀਕਾਰ ਕੀਤਾ ਤਾਂ ਉਨ੍ਹਾਂ ਦਾ ਨਾਂ ਉਹੀ ਰੱਖ ਦਿੱਤਾ। ਪਰੰਤੂ ਇਸ ਸ਼ਬਦ ਦਾ ਅਰਥ ਨਾ ਸਮਝਣ ਕਰਕੇ ਇਸ ਨੂੰ ਲੋਕ 'ਅਹਲੇ ਸੂਫ਼ਾ' ਅਖਵਾਉਂਦੇ ਸਨ, ਉਹੀ ਸੂਫ਼ੀ ਸਨ। ਆਕਸਫੋਰਡ ਦੇ ਜਗਤ ਪ੍ਰਸਿੱਧ ਲੇਖਕ ਆਰ.ਏ. ਨਿਕਲਸਨ ਦਾ ਵਿਚਾਰ ਹੈ ਕਿ ਸੂਫ਼ੀ ਸ਼ਬਦ ਯੂਨਾਨੀ ਸ਼ਬਦ (Sophos) ਤੋਂ ਨਿਕਲਿਆ ਹੈ ਜਿਸ ਦੇ ਅਰਥ ਹਨ, ਬੁੱਧੀ। ਸੂਫ਼ੀ ਉਹ ਹੈ ਜਿਸ ਦੀ ਬੁੱਧੀ ਪ੍ਰਕਾਸ਼ਤ ਹੋ ਚੁੱਕੀ ਹੈ।

ਉਪਰੋਕਤ ਆਈਆਂ ਦਲੀਲਾਂ ਉੱਪਰ ਜੇਕਰ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਕਿਸੇ ਵੀ ਸਰਵ ਪ੍ਰਵਾਣਿਤ ਸਿੱਟੇ ਉਪਰ ਨਹੀਂ ਪੁੱਜਿਆ ਜਾ ਸਕਦਾ। ਪ੍ਰੋ. ਗੁਲਵੰਤ ਸਿੰਘ ਸੂਫ਼ੀ ਸ਼ਬਦ ਦੀ ਵਿਉਂਤਪਤੀ ਦੇ ਆਧਾਰ ਤੇ ਇਸ ਦੀ ਸ਼ਾਬਦਿਕ ਬਣਤਰ ਦਾ ਨਿਖੇੜਾ ਕਰਦੇ ਹਨ - ਇਹ ਕਥਨ ਕਿ ਸੂਫ਼ੀ 'ਸਫ਼ਾ' ਜਾਂ 'ਸਫ਼ਵ' ਤੋਂ ਨਿਕਲਿਆ ਹੈ, ਕੋਸ਼ ਅਨੁਸਾਰ ਠੀਕ ਨਹੀਂ ਹੈ। ਸ਼ਾਬਦਿਕ ਬਣਤਰ ਦੇ ਪੱਖੋਂ ਸਫ਼ਾ ਤੋਂ ਸੂਫ਼ੀ ਅਤੇ ਸਫ਼ਵ ਤੋਂ ਸਫ਼ਵੀ ਬਣੇਗਾ ਨਾ ਕਿ ਸੂਫ਼ੀ। ਜੇਕਰ ਸਫ਼ ਸ਼ਬਦ ਜਿਸਦਾ ਅਰਥ ਕਤਾਰ ਹੈ (ਅੱਲਾਹ ਦੇ ਦਰਬਾਰ ਵਿਚ ਸੂਫ਼ੀ ਸਬਰ ਸੰਤੋਖ ਕਰਕੇ ਪਹਿਲੀ ਸਫ਼ (ਪੰਗਤ) ਵਿਚ ਗਿਣੇ ਜਾਣਗੇ) ਲਿਆ ਜਾਵੇ ਤਾਂ ਇਸ ਦੀ ਸ਼ਾਬਦਿਕ ਬਣਤਰ ਵੀ ਕੋਸ਼ ਅਨੁਸਾਰ ਗਲਤ ਹੈ ਕਿਉਂਕਿ ਸਫ਼ ਤੋਂ ਸੱਫ਼ੀ ਸ਼ਬਦ ਬਣੇਗਾ ਨਾ ਕਿ ਸੂਫ਼ੀ। ਇਕ ਦ੍ਰਿਸ਼ਟੀਕੋਣ ਤੋਂ ਸੂਫ਼ੀ ਸ਼ਬਦ ਸੁੱਫ਼ਾ ਤੋਂ ਬਣਿਆ ਕਿਉਂਕਿ ਇਹ ਸਾਧਨਾ ਸਮੇਂ ਮਸੀਤੇ ਤੋਂ ਚਬੂਤਰੇ (ਸੁੱਫ਼ਾ) ਉੱਪਰ ਬੈਠਦੇ ਹਨ। ਸੁੱਫ਼ਾ ਤੋਂ ਵੀ ਸੂਫ਼ੀ ਦੀ ਬਜਾਏ ਸੁਫ਼ੀ ਸ਼ਬਦ ਹੀ ਬਣੇਗਾ। ਜੇਕਰ ਸ਼ੁੱਫੀ ਸ਼ਬਦ ਨੂੰ 'ਸੱਫਾ' ਦੇ ਨਾਲ ਸੰਬੰਧਤ ਕਰੀਏ ਤਾਂ ਜਿਸ ਦਾ ਅਰਥ ਚੰਗੀਆਂ ਸਿਫ਼ਤਾਂ ਨੂੰ ਗ੍ਰਹਿਣ ਕਰਨਾ ਹੈ। ਵਿਆਕਰਣ ਅਨੁਸਾਰ ਇਸ ਸ਼ਬਦ ਤੋਂ ਸ਼ੱਫ਼ੀ ਹੀ ਬਣੇਗਾ ਨਾ ਕਿ ਸੂਫ਼ੀ। ਜੇ ਸੂਫ਼ੀ ਲਫ਼ਜ਼ ਨੂੰ ਸੂਫ਼ਾਨ ਜਾਂ 'ਸੂਫ਼ਾਨਾ' ਨਾਲ ਸੰਬੰਧਿਤ ਮੰਨੀਏ ਜਿਸਦਾ ਅਰਥ ਜਹਦ (ਸੰਯਮ) ਅਤੇ ਸੁਅਲਪ ਭੋਜਨ ਹਨ ਤਾਂ ਇਸ ਤੋਂ ਵੀ 'ਸੂਫਾਨੀ' ਸ਼ਬਦ ਹੀ ਬਣੇਗਾ।

ਇਸ ਸਾਰੇ ਵਿਸ਼ਲੇਸ਼ਣ ਪਿਛੋਂ ਇਕੋ ਸ਼ਬਦ ਸੂਫ਼ ਹੀ ਬਚਦਾ ਹੈ ਜਿਸ ਤੋਂ ਸੂਫ਼ੀ ਬਣਦਾ ਹੈ ਅਤੇ ਸੂਫ਼ੀ ਇਕ ਵਿਸ਼ੇਸ਼ਣੀ ਨਾਮ (ਲਕਬ) ਹੈ ਜਿਸਦੇ ਪ੍ਰਚੱਲਤ ਹੋਣ ਦਾ ਕਾਰਣ ਇਹ ਹੈ ਕਿ ਸੂਫ਼ੀ ਫ਼ਕੀਰ ਸੂਫ਼ ਦੇ ਕੱਪੜੇ ਪਹਿਨਦੇ ਸਨ ਤੇ ਇਸੇ ਕਰਕੇ ਇਹ ਸੂਫ਼ੀ ਅਖਵਾਏ ਸਨ। ਬਹੁਤੇ ਸੂਫ਼ੀ ਵਿਦਵਾਨ ਇਸ ਮੱਤ ਨਾਲ ਸਹਿਮਤ ਹਨ।

ਸੱਯਦ ਅੱਬਾਸ ਜਲਾਲਪੁਰੀ ਅਨੁਸਾਰੀ ''ਸੂਫ਼'' ਪਸ਼ਮ ਜਾਂ ਊਨੀ ਖੱਦਰ ਨੂੰ ਕਹਿੰਦੇ ਹਨ। ਅਰਬੀ-ਕੋਸ਼ ਵਿੱਚ ਤਸੱਵੁਫ਼ ਦਾ ਅਰਥ ਹੈ, ''ਉਹਨੇ ਸੂਫ਼ ਦਾ ਲਿਬਾਸ ਪਾਇਆ।'' ਏਸ ਲਈ ਸੂਫ਼ੀ ਉਹ ਹੋਇਆ ਜਿਹੜਾ ਊਨੀ ਖੱਦਰ ਦਾ ਬਾਣਾ ਪਾਵੇ। ਅਕਸਰ ਕੌਮਾਂ ਦੇ ਤਾਰਕ ਸ਼ੁਰੂ ਤੋਂ ਊਨੀ ਖੱਦਰ ਦਾ ਖ਼ਿਲਤਾ ਪਾਉਂਦੇ ਰਹੇ ਹਨ। ਇਹ ਖਪਰਾ ਤੇ ਖਰਵਾ ਹੁੰਦਾ ਏ ਅਤੇ ਜੁੱਸੇ ਵਿਚ ਚੁਭਦਾ ਰਹਿੰਦਾ ਏ। ਇਹ ਉਹਨਾਂ

ਨੂੰ ਗਫ਼ਲਤ ਦੀ ਨੀਂਦ ਤੋਂ ਬਚਾਉਂਦਾ ਏ। ਤਾਰਕ ਪੱਟ ਤੇ ਸੂਤਰ ਦੇ ਕੂਲੇ ਬਾਣੇ ਨੂੰ ਸੁਖਿਆਰੇ ਦੁਨੀਆਂਦਾਰਾਂ ਦੇ ਲੀੜੇ ਕਹਿੰਦੇ ਸਨ। ਉਹਨਾਂ ਦਾ ਖਿਆਲ ਸੀ ਕਿ ਜੁੱਸੇ ਨੂੰ ਜਿਤਨਾ ਦੁੱਖ ਦਿੱਤਾ ਜਾਏ, ਉਤਨਾ ਹੀ ਬੰਦੇ ਦੀ ਰੂਹ ਪਾਕ ਤੇ ਨਿਰਮਲ ਹੁੰਦੀ ਏ।

ਪ੍ਰੋ. ਈ. ਜੀ. ਬਰਾਊਨ ਅਨੁਸਾਰ ਸੂਫ਼ੀ ਸ਼ਬਦ ਸੂਫ਼ (Suf) ਤੋਂ ਲਿਆ ਗਿਆ ਹੈ। ਇਸ ਦੀ ਪੁਸ਼ਟੀ ਸ਼ਬਦ 'ਪਸ਼ਮੀਨਾ ਪੋਸ਼' ਤੋਂ ਵੀ ਹੁੰਦੀ ਹੈ ਜਿਸਦਾ ਭਾਵ 'ਉੱਨ ਦੇ ਬਿਸਤਰੇ ਧਾਰਨ ਕਰਨ ਵਾਲਾ' ਹੈ। ਇਸ ਸ਼ਬਦ ਦਾ ਪ੍ਰਯੋਗ ਫਾਰਸ ਦੇ ਰਹੱਸਵਾਦੀਆਂ ਲਈ ਕੀਤਾ ਜਾਂਦਾ ਹੈ।

ਡਾ. ਰਾਮਾ ਕਿਸ਼ਨਾ ਲਾਜਵੰਤੀ ਨੇ ਵੀ ਸੂਫ਼ੀ ਵਿਦਵਾਨਾਂ ਦੇ ਹਵਾਲਿਆਂ ਨਾਲ ਸੂਫ਼ੀ ਸ਼ਬਦ ਨੂੰ ਸੂਫ਼ ਤੋਂ ਵਿਉਂਤਪਤ ਹੋਇਆ ਪ੍ਰਵਾਨ ਕਰਦਿਆਂ ਸੂਫ਼ੀ ਸੰਤਾਂ ਨੂੰ ਇਸ ਲਿਬਾਸ ਦੇ ਧਾਰਨੀ ਮੰਨਿਆ ਹੈ।

ਸੂਫ਼ੀਮਤ ਵਾਲੇ ਹਸਨ-ਅਲ-ਬਸਰੀ (ਮ੍ਰਿਤੂ 728) ਨੂੰ ਸੂਫ਼ੀਮਤ ਦੇ ਮੋਢੀਆਂ ਵਿਚੋਂ ਮੰਨਦੇ ਹਨ। ਇਸ ਦੀ ਇਕ ਚਿੱਠੀ ਖ਼ਲੀਫ਼ਾ ਅਬਦੁਲ ਅਜ਼ੀਜ਼ ਦੇ ਨਾਮ ਲਿਖੀ ਹੋਈ ਮਿਲਦੀ ਹੈ। ਜਿਸ ਤੋਂ ਸਿੱਧ ਹੁੰਦਾ ਹੈ ਕਿ ਉਸ ਸਮੇਂ ਸੂਫ਼ੀ ਸ਼ਬਦ ਉੱਨ ਦੇ ਕੱਪੜੇ ਧਾਰਨ ਕਰਨ ਵਾਲੇ ਪ੍ਰਸਿੱਧ ਅਤੇ ਪ੍ਰਮਾਣਿਤ ਹੋ ਚੁੱਕਾ ਸੀ। ਇਸ ਚਿੱਠੀ ਦੀ ਅਬਾਦਤ ਸ. ਕਪੂਰ ਸਿੰਘ ਆਪਣੇ ਇਕ ਲੇਖ 'ਸੂਫੀਮਤ ਦਾ ਨਿਕਾਸ ਤੇ ਵਿਕਾਸ' ਵਿਚ ਇਸ ਪ੍ਰਕਾਰ ਦਿੰਦੇ ਹਨ - ''ਹੋਰ ਸੁਣੋ : ਰੂਹ ਅਤੇ ਸ਼ਬਦ ਦਾ ਪ੍ਰਭੂ (ਯਸੂਅ), ਜਿਸ ਦਾ ਕਿ ਸਾਰਾ ਜੀਵਨ ਕਰਾਮਾਤੀ ਸੀ, ਬਚਨ ਕਰਦਾ ਹੁੰਦਾ ਸੀ : ਭੁੱਖ ਮੇਰਾ ਆਹਾਰ ਹੈ, ਗਰੀਬੀ ਮੇਰਾ ਚਿੰਨ੍ਹ ਹੈ, ਉੱਨ ਦੇ ਕੱਪੜੇ ਮੇਰੇ ਬਸਤਰ ਹਨ, ਮੇਰੇ ਚਰਨ ਮੇਰੇ ਵਾਹਨ ਹਨ, ਰਾਤੀਂ ਸਮੇਂ ਚੰਦਰਮਾਂ ਮੇਰਾ ਦੀਵਾ ਹੈ, ਦਿਨ ਵੇਲੇ ਸੂਰਜ ਮੇਰੀ ਅਗਨੀ ਹੈ। ਮੇਰੇ ਕੋਲ ਕੋਈ ਧਨ ਸੰਪਦਾ ਨਹੀਂ ਪਰ ਮੇਰੇ ਨਾਲੋਂ ਵੱਡਾ ਧਨੀ ਸੰਸਾਰ ਵਿਚ ਕੋਈ ਨਹੀਂ।''

ਅਬਦੁਲ-ਬਿਨ-ਮਸਉਦ ਤਾਂ ਸੂਫ਼ ਦੇ ਪਹਿਰਾਵੇ ਨੂੰ ਇਥੋਂ ਤੱਕ ਮਹੱਤਤਾ ਦਿੰਦੇ ਹਨ ਕਿ ਜਿਸ ਦਿਨ ਪਰਮੇਸ਼ਵਰ ਨੇ ਮੂਸਾ ਨਾਲ ਸ਼ਖਸ਼ਾਰ ਕੀਤਾ ਤਾਂ ਆਪ ਨੇ ਸੂਫ਼ ਦਾ ਲਿਬਾਸ (ਜਾਮਾ-ਏ-ਸੂਫ਼) ਪਹਿਨਿਆ ਹੋਇਆ ਸੀ। ਡਾ. ਜੀਤ ਸਿੰਘ ਸੀਤਲ ਅਨੁਸਾਰ ''ਸੂਫ਼ੀਮਤ ਇਕ ਰੱਬਵਾਦੀ ਰਹੱਸਵਾਦੀ ਮੱਤ ਹੈ, ਅਰਥਾਤ ਉਹ ਇਸਲਾਮ ਹੈ ਜਿਸ ਦੀ ਧਾਤੂ ਅਰਬੀ ਸ਼ਬਦ ਸੂਫ਼ ਹੈ ਅਤੇ ਅਰਥ ਹੈ ਅਣਕੱਤੀ ਤੇ ਅਣਤੁੰਬੀ ਉੱਨ, ਖ਼ਾਸ ਕਰਕੇ ਕਾਲੀ ਉੱਨ।''

ਵਧੇਰੇ ਦੂਰ ਜਾਣ ਦੀ ਲੋੜ ਨਹੀਂ। ਸ਼ੇਖ ਫ਼ਰੀਦ ਦੀ ਬਾਣੀ ਵਿਚੋਂ ਹੀ ਇਸ ਗੱਲ ਦੇ ਸਪੱਸ਼ਟ ਪ੍ਰਮਾਣ ਮਿਲ ਜਾਂਦੇ ਹਨ ਕਿ ਸੂਫ਼ੀ ਉਹ ਹੈ ਜੋ ਸੂਫ਼ ਦੇ ਕੱਪੜੇ ਪਹਿਨਦਾ ਸੀ।

1. ਫ਼ਰੀਦਾ ਕਾਲੇ ਮੈਡੇ ਕਪੜੇ, ਕਾਲਾ ਮੈਡਾ ਵੇਸ।
   ਗੁਨਹੀ ਭਰਿਆ ਮੈਂ ਫਿਰਾਂ ਲੋਕੁ ਕਹੇ ਦਰਵੇਸ। (61)
2. ਚਲਾ ਤਾ ਭਿਜੈ ਕੰਬਲੀ ਰਹਾ ਤਾਂ ਟੂਟੇ ਨੇਹੁ। (24)
3. ਫ਼ਰੀਦਾ ਕਨਿ ਮੁਸਲਾ ਸੂਫ਼ ਗਲਿ ਦਿਲ ਕਾਤੀ ਗੁੜ ਵਾਤਿ।। (50)

ਇਸ ਸਾਰੀ ਵਿਚਾਰ ਤੋਂ ਸਪਸ਼ੱਟ ਹੁੰਦਾ ਹੈ ਕਿ ਸੂਫ਼ੀ ਪਵਿੱਤਰ ਦਿਲ ਵਾਲਾ, ਬਾਤਨੀ ਸਫ਼ਾਈ ਵਾਲਾ ਉਹ ਦਰਵੇਸ਼ ਹੈ ਜੋ ਸੂਫ਼ ਦੇ ਕੱਪੜੇ ਪਹਿਨਦਾ ਹੋਇਆ ਅੱਲਾਹ ਨੂੰ ਹਮੇਸ਼ਾ ਆਪਣੇ ਹਿਰਦੇ ਵਿਚ ਵਸਾਈ ਰੱਖਦਾ ਹੈ।

## 1.6 ਸੂਫੀਮਤ ਦਾ ਵਿਕਾਸ :-

ਸੂਫ਼ੀਮਤ ਦਾ ਵਿਕਾਸ ਸੰਸਾਰ ਦੀ ਤਿਆਗ ਭਾਵਨਾ ਤੋਂ ਹੋਇਆ ਹੈ। ਹਜ਼ਰਤ ਮੁਹੰਮਦ ਤੋਂ ਬਾਅਦ ਜੋ ਮੁਸਲਮਾਨ ਸਾਧਕ ਕੁਰਾਨ ਦੀ ਇਲਾਹੀ ਸਾਦਗੀ ਤੇ ਪੂਰੇ ਉਤਰੇ ਉਨ੍ਹਾਂ ਨੇ ਆਪਣੇ ਆਪ ਨੂੰ ਸੰਸਾਰ ਦੀਆਂ ਪਦਾਰਥਕ ਖੁਸ਼ੀਆਂ ਅਤੇ ਝਮੇਲਿਆਂ ਤੋਂ ਵਿਮੁਕਤ ਕਰਕੇ ਇਕਾਂਤ ਵਿਚ ਪ੍ਰਭੂ ਸਿਮਰਨ ਲਈ ਸਮਰਪਤ ਕਰ ਲਿਆ। ਇਹੀ ਸਾਧਕ ਸੂਫ਼ੀਮਤ ਦੇ ਜਨਮ ਦਾਤੇ ਹਨ। ਦੂਜੀ ਸਦੀ ਹਿਜ਼ਰੀ ਤੱਕ ਸੂਫ਼ੀਮਤ ਦੀ ਸਥਾਪਤੀ ਹੋ ਚੁੱਕੀ ਸੀ ਅਤੇ ਇਸ ਪਿਛੋ ਇਹ ਆਪਣੇ ਵਿਕਾਸ ਮਾਰਗ ਉੱਪਰ ਅੱਗੇ ਤੋਂ ਅੱਗੇ ਵਧਦਾ ਗਿਆ।

ਇਹ ਗੱਲ ਸਪੱਸ਼ਟ ਹੋ ਚੁੱਕੀ ਹੈ ਕਿ ਸੂਫ਼ੀ ਅਠਵੀਂ ਸਦੀ ਈਸਵੀ ਦੇ ਮੱਧ ਤੱਕ ਪ੍ਰਚੱਲਤ ਹੋ ਚੁੱਕਾ ਸੀ ਤੇ ਸਭ ਤੋਂ ਪਹਿਲਾਂ ਇਸ ਦੀ ਵਰਤੋਂ ਅਬੂ ਹਾਸ਼ਿਮ (778-78ਈ:) ਜੋ ਕੂਫਾ ਵਸਨੀਕ ਸੀ ਨੂੰ ਹੀ ਮੰਨਿਆ ਜਾਂਦਾ ਹੈ। ਤੀਜੀ ਸਦੀ ਹਿਜਰੀ ਦੇ ਪਿਛਲੇ ਅੱਧ ਤੱਕ ਈਰਾਨ ਦਾ ਸ਼ਹਿਰ ਬਸਰਾ ਤੇ ਬਗਦਾਦ ਵੀ ਤਸੱਵੁਫ਼ ਦੇ ਕੇਂਦਰ ਬਣ ਗਏ। ਇਸੇ ਸਮੇਂ ਵਿਚ ਸੂਫ਼ੀਮਤ ਖੁਰਾਸਨ, ਈਰਾਨ, ਸ਼ਾਮ ਅਤੇ ਮਿਸਰ ਤੱਕ ਫੈਲ ਗਏ। ਇਸੇ ਸਮੇਂ ਵਿਚ ਸੂਫ਼ੀਮਤ ਖੁਰਾਸਨ, ਈਰਾਨ, ਸ਼ਾਮ ਅਤੇ ਮਿਸਰ ਤੱਕ ਫੈਲ ਗਿਆ। ਇਸ ਸਮੇਂ ਦੇ ਪ੍ਰਸਿੱਧ ਸੂਫ਼ੀ ਸੰਤ ਹਸਨ ਅਲ ਬਸਰੀ, ਮਲਿਕ ਬਿਨ ਦੀਨਾਰ, ਰਾਬਿਆ ਬਸਰੀ ਤੇ ਅਲਫੁਜ਼ੀਲ ਬਿਨ ਅਬਾਜ਼ (ਮੌਤ 803 ਈ:) ਈਰਾਕ ਦੇ, ਇਬਰਾਹੀਮ ਬਿਨ ਅਦਹਮ (ਮੌਤ 777ਈ:) ਅਤੇ ਸ਼ਕੀਕ ਬਲਖੀ (ਮੌਤ 810 ਈ:) ਖੁਰਾਸਨ ਦੇ, ਅਬਦੁੱਲਾ ਇਬਨ ਮੁਬਾਰਕ, ਇਬਨ ਅਸੋਮ ਅਤੇ ਇਬਨੇ ਹਾਰਸ ਹਾਫੀ ਈਰਾਨ ਦੇ ਸਨ। ਇਹ ਸਾਰੇ ਤਿਆਗੀ ਸੂਫ਼ੀ ਸਾਧਕ ਸਨ। ਗੁਨਾਹਾਂ ਤੋਂ ਬਚਣਾ, ਰੱਬੀ ਕਹਿਰ ਤੋਂ ਡਰਨਾ, ਸਬਰ ਸੰਤੋਖ ਅਤੇ ਪ੍ਰਭੂ ਭਗਤੀ ਰਾਹੀਂ ਮਨ ਦੀ ਮੈਲ ਨੂੰ ਦੂਰ ਕਰਨਾ ਅਤੇ ਦੁਨੀਆਂ ਦੀਆਂ ਲੁਭਾਇਮਾਨ ਚੀਜ਼ ਤੋਂ ਦੂਰ ਰਹਿਣਾ ਇਨ੍ਹਾਂ ਦੇ ਜੀਵਨ ਦਾ ਦਸਤੂਰ ਸੀ। ਇਸ ਸਮੇਂ ਤੱਕ ਤਸੱਵੁਫ਼ ਦੇ ਵਿਚਾਰ ਤੇ ਸਿੱਧਾਂਤ ਜਨਮ ਲੈ ਰਹੇ ਸਨ।

ਸੂਫ਼ੀਮਤ ਦਾ ਸਿੱਧਾਂਤਕ ਰੂਪ ਵਿਚ ਮੂੰਹ-ਮੁਹਾਂਦਰਾ ਸਵਾਰਨ ਵਾਲੇ ਤੀਜੀ ਸਦੀ ਹਿਜਰੀ ਦੇ ਸੰਤ ਮਅਰੂਫ਼-ਅਲ-ਕਰਖ਼ੀ, ਸੱਰੀ ਸਕਤੀ, ਹਾਰਿਸ-ਬਿਨ-ਅਸਦ (ਮੌਤ 837 ਈ), ਜ਼ੂਨ ਨੂਨ ਮਿਸ਼ਰੀ, ਬਾਯਜ਼ੀਦ ਬਿਸਤਾਮੀ, ਅਹਿਮਦ ਬਿਨ ਈਸਾ ਜੁਨੈਦਬਗਦਾਦੀ(ਮੌਤ910 ਈ:), ਅਬੁਲ ਹਸਨ ਨੂਰੀ (ਮੌਤ 907 ਈ:) ਹਾਕਿਮ ਤਿਰਜਾਮੀ ਅਤੇ ਮਨਸੂਰ ਅਲ ਹੱਲਾਜ ਸਨ।

ਇਨ੍ਹਾਂ ਸਾਧਕਾਂ ਨੇ ਪਹਿਲੀ ਵਾਰ ਰੂਹਾਨੀ ਜੀਵਨ ਨੂੰ ਇਨਸਾਨ ਦਾ ਰੱਬ ਦੀ ਜਾਤ ਤੱਕ ਸਫ਼ਰ ਕਰਾਰ ਦਿੱਤਾ ਅਤੇ ਇਸ ਸਫ਼ਰ ਦੇ ਵੱਖ-ਵੱਖ ਪੜਾਵਾਂ ਨੂੰ ਜਗਿਆਸੂ ਦੇ ਮੁਕਾਮ ਅਤੇ ਹਾਲ ਆਖਿਆ। ਮੁਕਾਮ ਦੀ ਪ੍ਰਾਪਤੀ ਜਗਿਆਸੂ ਦੀ ਮਿਹਨਤ ਦਾ ਸਿੱਟਾ ਹੈ ਪਰ ਹਾਲ ਹਾਲ ਖੁਦਾਈ ਬਖ਼ਸ਼ਿਸ਼ ਹੈ। ਕੁਰਾਨ ਅਤੇ ਸੁਨੱਤ ਵਿਚ ਤੋਬਾ, ਸਬਰ, ਸ਼ੁਕਰ, ਖ਼ੌਫ਼, ਰਜਾ, ਤਵੱਕੁਲ (ਭਰੋਸਾ) ਅਤੇ ਮੁਹੱਬਤ ਜੋ ਸ਼ਬਦ ਆਉਂਦੇ ਹਨ ਉਨ੍ਹਾਂ ਨੂੰ ਰੂਹਾਨੀ ਸਫ਼ਰ ਦੇ ਪੜਾਅ ਦੱਸਿਆ। ਇਸ ਸਮੇਂ ਸੂਫ਼ੀਮਤ ਵਿਚ ਤੌਹੀਦ, ਮਾਰਫ਼ਤ, ਹਕੀਕਤ, ਇਸ਼ਕ, ਫਨਾ ਤੇ ਬਕਾ, ਸਹਵਓ-ਸੁਕਰ (ਹੁਸ਼ਿਆਰੀ ਤੇ ਖ਼ੁਮਾਰੀ), ਮੁਸਾਹਦੇ ਤੇ ਮਰਾਕਬ (ਘਾਲ ਤੇ ਸਮਾਧੀ) ਵਜਦ ਤੇ ਤਵਾਜ਼ਦ (ਮਸਤੀ ਤੇ ਵਿਸਮਾਦ) ਆਦਿ ਵਿਸ਼ੇਸ਼ ਸਿੱਧਾਂਤ ਹੋਂਦ ਵਿਚ ਆਏ। ਮੁਰਸ਼ਦ ਅਤੇ ਮੁਰੀਦ ਦੇ ਆਪਸੀ ਸੰਬੰਧੀ ਕਿਹੋ ਜਿਹੇ ਹੋਣ, ਖਾਨਕਾਹਾਂ ਅਤੇ ਤਸੱਵੁਫ਼ ਦੀ ਵਿਦਿਆ ਦੀ ਸੰਭਾਲ ਕਿਵੇਂ ਹੋਵੇ ਇਹ ਸਭ ਗੱਲਾਂ ਮਿਥੀਆਂ ਗਈਆਂ। ਇਹ ਸਾਧਕ ਹਰ ਗੱਲ ਸੀਨਾ-ਬ-ਸੀਨਾ ਕਰਦੇ ਸਨ ਅਤੇ ਲਿਖਤੀ ਰੂਪ ਦੇਣਾ ਚੰਗਾ ਨਹੀਂ ਸਮਝਦੇ ਸਨ। ਇਹੀ ਕਾਰਨ ਹੈ ਕਿ ਇਕ ਦੋ ਨੂੰ ਛੱਡ ਕੇ ਕਿਸੇ ਨੇ ਵੀ ਤਸੱਵੁਫ਼ ਉੱਪਰ ਕੋਈ ਕਿਤਾਬ ਨਹੀਂ ਲਿਖੀ।

ਚੌਥੀ ਅਤੇ ਪੰਜਵੀ ਸਦੀ ਹਿਜਰੀ ਵਿਚ ਸੂਫ਼ੀਮਤ ਨੇ ਦੋ ਨਜ਼ਰੀਆਂ ਤੋਂ ਵਿਕਾਸ ਕੀਤਾ। ਪਹਿਲਾਂ ਆਪਣੇ ਮੁਰਸ਼ਦਾਂ ਦੇ ਹਾਲਾਤ (ਜੀਵਨੀ ਤੇ ਸਿੱਖਿਆ) ਲਿਖੇ। ਦੂਜਾ ਕੰਮ ਜੋ ਇਨ੍ਹਾਂ ਸੂਫ਼ੀਆਂ ਨੇ ਕੀਤਾ ਸੀ ਉਹ ਹੈ ਸੂਫ਼ੀ ਸਿੱਧਾਂਤਾਂ ਦਾ ਸੰਕਲਨ ਅਤੇ ਸੂਫ਼ੀ ਪਰਿਭਾਸ਼ਿਕ ਸ਼ਬਦਾਵਲੀ ਦੀ ਵਿਆਖਿਆ।

ਪੰਜਵੀਂ ਸਦੀ ਹਿਜਰੀ ਵਿਚ ਸੂਫ਼ੀਮਤ ਫ਼ਲਸਫ਼ੇ ਦੇ ਰੂਪ ਵਿਚ ਵਿਸ਼ਵ-ਵਿਆਪੀ ਹੋ ਗਿਆ। ਇਸ ਸਮੇਂ ਤੁਸੱਵੁਫ਼ ਦੇ ਇਤਿਹਾਸ ਵਿਚ ਇਮਾਮ ਗਜ਼ਾਲੀ ਵਰਗੀ ਬੇਜੋੜ ਸ਼ਖ਼ਸੀਅਤ ਪੈਦਾ ਹੋਈ, ਜਿਸ ਨੇ ਤਸੱਵੁਫ਼ ਨੂੰ ਬਾਕਾਇਦਾ ਵਿਸ਼ੇ ਦੇਰੂਪ ਵਿਚ ਵਿਸ਼ਵ ਦੇ ਸਨਮੁੱਖ ਪੇਸ਼ ਕੀਤਾ। ਉਸ ਨੇ ਸੂਫ਼ੀਮਤ ਦੇ ਵਿਚਾਰਾਂ, ਸਿੱਧਾਂਤਾਂ ਅਤੇ ਪਰਿਭਾਸ਼ਿਕ ਸੰਕੇਤਾ ਦੀ ਤਰਕ ਸੰਗਤ ਵਿਆਖਿਆ ਪੇਸ਼ ਕੀਤੀ। ਉਸ ਨੇ ਤਸੱਵੁਫ਼ ਨੂੰ ਇਸਲਾਮ ਦੇ ਅਜਿਹੇ ਅਨਿਖੜਵੇਂ ਅੰਗ ਦੇ ਤੌਰ ਤੇ ਪੇਸ਼ ਕੀਤਾ ਕਿ ਇਸ ਤੋਂ ਬਿਨ੍ਹਾਂ ਨਾ ਦੀਨ ਦੀ ਸਮਝ ਪੈਂਦੀ ਸੀ ਅਤੇ ਨਾ ਹੀ ਇਸ ਦੀ ਪ੍ਰਾਪਤੀ ਬਿਨਾ ਤਸੱਵੁਫ਼ ਦਾ ਅਸਲ ਮਕਸਦ ਹੱਲ ਹੁੰਦਾ ਸੀ। ਇਵੇਂ ਇਸ ਦੌਰ ਵਿਚ ਸੂਫ਼ੀਮਤ ਫ਼ਲਸਫ਼ੇ ਦੇ ਰੂਪ ਵਿਕਾਸ ਕਰਦਾ ਹੈ।

ਛੇਵੀਂ ਅਤੇ ਸੱਤਵੀਂ ਸਦੀ ਹਿਜਰੀ ਤਕ ਸੂਫ਼ੀਮਤ ਕੁਲ ਇਸਲਾਮੀ ਦੇਸ਼ਾਂ ਵਿਚ ਫੈਲ ਗਿਆ। ਇਸ ਨੂੰ ਆਮ ਲੋਕਾਂ ਨੇ ਅਪਨਾਉਣਾ ਆਰੰਭ ਕਰ ਦਿੱਤਾ। ਇਹੀ ਕਾਰਨ ਹੈ ਕਿ ਇਸ ਸਮੇਂ ਸੂਫ਼ੀਮਤ ਦੇ ਸਿਲਸਿਲੇ ਦੂਰ ਦੂਰ ਤੱਕ ਫੈਲ ਗਏ। ਇਸ ਸਮੇਂ ਨਿਰਗੁਣਵਾਦ (Transcadentalism)ਦੀ ਥਾਂ ਇਕਵਾਦ (Monism) ਦੇ ਸਿੱਧਾਂਤ ਦਾ ਪ੍ਰਚਾਰ ਹੋਇਆ। ਹੁਣ ਤਕ ਸੂਫ਼ੀਮਤ ਉਰਦੂ ਫ਼ਾਰਸੀ ਦੀ ਸ਼ਾਇਰੀ ਉੱਪਰ ਡੂੰਘੀ ਛਾਪ ਲਾ ਚੁੱਕਾ ਸੀ। ਇਬਨੇ-ਅਰਬੀ ਨੇ ਪਹਿਲੀ ਵਾਰ ਇਕਵਾਦ ਦੇ ਫ਼ਲਸਫ਼ੇ ਦੀ ਵਿਆਖਿਆ ਆਪਣੀਆਂ ਰਚਨਾਵਾਂ ਵਿਚ ਕੀਤੀ ਅਤੇ ਇਸ ਦਾ ਅਸਰ 350 ਸਾਲਾਂ ਤੱਕ ਪ੍ਰਬਲ ਰਿਹਾ। ਇਸ ਸਮੇਂ ਦੌਰਾਨ ਭਾਵੇਂ ਬਹੁਤ ਸਾਰੇ ਮਹਾਨ ਸੂਫ਼ੀ ਹੋਏ ਜਿਹੜੇ ਇਕਵਾਦ ਦੇ ਕਾਇਲ ਨਹੀਂ ਸਨ ਪਰ ਇਨ੍ਹਾਂ ਨੇ ਇਸ ਦਾ ਵਿਰੋਧ ਵੀ ਨਹੀਂ ਕੀਤਾ।

ਦਸਵੀਂ ਸਦੀ ਹਿਜਰੀ ਵਿਚ ਹਿੰਦੋਸਤਾਨ ਵਿਚ ਸ਼ੇਖ ਅਹਿਮਦ ਸਰਹੰਦੀ ਹੋਇਆ ਜੋ ਨਕਸ਼ਬੰਦੀ ਸਿਲਸਿਲੇ ਦਾ ਸੰਸਥਾਪਕ ਸੀ। ਉਸ ਨੇ ਇਕਵਾਦ ਦੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ ਅਤੇ ਵਹਦਤ-ਉਲ-ਵਜੂਦ ਦੀ ਥਾਂ ਵਹਦਤ-ਉਲ-ਸ਼ਹੂਦ ਦਾ ਸਿਧਾਂਤ ਪੇਸ਼ ਕੀਤਾ। ਇਸ ਨਾਲ ਭਾਵੇਂ ਸੂਫ਼ੀਮਤ ਵਿਚ ਇਕ ਨਵਾਂ ਦੌਰ ਸ਼ੁਰੂ ਹੋ ਜਾਂਦਾ ਹੈ ਪਰ ਇਸ ਦੇ ਨਾਲ ਹੀ ਸੂਫ਼ੀ ਸਿਲਸਿਲਿਆਂ ਵਿਚ ਅੰਤਰ ਵਿਰੋਧ ਜਾਗ ਪਏ ਅਤੇ ਸੂਫ਼ੀਮਤ ਦਾ ਰੰਗ ਫਿੱਕਾ ਪੈਣ ਲੱਗ ਪਿਆ।

ਸੂਫ਼ੀਮਤ ਦਾ ਹਜ਼ਰਤ ਮੁਹੰਮਦ ਸਾਹਿਬ ਤੋਂ ਪਿੱਛੋਂ ਦਸ ਸਦੀਆਂ ਤਕ ਜੋ ਵਿਕਾਸ ਹੋਇਆ ਇਸ ਵਿਚ ਸੂਫ਼ੀਮਤ ਨੇ ਅਨੇਕਾਂ ਪ੍ਰਭਾਵ ਵੀ ਕਬੂਲ ਕੀਤੇ ਜਿਨ੍ਹਾਂ ਦਾ ਸੰਖੇਪ ਵਰਨਣ ਅੱਗੇ ਕੀਤਾ ਜਾ ਰਿਹਾ ਹੈ।

### ੳ) ਈਸਾਈਮਤ ਦਾ ਪ੍ਰਭਾਵ :-

ਅਰਬ ਦੇਸ਼ਾਂ ਵਿਚ ਪਹਿਲਾ ਯਹੂਦੀ ਲੋਕ ਰਹਿੰਦੇ ਸਨ। ਇਨ੍ਹਾਂ ਵਿਚੋਂ ਹੀ ਈਸਾ ਮਸੀਹ ਨੇ ਈਸਾਈਮੱਤ ਤੇ ਹਜ਼ਰਤ ਮੁਹੰਮਦ ਸਾਹਿਬ ਨੇ ਇਸਲਾਮ ਨੂੰ ਪੈਦਾ ਕੀਤਾ। ਮੁਢਲੇ ਸੂਫ਼ੀ ਸਾਧਕਾਂ ਨੇ ਜਿਥੇ ਕੁਰਾਨ ਸ਼ਰੀਫ਼ ਨੂੰ ਆਪਣੀ ਸਾਧਨਾ ਦਾ ਆਧਾਰ ਬਣਾਇਆ ਉਥੇ ਈਸਾਈਮੱਤ ਦੇ ਗੁਣਾਂ ਨੂੰ ਵੀ ਧਾਰਨ ਕੀਤਾ। ਸੂਫ਼ੀਮਤ ਵਿਚ ਨਿਮਰਤਾ, ਹਲੀਮੀ, ਤਿਆਗ, ਦੁੱਖ ਵਿਚ ਸੁਖ ਮਨਾਉਣਾ (ਰਜ਼ਾ) ਜਪ ਤਪ ਤੇ ਬ੍ਰਹਮਚਾਰਯ ਤੱਤ ਸਾਰੇ ਹੀ ਈਸਾਈ ਮੱਤ ਦੇ ਪ੍ਰਭਾਵ ਦਾ ਨਤੀਜਾ ਹਨ। ਨਿਕਲਸਨ ਕਹਿੰਦਾ ਹੈ ਕਿ ਦੈਵੀ-ਪ੍ਰੇਮੀ ਦਾ ਸਿੱਧਾਂਤ ਵੀ ਈਸਾਈਮੱਤ ਦੇ ਪ੍ਰਭਾਵ ਦਾ ਹੀ ਨਤੀਜਾ ਹੈ।

### ਅ) ਨਵ-ਅਫ਼ਲਾਤੂਨ :-

ਤੀਸਰੀ ਸਦੀ ਈਸਵੀ ਵਿਚ ਯੂਨਾਨੀ ਫ਼ਿਲਾਸਫ਼ੀ ਦੇ ਸਨੇਕਰੀਆ ਸਕੂਲ ਨੇ ਭਾਰਤੀ ਵਿਚਾਰਧਾਰਾ ਤੋਂ ਪ੍ਰਭਾਵਤ ਹੋ ਕੇ ਜਿਹੜਾ ਅਧਿਆਤਮਕ ਅੰਦੋਲਨ ਚਲਾਇਆ ਉਸ ਨੂੰ ਨਵ-ਅਫ਼ਲਾਤੂਨ ਵਾਦ ਕਿਹਾ ਜਾਂਦਾ ਹੈ। ਇਸ ਅੰਦੋਲਨ ਨੇ 7ਵੀਂ, 8ਵੀਂ ਸਦੀ ਵਿਚ ਜ਼ੋਰ ਫੜਿਆ।

ਫਿਲਾਤੀਨੁਸ ਜਾਂ ਫੀਲੋ ਨੂੰ ਇਸ ਦੇ ਸਿੱਧਾਂਤਾਂ ਦਾ ਮੁੱਖੀ ਵਿਚਾਰਧਾਰਕ ਕਿਹਾ ਜਾਂਦਾ ਹੈ। ਨਵ-ਅਫ਼ਲਾਤੂਨੀਆਂ ਦਾ ਕੇਂਦਰੀ ਸਿੱਧਾਂਤ ਸ਼ਬਦ (Logos) ਹੈ।

ਅਸਲ ਵਿਚ ਨਵ-ਅਫ਼ਲਾਤੂਨੀਅਤ ਦਾ 'ਸ਼ਬਦ ਸਿੱਧਾਂਤ' ਵੇਦਾਂਤ ਦਾ 'ਅਦਵੈਤਵਾਦ' ਤੇ ਸੂਫ਼ੀਆਂ ਦਾ 'ਵਾਹਿਦਤ-ਉਲ-ਵਜ਼ੂਦ' ਇਕ ਦੂਜੇ ਵਿਚ ਰਲਗਡ ਹਨ। ਇਹ ਗੱਲ ਸਪੱਸ਼ਟ ਹੈ ਕਿ ਇਬਨੇ-ਅਰਬੀ, ਹੱਲਾਜ ਮਨਸੂਰ ਤੇ ਰੂਮੀ ਨੇ ਇਹ ਪ੍ਰਭਾਵ ਕਬੂਲੇ ਅਤੇ ਆਪਣੇ ਨਿਆਰੇ ਰੰਗ ਵਿਚ ਪੇਸ਼ ਕੀਤੇ।

## ੲ) ਬੁੱਧਮਤ :-

ਡੌਜ਼ੀ ਤੇ ਵਾਨ ਕਰੀਮਰ ਨੇ ਸੂਫ਼ੀਮਤ ਉੱਪਰ ਬੁੱਧ ਤੇ ਵੇਦਾਂਤ ਦਾ ਅਸਰ ਮੰਨਿਆ ਹੈ। ਮੱਧ ਏਸ਼ੀਆ ਵਿਚ ਅੱਠਵੀਂ ਸਦੀ ਵਿਚ ਇਸਲਾਮ ਦੇ ਰਾਜਸੀ ਪ੍ਰਭਾਵ ਹੇਠ ਅਫ਼ਗਾਨਿਸਤਾਨ ਤੇ ਤੁਰਕਸਤਾਨ ਵਿੱਚ ਬੋਧੀਆਂ ਦੇ ਕੇਂਦਰ ਸਨ। ਮਹਾਯਾਨੀ ਬੋਧੀਆਂ ਦੇ ਇਥੇ ਵਿਸ਼ਵ-ਵਿਦਿਆਲੇ ਤੇ ਪੁਸਤਕਾਲੇ ਸਨ। ਸੂਫ਼ੀਆਂ ਵਿੱਚ ਤਿਆਗਵਾਦ, ਮੱਠਵਾਦ ਤੇ ਬ੍ਰਹਮਚਰਯ ਦੇ ਪ੍ਰਭਾਵ ਜੋ ਇਸਾਈਮਤ ਨਾਲ ਮਿਲਦੇ ਸਨ, ਬੁੱਧਮਤ ਵਿਚੋਂ ਆਏ ਹਨ। ਇਬਰਾਹੀਮ ਬਿਨ ਆਦਮ ਗੌਤਮ ਬੁੱਧ ਵਾਂਗ ਰਾਜ ਛੱਡ ਕੇ ਸੂਫ਼ੀ ਬਣ ਗਿਆ ਤੇ ਸਿਮਰਨ ਕਰਨ ਲੱਗਾ। ਸ੍ਰ: ਕਪੂਰ ਸਿੰਘ ਬੁੱਧਮਤ ਦੇ ਸੂਫ਼ੀਮਤ ਉੱਪਰ ਪਏ ਪ੍ਰਭਾਵ ਨੂੰ ਸ਼ਕੀਕ ਬਲਖੀ (ਮ੍ਰਿਤੂ 810 ਈ:)ਦੇ ਪੋਤਰੇ ਦਾ ਹਵਾਲਾ ਦਿੰਦੇ (ਸ਼ਕੀਕ ਬਲਖੀ ਇਬਰਾਹੀਮ-ਬਿਨ-ਆਦਮ ਦਾ ਚੇਲਾ ਸੀ) ਲਿਖਦਾ ਹੈ ''ਮੇਰਾ ਬਾਬਾ ਤਿੰਨ ਸੌ ਪਿੰਡਾਂ ਦਾ ਮਾਲਕ ਸੀ। ਜਦੋਂ ਉਹ ਵਿਸ਼ਗਿਰਦ ਦੀ ਲੜਾਈ ਵਿਚ ਮਰਿਆ ਤਾਂ ਉਸ ਕੋਲ ਆਪਣੇ ਕੱਫ਼ਨ ਜੋਗਾ ਕੱਪੜਾ ਵੀ ਨਹੀਂ ਸੀ ਕਿਉਂਕਿ ਉਸਨੇ ਆਪਣੀ ਦੌਲਤ ਦਾਨ ਕਰ ਛੱਡੀ ਸੀ। ਜਦੋਂ ਉਹ ਗੱਭਰੂ ਸੀ ਤਾਂ ਉਹ ਵਪਾਰ ਕਰਨ ਲਈ ਤੁਰਕਿਸਤਾਨ ਗਿਆ। ਉਥੇ ਬੁੱਧਮਤ ਦੇ ਅਨੁਯਾਈ ਵੈਸ਼ੇਸਿਕ ਮੰਤ੍ਰਾਯਣ ਮੱਤ ਦੇ ਤੁਰਕ ਵਸਦੇ ਸਨ। ਮੇਰਾ ਬਾਬਾ ਉਨ੍ਹਾਂ ਦੇ ਵਿਹਾਰ (ਮੰਦਰ) ਵਿਚ ਗਿਆ। ਉਥੇ ਉਹ ਉਨ੍ਹਾਂ ਤੁਰਕਾਂ ਦੇ ਭਿਖੂ (ਸ਼ੇਖ) ਨੂੰ ਮਿਲਿਆ।'' ਕੁਝ ਵੀ ਹੋਵੇ ਬੁੱਧਮਤ ਦਾ ਅਸਰ ਜਿਥੇ ਦੁਨੀਆਂ ਦੇ ਬਾਕੀ ਮਜ਼ਹਬਾਂ ਉੱਪਰ ਹੋਇਆ, ਉਥੇ ਸੂਫ਼ੀਮਤ ਤੇ ਹੋਣਾ ਵੀ ਸੁਭਾਵਿਕ ਸੀ। ਬੁੱਧ ਮੱਤ ਦੇ ਪ੍ਰਭਾਵ ਅਧੀਨ ਹੀ ਮੁਰਸ਼ਦ ਤੇ ਮੁਰੀਦ (ਗੁਰੂ ਚੇਲਾ) ਸਿਲਸਿਲਾ (ਸੰਗ) ਤਕੀਆ ਤੇ ਖ਼ਾਨਗਾਹ (ਵਿਹਾਰ) ਰੋਜ਼ਾ (ਸਤੂਪਾਂ) ਮਰਾਕਬਾ (ਸਮਾਧੀ) ਤਸਬੀਹ (ਮਾਲਾ) ਆਦਿ ਸ਼ਬਦਾਂ ਦੀ ਪ੍ਰਾਪਤੀ ਹੋਈ ਹੈ। ਬਕਾ ਤੇ ਫ਼ਨਾਹ ਨੂੰ ਵੀ ਬੋਧੀਆਂ ਦੇ ਨਿਰਵਾਨ ਤੋਂ ਪ੍ਰਭਾਵਿਤ ਸਮਝਿਆ ਜਾਂਦਾ ਹੈ। ਪਰ ਇਹ ਗੱਲ ਗਲਤ ਹੈ ਕਿਉਂਕਿ ਫਿਨਾਹ ਫਿਲ੍ਹਾ ਦਾ ਤਸੱਵਰ ਨਵ-ਅਫ਼ਲਾਤੂਨੀ ਹੈ। ਬੋਧੀ ਖੁਦਾ ਦੀ ਹਸਤੀ ਦੇ ਕਾਇਲ ਨਹੀਂ ਸਨ। ਇਸ ਲਈ ਫਨਾਹ ਤੋਂ ਉਨ੍ਹਾਂ ਦੀ ਮੁਰਾਦ ਨਿਰੀ ਪੁਰੀ ਫ਼ਿਨਾਹ ਹੈ, ਨਾ ਕਿ ਖੁਦਾ ਵਿਚ ਫਿਨਾਹ ਹੋਣਾ।

## ਸ) ਵੇਦਾਂਤ ਦਾ ਅਸਰ :-

ਸੂਫ਼ੀਮਤ ਉੱਪਰ ਭਾਰਤੀ ਵੇਦਾਂਤ ਦਾ ਡੂੰਘਾ ਤੇ ਗੰਭੀਰ ਅਸਰ ਹੋਇਆ। ਹਿੰਦੁਸਤਾਨ ਦਾ ਮੁਸਲਮਾਨੀ ਦੇਸ਼ਾਂ ਨਾਲ ਸੰਪਰਕ ਤੇ ਨਾਲ ਲਗਦੇ ਹੋਣ ਕਾਰਕੇ ਇਕ ਦੂਜੇ ਦੇ ਪ੍ਰਭਾਵ ਕਬੂਲਣਾ ਕੁਦਰਤੀ ਸੀ। ਪ੍ਰੋ. ਮੋਹਨ ਸਿੰਘ ਅਨੁਸਾਰ ਸੂਫ਼ੀਆਂ ਦੇ ਹਮਾਅਜੋਸਤ ਜਾਂ ਹਮਾਓਸਤ ਦਾ ਸਿੱਧਾਂਤ ਵੇਦਾਂਤ ਦੇ ਪ੍ਰਭਾਵ ਦਾ ਨਤੀਜਾ ਹੀ ਸੀ। ਸੂਫ਼ੀਆਂ ਵਿਚ ਮੁਰਸ਼ਦ ਜਾਂ ਗੁਰੂ ਤੇ ਜ਼ੋਰ ਹਿੰਦੂ ਪ੍ਰਭਾਵ ਹਨ। ਪਿਛਲੇ ਸੂਫ਼ੀਆਂ ਦੇ ਵਿਚਾਰ ਸ਼ੰਕਰ ਦੇ ਅਦਵੈਤਵਾਦ ਨਾਲ ਬਹੁਤ ਮਿਲਦੇ ਹਨ।

ਅਸਲ ਗੱਲ ਤਾਂ ਇਹ ਹੈ ਕਿ ਸੂਫ਼ੀਮਤ ਨਿਰੋਲ ਰਹੱਸਵਾਦੀ ਇਸਲਾਮੀ ਵਿਚਾਰਧਾਰਾ ਹੈ। ਇਹ ਰੂਹਾਨੀਅਤ ਦੀ ਏਨੀ ਸਾਦਗੀ ਵਿਚ ਵਿਚਰੀ ਹੈ ਕਿ ਹਰ ਮੱਤ-ਮਤਾਤਰ ਵਾਲਾ ਇਸ ਵਿਚੋਂ ਆਪਦੇ ਫ਼ਲਸਫ਼ੇ ਦੇ ਤੱਤ ਲੱਭ ਲੈਂਦਾ ਹੈ। ਜੇਕਰ ਵੇਦਾਂਤ ਦੇ ਨਜ਼ਰੀਏ ਤੋਂ ਦੇਖੀਏ ਤਾਂ ਸੂਫ਼ੀ ਵੇਦਾਂਤੀ ਲਗਦਾ ਹੈ, ਜੇਕਰ ਬੁੱਧ ਦੇ ਨਜ਼ਰੀਏ ਤੋਂ ਦੇਖੀਏ ਤਾਂ ਇਹ ਲੋਕ ਬੋਧੀ ਭਿਕਸ਼ੂ ਨਜ਼ਰ ਆਉਂਦੇ ਹਨ, ਈਸਾਈ ਨੂੰ ਈਸਾਈ ਸਾਧੂ ਤੇ ਅਫ਼ਲਾਤੂਨੀਆਂ ਨੂੰ ਦਰਸ਼ਨਵੇਦਾ ਨਜ਼ਰ ਆਉਂਦੇ ਹਨ। ਇਨ੍ਹਾਂ ਦੇ ਇਲਾਹੀ ਹੁਸਨ ਦੀ ਸੁੰਦਰਤਾ ਜਦ ਜਗ-ਜ਼ਾਹਰ ਹੋ ਜਾਂਦੀ ਹੈ ਤਾਂ ਹਰ ਕੋਈ ਇਨ੍ਹਾਂ ਨੂੰ ਆਪਣਾ ਦਸਣ ਦਾ ਯਤਨ ਕਰਦਾ ਹੈ। ਇਵੇਂ ਫ਼ਲਸਫਿਆਂ ਦੀਆਂ ਅਮੁਕ ਲੜੀਆਂ ਖਿੜਾਉਂਦਾ ਹੋਇਆ ਸੂਫ਼ੀਮਤ ਵਿਕਾਸ ਕਰਦਾ ਸਰਬ ਸਾਂਝਾ ਅਤੇ ਸਭ ਧਰਮਾਂ ਵਿਚ ਵਿਆਪਕ ਧਰਮ ਹੋ ਨਿਬੜਦਾ ਹੈ।

## ਸਹਾਇਕ ਪੁਸਤਕ ਸੂਚੀ


| | | | |
|---|---|---|---|
| 1. | ਸ਼ੇਖ਼ ਮਖਦੂਮ ਅਲੀ ਹੁਜਵੀਰੀ | : | ਕਸ਼ਫੁਲ ਮਹਿਜੂਬ (ਪੰਜਾਬੀ ਅਨੁ:) |
| 2. | ਪ੍ਰੋ. ਗੁਲਵੰਤ ਸਿੰਘ | : | ਅਵਾਰਿਫ-ਉਲ-ਮੁਆਰਿਫ |
| 3. | ਪ੍ਰੋ. ਗੁਲਵੰਤ ਸਿੰਘ | : | ਇਸਲਾਮ ਤੇ ਸੂਫ਼ੀਵਾਦ |
| 4. | ਸੱਯਦ ਅਲੀ ਅਬਾਸ ਜਲਾਲਪੁਰੀ | : | ਵਹਦਤੁਲ ਵਜੂਦ ਤੇ ਪੰਜਾਬੀ ਸ਼ਾਇਰੀ (ਲਿੱਪੀ ਅੰਤਰ ਡਾ. ਜਗਤਾਰ) |
| 5. | ਡਾ. ਗੁਲਜ਼ਾਰ ਸਿੰਘ ਕੰਗ | : | ਸੂਫ਼ੀਮਤ ਸਿਲਸਿਲੇ ਅਤੇ ਸਾਧਕ |
| 6. | E.G.A. Browne | : | A Literary History of Persia |
| 7. | R.A. Nicholson | : | A Literary History of the Arabs |

ਪਾਠ ਨੰਬਰ : 1.3 (ਬੀ) ਲੇਖਕ : ਡਾ. ਗੁਲਜ਼ਾਰ ਸਿੰਘ ਕੰਗ

## ਸੂਫ਼ੀਵਾਦ ਦੀਆਂ ਵਿਸ਼ੇਸ਼ਤਾਵਾਂ

ਸੂਫੀਮਤ ਕੋਈ ਧਰਮ ਨਹੀਂ ਸਗੋਂ ਆਤਮ ਗਿਆਨ ਦੀ ਇਕ ਪੱਧਤੀ ਹੈ ਜੋ ਇਸਲਾਮ ਦੇ ਘੇਰੇ ਵਿਚ ਰਹਿੰਦੇ ਹੋਏ, ਇਸ ਦੀ ਰੂਹਾਨੀਅਤ ਦੇ ਰਹੱਸ ਨੂੰ ਆਪਣੀ ਉੱਚੀ ਸੁਰਤਿ ਵਿਚ ਹੰਢਾਉਂਦੇ ਹੋਏ ਇਕ ਵਿਲੱਖਣ ਪਹਿਚਾਣ ਕਾਇਮ ਕਰ ਲੈਂਦੀ ਹੈ। ਆਤਮ ਗਿਆਨ ਨਾਲ ਕੇਂਦਰਿਤ ਹੋਣ ਕਰਕੇ ਸੂਫ਼ੀ ਇਸਲਾਮ ਵਿਚ ਹੀ ਆਪਣੇ ਦੈਵੀ ਗੌਰਵ ਦੀ ਸਲਤਨਤ ਕਾਇਮ ਨਹੀਂ ਕਰ ਲੈਂਦੇ ਸਗੋਂ ਵਿਸ਼ਵ ਦੇ ਧਰਮਾਂ ਦੇ ਇਤਿਹਾਸ ਵਿਚ ਆਪਣੀ ਰੂਹਾਨੀ ਸਰਬੁਲੰਦੀ ਕਰਕੇ ਸਤਿਕਾਰ ਦੇ ਪਾਤਰ ਹਨ। ਇਹ ਵੀ ਸੱਚ ਹੈ ਕਿ ਹਜਰਤ ਮੁਹੰਮਦ ਸਾਹਿਬ ਤੋਂ ਪਿਛੋਂ ਇਸਲਾਮ ਵਿਚ ਸੂਫ਼ੀਮਤ ਨੂੰ ਸਭ ਤੋਂ ਵੱਧ ਸਤਿਕਾਰ ਪ੍ਰਾਪਤ ਹੋਇਆ ਹੈ ਅਤੇ ਅਧਿਆਤਮਕ ਖੇਤਰ ਵਿਚ ਇਨ੍ਹਾਂ ਦੀ ਸਰਦਾਰੀ ਹੋਣ ਕਰਕੇ ਰਾਜੇ-ਮਹਾਰਾਜੇ ਸੂਫ਼ੀ-ਸੰਤਾਂ ਦੀ ਤਾਬਿਆਂ ਵਿਚ ਮੰਨਤਾਂ ਤੇ ਮੁਰਾਦਾਂ ਦੀ ਖੈਰ ਪ੍ਰਾਪਤੀ ਲਈ ਹਾਜ਼ਰ ਹੁੰਦੇ ਹਨ। ਅਧਿਆਤਮਕ ਖੇਤਰ ਵਿਚ ਸੂਫੀਮਤ ਦੀ ਵਿਲੱਖਣ-ਵਿਸ਼ੇਸ਼ਤਾ ਦਾ ਜ਼ਿਕਰ ਕਰਦਾ ਹਜ਼ਰਤ ਜੁਨੈਦ ਬਗਦਾਦੀ ਕਹਿੰਦਾ ਹੈ- ''ਨੀਲ ਗਗਨ ਦੇ ਹੇਠਾਂ ਜੇ ਕੋਈ ਹੋਰ ਇਲਮ ਸੂਫੀਵਾਦ ਤੋਂ ਚੰਗੇਰਾ ਹੁੰਦਾ ਤਾਂ ਅਸੀਂ ਉਸ ਦੀ ਪ੍ਰਾਪਤੀ ਦਾ ਸਿਰਤੋੜ ਜਤਨ ਕਰਦੇ।''


ਸੂਫੀਮਤ ਦੀ ਵਿਲੱਖਣਤਾ ਇਸ ਦੀ ਅਧਿਆਤਮਕ ਸਾਧਨਾ ਕਰਕੇ ਹੈ। ਸੂਫ਼ੀ ਸਾਧਕ ਰੱਬ ਦੇ ਦੀਦਾਰ ਦਿਲ ਦੇ ਸ਼ੀਸ਼ੇ ਰਾਹੀਂ ਕਰਨਾ ਚਾਹੁੰਦੇ ਹਨ। ਇਹ ਸ਼ੀਸਾ ਨਫਸ (ਖਾਹਿਸਾਂ) ਦੀ ਮੈਲ ਕਰਕੇ ਮੈਲਾ ਹੋਇਆ ਪਿਆ ਹੈ। ਨਫਸ ਨੂੰ ਮਾਰਨ ਲਈ ਸੂਫ਼ੀ ਇਸ਼ਕ-ਇ-ਹਕੀਕੀ' ਦੇ ਮਾਰਗ ਤੇ ਚਲਦੇ ਹੋਏ ਸਾਧਨਾਮਈ ਜੀਵਨ ਬਤੀਤ ਕਰਦੇ ਹਨ। ਸੂਫ਼ੀਮਤ ਦੀ ਵਿਲੱਖਣਤਾ ਸਾਧਨਾ ਅਤੇ ਸਾਧਨਾ ਰਾਹੀਂ ਪਰਮਾਤਮਾ ਦੀ ਅਭੇਦਤਾ ਪ੍ਰਾਪਤ ਕਰਨ ਵਿਚ ਹੈ। ਇਸ ਵਿਲਖਣਤਾ ਨੂੰ ਸੂਫ਼ੀ ਸਾਧਨਾ ਦੇ ਹਾਲ ਤੇ ਮੁਕਾਮ ਦੇ ਪ੍ਰਸੰਗ ਵਿਚ ਇਥੇ ਬਿਆਨ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਸੂਫ਼ੀਆਂ ਦਾ ਅਦਬੀ ਸ਼ਊਰ ਮਕੁੱਨ ਤੋਂ ਕੁੱਨ ਤੇ ਕੁੱਨ ਤੋਂ ਮਕੁੱਨ ਤਕ ਦੀ ਯਾਤਰਾ ਹੈ। ਮਕੁੱਨ (ਨਾ ਹੋ) ਵਿਚ ਸ਼ਬਦ, ਸਪਰਸ਼, ਰੂਪ, ਰਸ, ਗੰਧ ਕੁਝ ਨਹੀਂ। ਇਹ ਸੁੰਨ-ਸਮਾਧੀ ਦੀ ਅਵਸਥਾ ਹੈ। ਫਿਰ ਖੁਦਾ ਨੂੰ ਸ੍ਰਿਸ਼ਟੀ ਰਚਨ ਦਾ ਫੁਰਨਾ ਫੁਰਦਾ ਹੈ ਤਾਂ ਉਸ ਕਿਹਾ ਕੁੱਨ (ਹੋ ਜਾ) ਇਸ ਨਾਲ ਸਾਰੇ ਅਸਤਿਤਵ ਹਸਤੀ ਧਾਰਨ ਕਰ ਲੈਂਦੇ ਹਨ। ਮਕੁੱਨ ਅਵਸਥਾ ਵਿਚ ਸਭ ਰੂਹਾਂ ਖੁਦਾ ਵਿਚ ਅਭੇਦ ਸਨ, ਜਦ ਕੁੱਨ ਕਿਹਾ ਤਾਂ ਇਹਨਾ ਨੇ ਜੀਵ ਦਾ ਲਿਬਾਸ ਧਾਰਨ ਕਰਕੇ ਇਸ ਰਚਨਾ ਵਿਚ ਆ ਗਈਆਂ। ਸੁਲਤਾਨ ਬਾਹੂ ਕਹਿੰਦਾ ਹੈ - ''ਕਾਫ਼-ਕੁੱਨ ਜਦੋਂ ਫੁਰਮਾਇਆ, ਅਸੀਂ ਭੀ ਕੋਲੇ ਹਾ ਸੀ ਹੂ।'' ਬੁਲੇਸ਼ਾਹ ਕਹਿੰਦਾ ਹੈ- ਕੁੱਨ ਕਹਿ ਫ਼ਯਕੁੱਨ (ਫੀਕੁੱਨ) ਕਹਾਇਆ, ਬੇਚੂਨੀ (ਅਦੁੱਤੀ, ਲਾਮਿਸਾਲ) ਸੇ ਚੂਨ ਬਣਾਇਆ।''

ਕੁੱਨ ਤੋਂ ਫੇਰ ਮਕੁੱਨ ਵਲ ਯਾਤਰਾ ਸ਼ੁਰੂ ਹੋ ਜਾਂਦੀ ਹੈ। ਕੁੱਨ ਵੇਲੇ ਰੂਹਾਂ ਨੇ ਰੂਪ ਧਾਰਨ ਕੀਤਾ ਸੀ ਅਤੇ ਮੁਕੱਨ ਵੇਲੇ ਇਨ੍ਹਾਂ ਨੇ ਲਿਬਾਸ (ਸਰੀਰ) ਨੂੰ ਛੱਡ ਕੇ ਅਰੂਪ ਵਿਚ ਅਭੇਦ ਹੋ ਜਾਣਾ ਹੈ। ਰੂਪ ਤੋਂ ਅਰੂਪ ਤਕ ਦਾ ਸਫਰ ਹੀ ਸੂਫ਼ੀ-ਸਾਧਨਾ ਹੈ। ਰੂਹਾਂ ਨੂੰ ਲਿਬਾਸ ਇਥੋਂ ਹੀ ਮਿਲਦਾ ਹੈ ਅਤੇ ਇਥੇ ਹੀ ਇਸ ਨੂੰ ਛੱਡ ਕੇ ਜਾਣਾ ਹੁੰਦਾ ਹੈ। ਇਵੇਂ ਅਸਲਾ ਸਰੀਰ ਨਹੀਂ ਅਸਲਾ ਰੂਹ ਹੈ ਜੋ ਜੋਤਿ ਸਰੂਪੀ ਹੈ। ਬੁੱਲ੍ਹੇ ਸ਼ਾਹ ਪ੍ਰਸ਼ਨ ਕਰਦਾ ਹੈ ''ਕੌਣ ਆਇਆ ਪਹਿਨ ਲਿਬਾਸ ਕੁੜੇ। ਤੁਸੀਂ ਪੁੱਛੋ ਨਾਲ ਇਖ਼ਲਾਸ ਕੁੜੇ।''

ਅਸਲੀ ਮਾਰਫਤ (ਗਿਆਨ) ਇਸੇ ਵਿਚ ਹੈ ਕਿ ਲਿਬਾਸ ਪਹਿਨ ਭਾਵ ਸਰੀਰ ਦਾ ਜਾਮਾ ਧਾਰਨ ਕਰਕੇ ਕੌਣ ਆਇਆ ਹੈ। ਆਦਰ ਜਾਂ ਖਲੂਸ ਨਾਲ ਜਦ ਇਹ ਅਨੁਭਵ ਹੋ ਜਾਂਦਾ ਹੈ ਤਾਂ ਆਪਾ ਪਹਿਚਾਣ ਹੋ ਜਾਂਦੀ ਹੈ। ਇਸ 'ਨੁਕਤੇ-ਇਲਾਹੀ' ਦਾ ਭੇਦ ਪੂਰੇ ਮੁਰਸ਼ਦ ਤੋਂ ਪ੍ਰਾਪਤ ਹੁੰਦਾ ਹੈ। ਇਹ ਮੁੱਖ ਜੁਜ ਹਨ ਸੂਫ਼ੀ ਸਾਧਨਾ ਦੇ।

ਮਕੁੱਨ ਤੋਂ ਕੁੱਨ ਅਤੇ ਕੁੱਨ ਤੋਂ ਮਕੁੱਨ (ਜਿਸ ਨੂੰ ਏਕ ਤੋਂ ਅਨੇਕ ਅਤੇ ਅਨੇਕ ਤੋਂ ਏਕ ਹੋਣਾ ਕਿਹਾ ਜਾਂਦਾ ਹੈ) ਦੇ ਪਸਾਰੇ ਨੂੰ ਸਮਝਣ ਦੀ ਲੋੜ ਹੈ ਜਿਸ ਨੂੰ ਇਸ ਚਿੱਤਰ ਰਾਹੀਂ ਵੇਖਿਆ ਜਾ ਸਕਦਾ ਹੈ-




ਉਪਰੋਕਤ ਖਾਕੇ ਤੋਂ ਸ਼ਪਸ਼ਟ ਹੋ ਜਾਂਦਾ ਹੈ ਕਿ ਇਨਸਾਨ ਖੁਦਾ ਵਿਚੋਂ ਪੈਦਾ ਹੋ ਕੇ ਸਭ ਤੋਂ ਦੂਰ ਅਵਸਥਾ ਉੱਪਰ ਸਥਿਰ ਹੈ। ਇਹ ਜਿਸ ਰਾਹੇ ਆਇਆ ਹੈ, ਉਧਰ ਦੀ ਵਾਪਸ ਨਹੀਂ ਜਾਣਾ ਹੈ। ਇਸ ਦੀ ਵਾਪਸੀ ਦਾ ਸਫਰ ਸਾਧਨਾ ਦਾ ਸਫਰ ਹੈ। ਸੂਫ਼ੀਆਂ ਦੀ ਸਾਧਨਾਂ ਦੇ ਤਿੰਨ ਪੜਾਅ ਹਨ: ਮੁਕਾਮ, ਹਾਲ ਅਤੇ ਤਮਕੀਨ। ਮੁਕਾਮ ਦਾ ਸ਼ਬਦੀ ਅਰਥ ਠਹਿਰਨਾ ਜਾਂ ਕਿਆਮ ਕਰਨਾ ਹੈ। ਇਹ ਰੱਬ ਦੇ ਰਾਹ ਉੱਪਰ ਤੁਰੇ ਸਾਧਕ ਦਾ ਉਹ ਸਥਾਨ ਹੈ ਜਿਸ ਦੀ ਪ੍ਰਾਪਤੀ ਉਹ ਆਪਣੀ ਵਿਅਕਤੀਗਤ ਮਿਹਨਤ ਰਾਹੀਂ ਪ੍ਰਾਪਤ ਕਰ ਸਕਦਾ ਹੈ। ਹਾਲ ਦੀ ਅਵਸਥਾ ਬਖਸ਼ਿਸ਼ ਦਰ ਹੈ ਜਿਸ ਦੀ ਪ੍ਰਾਪਤੀ ਮੁਰਸ਼ਦ ਤੋਂ ਬਿਨ੍ਹਾਂ ਨਹੀਂ ਹੋ ਸਕਦੀ। ਤਮਕੀਲ ਅਧਿਆਤਮਕ ਪ੍ਰਾਪਤੀ ਦੀ ਤੀਜੀ ਅੰਤਿਮ ਤੇ ਸਭ ਤੋਂ ਉੱਚੀ ਸਟੇਜ ਹੈ ਜਿਥੇ ਸੂਖਮ ਰੂਪ ਵਿਚ ਪਰਿਪੂਰਨਤਾ ਪ੍ਰਾਪਤ ਕਰਕੇ ਸਾਧਕ ਪਰਮ ਸਤਿ ਨਾਲ ਅਭੇਦ ਹੋ ਜਾਂਦਾ ਹੈ।

**ਮੁਕਾਮ ਤੇ ਹਾਲ :-**

ਮੁਕਾਮ ਤੇ ਹਾਲ ਵਿਚ ਭੇਦ ਕਰਨਾ ਜ਼ਰੂਰੀ ਹੈ ਕਿਉਂਕਿ ਇਸ ਤੋਂ ਬਿਨ੍ਹਾਂ ਸੂਫ਼ੀ ਸਾਧਨਾ ਦੇ ਮੁਕਾਮ ਸਮਝ ਵਿਚ ਨਹੀਂ ਆ ਸਕਦੇ। ਅਲੀ ਹੁਜਵੀਰੀ ਲਿਖਦਾ ਹੈ:- ਸ਼ਬਦ 'ਮੁਕਾਮ' ਮੀਮ ਦੇ ਹਟਾ ਦੇਣ ਨਾਲ ਬੰਦੇ ਦਾ ਕਿਆਮ (ਠਹਿਰਾਓ) ਹੈ ਅਤੇ ਜ਼ਬਰ ਤੇ ਮੀਮ ਨਾਲ ਬੰਦੇ ਦੇ ਠਹਿਰਣ ਦੀ ਜਗ੍ਹਾ ਹੈ। ਮੁਕਾਮ ਪ੍ਰੇਸ ਮੀਮ ਨਾਲ ਅਰਬੀ ਕੋਸ਼ ਵਿਚ ਠਹਿਰਣ ਦੀ ਜਗ੍ਹਾ ਹੁੰਦੀ ਹੈ ਨਾ ਕਿ ਬੰਦੇ ਦੀ ਠਹਿਰਣ ਦੀ ਜਗ੍ਹਾ ਅਤੇ ਜਬਰ ਤੇ ਮੀਮ ਨਾਲ ਠਹਿਰਾਉ ਹੁੰਦਾ ਹੈ। ਬੰਦੇ ਦਾ ਇਸ ਮੁਕਾਮ ਦਾ ਹੱਕ ਗੁਜ਼ਾਰਨਾ ਅਤੇ ਰਖਿਆ ਕਰਨਾ ਹੁੰਦਾ ਹੈ ਤਾਂ ਕਿ ਇਸ ਕਮਾਲ ਨੂੰ ਸਮਝ ਸਕੇ। ਮੁਕਾਮ ਤੌਬਾ ਤੋਂ ਸ਼ੁਰੂ ਹੁੰਦਾ ਹੈ ਅਤੇ ਅੱਗੇ ਵਧਦਾ ਜਾਂਦਾ ਹੈ। ਜ਼ਬਰਾਈਲ ਖ਼ਬਰ ਦਿੰਦਾ ਹੈ ਕਿ ਸਾਨੂੰ ਹਰ ਇਕ ਦਾ ਮੁਕਾਮ ਮਾਲੂਮ ਹੈ। ਹਾਲ ਦੀ ਅਵਸਥਾ ਜਦ ਆਉਂਦੀ ਹੈ ਤਾਂ ਬੰਦਾ ਆਪਣੇ ਅਖ਼ਤਿਆਰ ਤੇ ਕਸਬ (ਪੇਸ਼ੇ) ਤੋਂ ਇਸ ਨੂੰ ਦਿਲ ਤੋਂ ਜੁਦਾ ਨਹੀਂ ਕਰ ਸਕਦਾ। ਮੁਕਾਮ ਅਮਲਾ ਦੀ ਫਸਲ ਹੈ ਜਦਕਿ ਹਾਲ ਖੁਦਾ ਦੀਆਂ ਦਿਤੀਆਂ ਵਡਿਆਈਆਂ ਹਨ। ਮੁਕਾਮ ਕਸਬ ਦੀ ਕਿਸਮ ਹੈ ਅਤੇ ਹਾਲ ਇਲਾਹੀ ਬਖਸ਼ਿਸ਼ ਹੈ। ਮੁਕਾਮ ਤੇ ਪੁਜਣ ਵਾਲਾ ਆਪਣੀ ਤਪੱਸਿਆ ਅਤੇ ਕੁਰਬਾਨੀਆਂ ਦੇ ਕਾਰਣ ਕਾਇਮ ਹੁੰਦਾ ਹੈ ਪਰ ਹਾਲ ਵਾਲਾ ਆਪਣੇ ਆਪ ਤੋਂ ਫਾਨੀ ਹੁੰਦਾ ਹੈ। ਜੁਨੈਦ ਕਹਿੰਦਾ ਹੈ ਹਾਲ ਬਿਜਲੀ ਵਾਂਗ ਹੈ ਜੋ ਦਿਖਾਈ ਦਿੰਦਾ ਹੈ, ਪਰ ਕਾਇਮ ਨਹੀਂ ਰਹਿੰਦਾ।

ਏ.ਜੇ. ਆਰਬਰੀ ਅਲਕਸ਼ੈਰੀ ਦੀ ਪੁਸਤਕ 'ਅਲ-ਰਿਸਾਲ' ਦਾ ਹਵਾਲਾ ਦਿੰਦਾ ਹੋਇਆ ਸੂਫ਼ੀ ਸਾਧਨਾ ਦੀਆਂ ਕੁਲ 45 ਸਟੇਜਾਂ ਦਾ ਜ਼ਿਕਰ ਕਰਦਾ ਹੈ। ਮੁਕਾਮ ਦੀਆਂ 20 ਸਟੇਜਾਂ ਹਨ ਜੋ ਇਸ ਪ੍ਰਕਾਰ ਹਨ-

(1) ਤੋਬਾ, (2) ਮੁਜਾਹਦ (ਨਫ਼ਸ ਵਿਰੁੱਧ ਜੁੱਧ), (3) ਖ਼ਲਵਤ (ਏਕਾਂਤਵਾਸ), (4) ਤਕਵਾ (ਰੱਬ ਦਾ ਭੈ), (5) ਵਰਅ (ਪਰਹੇਜ਼ਗਾਰੀ, (6) ਜ਼ੁਹਦ (ਤਿਆਗ), (7) ਸਮਤ (ਚੁੱਪ), (8) ਖ਼ੌਫ਼ (ਡਰ), (9) ਰਜਾ (ਆਸ), (10) ਹੁਜ਼ਨ (ਪਛਤਾਵਾ), (11) ਜੁਆ (ਚੰਗੀ ਗੱਲ ਦੀ ਭੁੱਖ), (12) ਮੁਖਾਲਫ਼ਤ (ਗੀਬਤ ਦਾ ਵਿਰੋਧ), (13) ਕਨਾਇਤ (ਸੰਤੋਖ), (14) ਤਵਕੁੱਲ (ਰੱਬ ਵਿਚ ਭਰੋਸਾ), (15) ਖੁਸ਼ੂਆ (ਨਿਮਰਤਾ), (16) ਸ਼ੁਕਰ, (17) ਯਕੀਨ, (18) ਸਬਰ, (19) ਮਰਾਕਬਾ, (20) ਰਿਜ਼ਾ। ਖੁਰਾਸਾਨੀ ਸੂਫ਼ੀ ਇਸਨੂੰ ਮੁਕਾਮ ਦੀ ਅਵਸਥਾ ਮੰਨਦੇ ਹਨ ਜਦਕਿ ਇਰਾਕੀ ਸੂਫ਼ੀ ਇਸ ਨੂੰ ਹਾਲ ਮੰਨਦੇ ਹਨ।

21 ਤੋਂ 42 ਤਕ ਦੀਆਂ ਅਵਸਥਾਵਾਂ ਮੁਕਾਮ ਤੇ ਹਾਲ ਦੇ ਵਿਚਾਲੇ ਦੀਆਂ ਅਵਸਥਾਵਾਂ ਹਨ ਜਿਨ੍ਹਾਂ ਵਿਚ ਅਬੂਦੀਅਤ (ਸੇਵਾ), ਇਰਾਦਾ, ਇਸਤਕਾਮਤ (ਪਕਿਆਈ), ਇਖ਼ਲਾਸ, ਸਿਦਕ, ਹਯਾ, ਹੁਰੀਅਤ (ਪਰ ਉਪਕਾਰ), ਜ਼ਿਕਰ, ਫਤੂਵਤ (ਸੂਰਬੀਰਤਾ), ਫਿਰਾਸਤ (ਸੂਝ), ਦੂਆ, ਫਕਰ, ਅਦਬ ਆਦਿ ਆਉਂਦੀਆਂ ਹਨ। ਮਾਰਫਤ, ਇਸ਼ਕ ਤੇ ਸ਼ੋਕ ਤੇ ਫ਼ਿਨਾ ਆਦਿ ਹਾਲ ਦੀਆਂ ਅਵਸਥਾਵਾਂ ਹਨ।

ਸ਼ੇਖ ਸ਼ਹਾਬ-ਉਦ-ਦੀਨ ਸੁਹਰਾਵਰਦੀ ਦੀ 'ਅਵਾਰਿਫ-ਉਲ-ਮੁਆਰਿਫ' ਅਤੇ ਸ਼ੇਖ ਮਖ਼ਦੂਮ ਅਲੀ ਹੁਜਵੀਰੀ ਦੀ 'ਕਸ਼ਫੁਲ ਮਹਿਜੂਬ' ਦੋਵੇਂ ਪੁਸਤਕਾਂ ਤਸਵੁੱਫ ਦੀ ਜਾਣਕਾਰੀ ਦੀਆਂ ਪ੍ਰਸਿੱਧ ਗਾਈਡ-ਬੁਕਸ ਹਨ। ਇਹਨਾਂ ਦੇ ਆਧਾਰ ਤੇ ਸੂਫ਼ੀ ਸਾਧਨਾ ਦੇ ਕੁਝ ਮੁਕਾਮਾਂ ਅਤੇ ਹਾਲ ਦੀਆਂ ਕੁਝ ਅਵਸਥਾ ਦਾ ਬਿਆਨ ਕਰਨਾ ਇਥੇ ਜ਼ਰੂਰੀ ਹੈ ਤਾਂਕਿ ਇਨ੍ਹਾਂ ਬਾਰੇ ਸਪਸ਼ਟੀਕਰਨ ਹੋ ਜਾਵੇ।

1) **ਤੌਬਾ :-**

ਤੌਬਾ ਦਾ ਸ਼ਬਦੀ ਅਰਥ ਹੈ ਮੁੜ ਪੈਣਾ, ਅਧਿਆਤਮਕ ਵਾਸਪੀ। ਸੂਫ਼ੀਆਂ ਦੀ ਪਰਿਭਾਸ਼ਾ ਵਿਚ ਜੋ ਗੱਲ ਰੱਬ ਨੇ ਮਨ੍ਹਾਂ ਕੀਤੀ ਹੈ, ਉਸ ਨੂੰ ਮੁੜ ਪੈਣਾ ਹੈ। ਤੌਬਾ ਦੀਆਂ ਤਿੰਨ ਸ਼ਰਤਾਂ ਹਨ: ਪਹਿਲੀ ਸਖ਼ਤੀ ਦਾ ਖੌਫ, ਦੂਸਰਾ ਨਿਅਮਤ ਦਾ ਇਰਾਦਾ ਤੇ ਤੀਜਾ ਖੁਦਾ ਦੀ ਸ਼ਰਮ ਕਿ ਖੁਦਾ ਸਭ ਕੁਝ ਵੇਖਦਾ ਹੈ। ਸੂਫ਼ੀਆਂ ਅਨੁਸਾਰ ਦਿਲੋਂ ਮਨੋ ਆਪਣੇ ਆਪ ਲਈ ਪਸ਼ਚਾਤਾਪ ਕਰਨ ਨਾਲ ਗੁਨਾਹੀ ਆਦਮੀ ਉਸ ਆਦਮੀ ਦੇ ਬਰਾਬਰ ਹੋ ਜਾਂਦਾ ਹੈ ਜਿਸਨੇ ਕਦੇ ਗੁਨਾਹ ਕੀਤਾ ਹੀ ਨਹੀਂ ਹੁੰਦਾ। ਜ਼ੁਲਨੂਨ ਮਿਸਰੀ ਅਨੁਸਾਰ ਆਮ ਲੋਕਾਂ ਦੀ ਤੋਬਾ ਗੁਨਾਹ ਤੋਂ ਹੁੰਦੀ ਹੈ ਅਤੇ ਸਾਧਕ ਦੀ ਤੌਬਾ ਗਫ਼ਲਤ ਤੋਂ ਹੁੰਦੀ ਹੈ। ਗਫ਼ਲਤ ਆਮ ਲੋਕਾਂ ਲਈ ਨਿਅਮਤ ਹੁੰਦੀ ਹੈ ਪਰ ਸਾਧਕਾਂ ਲਈ ਪਰਦਾ।

2) **ਵਰਾਅ :-**

ਵਰਾਅ ਦਾ ਸ਼ਬਦੀ ਅਰਥ ਹੈ ਪਰਹੇਜ਼ਗਾਰੀ। ਇਹ ਬੋਲਣ, ਸੋਚਣੀ ਤੇ ਕਰਨੀ ਵਿਚ ਸਭ ਅਯੋਗ ਧੰਦਿਆਂ ਤੋਂ ਪਰਹੇਜ਼ ਕਰਨਾ ਹੈ ਭਾਵੇਂ ਉਨ੍ਹਾਂ ਦੀ ਸ਼ਰੀਅਤ ਵੱਲੋਂ ਆਗਿਆ ਵੀ ਕਿਉਂ ਨਾ ਹੋਵੇ। ਸਭ ਸ਼ਮਕਿਆਂ ਤੋਂ ਬਚਣਾ ਹੀ ਵਰਾਅ ਹੈ। ਜੁਨੈਦ ਬਗਦਾਦੀ ਅਨੁਸਾਰ ਪਰਹੇਜ਼ਗਾਰੀ ਇਹ ਹੈ ਕਿ ਹੱਥ ਪਦਾਰਥ ਤੋਂ ਨਿਰਲੇਪ ਅਤੇ ਮਨ ਕਾਮਨਾ ਤੋਂ ਵਿਮੁਕਤ ਹੋਵੇ।

3) **ਜ਼ੁਹਦ :-**

ਜ਼ੁਹਦ ਦਾ ਅਰਥ ਹੈ ਪਵਿੱਤ੍ਰਤਾ। ਇਸ ਅਨੁਸਾਰ ਸੂਫ਼ੀ ਲਈ ਸਭ ਸੰਸਾਰਕ ਸਾਮਾਨ ਅਤੇ ਆਕਰਸ਼ਣਾ ਵਿਚ ਕੋਈ ਦਿਲਚਸਪੀ ਨਾ ਲੈਣਾ ਜ਼ਰੂਰੀ ਹੈ। ਜ਼ੁਹਦ ਅਨੁਸਾਰ ਸੂਫ਼ੀ ਦੇ ਹੱਥ ਦੁਨਿਆਵੀ ਚੀਜ਼ਾਂ ਤੋਂ ਸੱਖਣੇ ਅਤੇ ਮਨ ਸਭ ਖਾਹਿਸ਼ਾਂ ਤੋਂ ਖਾਲੀ ਹੋਵੇ। ਸੂਫ਼ੀ

ਸੰਤਾਂ ਦਾ ਕਹਿਣਾ ਹੈ ਜੋ ਮਨੁੱਖ ਇਸ ਦੁਨੀਆਂ ਦੀਆਂ ਭੈੜੀਆਂ ਵਸਤਾਂ ਦਾ ਤਿਆਗ ਨਹੀਂ ਕਰਦਾ, ਉਹ ਅਤਿਆਤਮਿਕ ਜੀਵਨ ਦੀਆਂ ਉੱਚੀਆਂ ਬਰਕਤਾਂ ਤੋਂ ਵੰਚਿਤ ਰਹਿ ਜਾਵੇਗਾ। ਜ਼ੁਹਦ ਅੱਲਾਹ ਤਾਅਲਾ ਦੀ ਪਨਾਹ ਵਿਚ ਆਉਂਦਾ ਹੈ ਅਤੇ ਦਰਵੇਸ਼ੀ ਨਾਲ ਦੋਸਤੀ ਕਰਨੀ ਹੈ। ਜੁਨੈਦ ਅਨੁਸਾਰ ਜ਼ੁਹਦ ਦੀ ਹਕੀਕਤ ਇਹ ਹੈ ਕਿ ਜਿਸ ਚੀਜ਼ ਤੋਂ ਆਦਮੀ ਦਾ ਹੱਥ ਖਾਲੀ ਹੋਵੇ, ਉਸ ਤੋਂ ਉਸਦਾ ਦਿਲ ਵੀ ਖਾਲੀ ਹੋਵੇ। ਇਵੇਂ ਹੀ ਯਜ਼ੀਦ ਬੁਸਤਾਮੀ ਨੂੰ ਪੁੱਛਿਆ ਗਿਆ ਕਿ ਉਹ ਇਸ ਮਰਤਬੇ ਤੇ ਕਿਵੇਂ ਪੁੱਜਾ ਤਾਂ ਉਸਦਾ ਉੱਤਰ ਸੀ - 'ਭੁੱਖੇ ਪੇਟ ਅਤੇ ਨੰਗੇ ਜਿਸਮ ਨਾਲ'।

4) **ਫ਼ਕਰ** :-

ਫ਼ਕਰ ਦੇ ਅਰਥ ਹਨ ਗਰੀਬੀ। ਅਲੀ ਹੁਜਵੀਰੀ ਅਨੁਸਾਰ ਫ਼ਕਰ ਗਰੀਬੀ ਦੀ ਇਕ ਖਾਸ ਵਿਸ਼ੇਸ਼ਤਾ ਹੈ ਜੋ ਸਭ ਬਾਹਰੀ ਤੇ ਅੰਦਰੂਨੀ ਚੀਜਾਂ ਦਾ ਤਿਆਗ ਕਰਦੇ ਹਨ ਅਤੇ ਉਸ ਰੱਬ ਵਲ ਆਪਣਾ ਮੂੰਹ ਮੋੜੀ ਰੱਖਦੇ ਹਨ। ਪਰਮਾਤਮਾ ਦੇ ਰਾਹ ਵਿਚ ਫ਼ਕੀਰੀ ਦਾ ਦਰਜਾ ਬਹੁਤ ਵੱਡਾ ਹੈ ਅਤੇ ਇਸ ਰਾਹ ਉੱਪਰ ਵੱਡੇ ਵੱਡੇ ਖ਼ਤਰੇ ਪੇਸ਼ ਆਉਂਦੇ ਹਨ।

5) **ਸਬਰ** :-

ਸਬਰ ਦਾ ਭਾਵ ਇਹ ਹੈ ਕਿ ਭਾਵੇਂ ਰੱਬ ਵੱਲੋਂ ਮਿਹਰ ਹੋਵੇ ਭਾਵੇਂ ਮੰਦੇ ਭਾਗ, ਮਨੁੱਖ ਨੂੰ ਸਦਾ ਇਹੀ ਸਮਝਣਾ ਚਾਹੀਦਾ ਹੈ ਕਿ ਇਹ ਰੱਬ ਦੀ ਦਾਤ ਹੈ ਅਤੇ ਇਸ ਨੂੰ ਧੀਰਜ ਤੇ ਸਬਰ ਨਾਲ ਸਹਿਣਾ ਹੈ। ਸਹਲ ਦਾ ਕਥਨ ਹੈ ਕਿ ਹਰੇਕ ਵਸਤੂ ਇਕ ਜੌਹਰ ਹੈ। ਇਨਸਾਨ ਦਾ ਜੌਹਰ ਅਕਲ ਹੈ ਅਤੇ ਅਕਲ ਦਾ ਜੌਹਰ ਸਬਰ ਕਾਮ ਵਾਸ਼ਨਾ ਦਾ ਨਿਰੋਧ ਹੈ। ਗਿਆਨ ਅਤੇ ਸਬਰ ਦਾ ਸੰਬੰਧ ਇਵੇਂ ਹੈ ਜਿਵੇਂ ਆਤਮਾ ਅਤੇ ਸਰੀਰ ਦਾ।

6) **ਸ਼ੁਕਰ** :-

ਸ਼ੁਕਰ ਦਾ ਅਰਥ ਹੈ ਜ਼ਬਾਨ ਅਤੇ ਦਿਲ ਨਾਲ ਰੱਬ ਦੀਆਂ ਖੈਰ ਤੇ ਮਿਹਰਾਂ ਲਈ ਸ਼ੁਕਰਾਨਾਂ ਕਰਨਾ। ਸ਼ੁਕਰ ਦੀ ਵਾਸਤਵਿਕਤਾ ਇਹ ਹੈ ਕਿ ਜੋ ਕੁਝ ਇਨਸਾਨ ਨੂੰ ਪ੍ਰਾਪਤ ਹੁੰਦਾ ਹੈ ਉਹ ਰੱਬੀ ਦਾਤ ਸਮਝ ਕੇ ਸਵੀਕਾਰ ਕਰੇ।

7) **ਖ਼ੌਫ਼** :-

ਖ਼ੌਫ਼ ਦਾ ਭਾਵ ਇਸ ਗੱਲ ਦਾ ਡਰ ਹੈ ਕਿ ਸਾਡੇ ਮੰਦੇ ਕਰਮ ਜਾਂ ਬੁਰੇ ਆਚਰਣ ਤੇ ਵਿਵਹਾਰ ਕਾਰਣ ਅਗਾਂਹ ਸਾਨੂੰ ਅਣਸੁਖਾਂਵੇ ਨਤੀਜੇ ਭੁਗਤਣੇ ਪੈਣਗੇ। ਅਬੂ ਉਮਰ ਦਾ ਕਥਨ ਹੈ ਕਿ ਖ਼ੌਫ਼ਵਾਨ ਵਿਅਕਤੀ ਉਹ ਹੈ ਜੋ ਆਪਣੇ ਹੰਕਾਰ ਤੋਂ ਡਰੇ।

8) **ਰਜਾ** :-

ਰਜਾ ਦੇ ਸ਼ਬਦੀ ਅਰਥ ਹਨ ਆਸ਼। ਸੂਫ਼ੀ ਸ਼ਬਦਾਵਲੀ ਵਿਚ ਇਸ ਦਾ ਅਰਥ ਹੈ ਭੱਵਿਖ ਵਿਚ ਮਨ-ਇੱਛਤ ਫਲ ਲਈ ਆਸ ਰੱਖਣਾ। ਸਹਲ ਕਹਿੰਦਾ ਹੈ ਖ਼ੌਫ਼ ਨਰ ਹੈ ਅਤੇ ਆਸ ਮਦੀਨ। ਅਬੂ ਅਲੀ ਅਨੁਸਾਰ ਭਯ ਅਤੇ ਆਸ ਇਕ ਪੰਛੀ ਦੇ ਦੋ ਖੰਭਾਂ ਦੇ ਸਮਾਨ ਹਨ ਜੋ ਦੋਵੇਂ ਠੀਕ ਹੋਣ ਤਾਂ ਹੀ ਪੰਛੀ ਭਰਪੂਰ ਪਰਵਾਜ਼ (ਉਡਾਰੀ) ਭਰ ਸਕਦੀ ਹੈ।

9) **ਤਵੱਕੁਲ** :-

ਤਵੱਕੁਲ ਦਾ ਅਰਥ ਹੈ ਆਪਣੇ ਸਭ ਕੰਮ ਲਈ ਰੱਬ ਤੇ ਭਰੋਸਾ ਰਖਣਾ। ਰੱਬ ਉੱਪਰ ਭਰੋਸਾ ਰਖਕੇ ਹੀ ਰੂਹਾਨੀ ਸਫ਼ਰ ਤਹਿ ਹੋ ਸਕਦਾ ਹੈ। ਇਸੇ ਕਰਕੇ ਸੁਲਤਾਨ ਬਾਹੂ ਕਹਿੰਦਾ ਹੈ -''ਤੁਲ੍ਹਾ ਤਵੱਕੁਲ ਵਾਲਾ, ਹੋ ਮਰਦਾਨੇ ਤਰੀਏ ਹੂ।'' ਤਵੱਕੁਲ ਦੇ ਤਿੰਨ ਦਰਜ਼ੇ ਹਨ, ਤਵੱਕੁਲ, ਤਸਲੀਮ ਅਤੇ ਤਫ਼ਵੀਜ਼। ਤਵੱਕੁਲ ਵਾਲਾ ਆਦਮੀ ਖ਼ੁਦਾ ਦੇ ਵਾਅਦਿਆਂ ਉੱਤੇ ਦਿਲ ਦੀ ਤਸੱਲੀ ਹਾਸਲ ਕਰਦਾ ਹੈ। ਤਸਲੀਮ ਵਾਲਾ ਖ਼ੁਦਾ ਦੇ ਇਲਮ ਨਾਲ ਸੰਤੁਸ਼ਟ ਹੋ ਜਾਂਦਾ ਹੈ ਅਤੇ ਤਫ਼ਵੀਜ਼ ਵਾਲਾ ਅੱਲਾਹ ਤਾਅਲਾ ਦੀ ਰਜ਼ਾ ਵਿਚ ਰਾਜ਼ੀ ਰਹਿੰਦਾ ਹੈ। ਮੋਮਿਨਾ ਦਾ ਗੁਣ ਤਵੱਕੁਲ ਹੈ, ਅੱਲਾਹ ਦੇ ਔਲੀਆਂ ਦਾ ਤਸਲੀਮ ਅਤੇ ਰੱਬ ਨਾਲ ਇਕ ਹੋ ਚੁੱਕਿਆਂ ਦਾ ਗੁਣ ਤਫ਼ਵੀਜ਼ ਹੈ।

10) **ਰਿਜ਼ਾ** :-

ਰਿਜ਼ਾ ਦਾ ਅਰਥ ਹੈ ਭਾਣਾ। ਇਸ ਵਿਚ ਜ਼ਿੰਦਗੀ ਦੇ ਦੁੱਖ-ਸੁੱਖ ਨੂੰ ਬਰਾਬਰ ਅਤੇ ਰੱਬ ਦੀ ਬਖਸ਼ਿਸ਼ ਸਮਝਦਾ ਹੈ। ਰਿਜ਼ਾ ਸਭ ਹਾਲਾਤ ਵਿਚੋਂ ਇਕ ਅਵਸਥਾ ਅਤੇ ਖ਼ੁਦਾ ਵਲੋਂ ਬਖਸ਼ਿਸ਼ ਹੈ। ਰਿਜ਼ਾ ਦਿਲ ਦਾ ਆਰਾਮ ਹੈ ਜੋ ਹੁਕਮ ਜਾਰੀ ਕਰਨ ਵਾਲੇ ਦੇ ਹੁਕਮਾਂ ਦੇ ਥੱਲੇ ਹੈ। ਦਿਲ ਦੀ ਸ਼ਾਂਤੀ ਅਤੇ ਤਸੱਲੀ ਬੰਦੇ ਦੇ ਕਸਬ ਤੋਂ ਪ੍ਰਾਪਤ ਨਹੀਂ ਹੁੰਦੀ ਖ਼ੁਦਾ ਦੀਆਂ ਬਖਸ਼ਿਸ਼ਾਂ ਵਿਚੋਂ ਹੁੰਦੀ ਹੈ।

ਇਹਨਾਂ ਉਪਰੋਕਤ ਅਵਸਥਾਵਾਂ ਤੋਂ ਬਿਨਾ ਸੂਫੀ ਸਾਧਨਾ ਦੀਆਂ ਬਾਰੀਕੀਆਂ ਨੂੰ ਅਨੁਭਵ ਕਰਨ ਵਾਲੇ ਕੁਝ ਹੋਰ ਪੜਾਅ ਹਨ ਜਿਨ੍ਹਾਂ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ।

1) **ਮਾਰਫ਼ਤ** :-

ਮਾਰਫ਼ਤ ਦਾ ਅਰਥ ਹੈ ਰਾਹੀਂ ਜਾਂ ਦੁਆਰਾ। ਰੱਬ ਦੀ ਅਨੁਭੂਤੀ ਗਿਆਨ ਰਾਹੀਂ ਹੁੰਦੀ ਹੈ ਇਸ ਲਈ ਗਿਆਨ ਹੀ ਮਾਰਫ਼ਤ ਹੈ ਅਤੇ ਸੱਚਾ ਗਿਆਨ ਮੁਰਸ਼ਦ ਪਾਸੋਂ ਪ੍ਰਾਪਤ ਹੁੰਦਾ ਹੈ। ਜਿਵੇਂ ਜਿਵੇਂ ਸਾਧਕ ਨੂੰ ਮਾਰਫ਼ਤ ਪ੍ਰਾਪਤ ਹੁੰਦੀ ਜਾਂਦੀ ਹੈ ਤਿਉਂ ਤਿਉਂ ਦੁਨਿਆਵੀ ਸੰਬੰਧ ਖ਼ਤਮ ਹੁੰਦੇ ਜਾਂਦੇ ਹਨ। ਮਾਰਫਤ ਦੀ ਪ੍ਰਾਪਤੀ ਰੱਬੀ ਬਖਸ਼ਿਸ਼ ਹੈ। ਇਹ ਹਾਲ ਦੀ ਪਹਿਲੀ ਅਵਸਥਾ ਹੈ।

2) **ਇਸ਼ਕ-ਏ-ਹਕੀਕੀ** :-

ਇਸ਼ਕ ਖੁਦਾਈ ਰੰਗ ਵਿਚ ਰੰਗੇ ਜਾਣਾ ਹੈ ਜਿਸਨੂੰ ਫਰੀਦ 'ਰਤੇ ਇਸ਼ਕ ਖ਼ੁਦਾਇ ਰੰਗ ਦੀਦਾਰ ਕੇ' ਕਹਿੰਦਾ ਹੈ। ਸੂਫੀਆਂ ਦੀ ਸਾਧਨਾ ਦਾ ਅਸਲੀ ਮਾਰਗ ਇਸ਼ਕ ਦਾ ਮਾਰਗ ਹੈ ਅਤੇ ਇਹ ਬਹੁਤ ਹੀ ਸੂਖ਼ਮ ਅਤੇ ਕਠਿਨ ਹੈ। ਇਸੇ ਕਰਕੇ ਸ਼ਾਹ ਹੁਸੈਨ ਕਹਿੰਦਾ ਹੈ- ''ਰਾਹ ਇਸ਼ਕ ਦਾ ਸੂਈ ਦਾ ਨੱਕਾ ਧਾਗਾ ਹੋਏ ਤਾਂ ਜਾਵੇ।'' ਇਸ਼ਕ ਦਾ ਹਾਲ ਦੀ ਅਵਸਥਾ ਵਿਚ ਉਹੀ ਸਥਾਨ ਹੈ ਜੋ ਮੁਕਾਮ ਵਿਚ ਤੌਬਾ ਦਾ। ਇਸ਼ਕ ਲਈ ਸੂਫ਼ੀਆਂ ਨੇ ਮੁਹੱਬਤ ਸ਼ਬਦ ਵੀ ਵਰਤਿਆ ਹੈ ਅਤੇ ਕੋਸ਼ ਅਨੁਸਾਰ ਇਹ ਹਿਬਾ ਸ਼ਬਦ ਤੋਂ ਨਿਕਲਿਆ ਹੈ। ਹਿਬਾ ਉਹ ਬੀਜ ਹੁੰਦਾ ਹੈ ਜੋ ਸ਼ਹਿਰਾ (ਰੇਗਿਸਤਾਨ) ਵਿਚ ਡਿੱਗ ਪੈਂਦਾ ਹੈ। ਇਸ ਨੂੰ ਹੁਬ (ਪਿਆਰ) ਇਸ ਲਈ ਕਹਿੰਦੇ ਹਨ ਕਿਉਂਕਿ ਜ਼ਿੰਦਗੀ ਦੀ ਅਸਲੀਅਤ ਇਸ ਵਿਚ ਹੈ। ਜਿਵੇਂ ਬੀਜ ਧਰਤੀ ਵਿਚ ਸੁੱਟਣ ਨਾਲ ਆਪਣੇ ਮੌਸਮ ਵਿਚ ਆਪੇ ਉੱਗ ਆਉਂਦਾ ਹੈ ਬਸ਼ਰਤੇ ਕਿ ਉਸਨੂੰ ਪਾਣੀ, ਗਰਮੀ ਮਿਲ ਜਾਵੇ। ਇਵੇਂ ਹੀ ਮੁਹੱਬਤ ਦੀ ਥਾਂ ਦਿਲ ਵਿਚ ਹੁੰਦੀ ਹੈ ਅਤੇ ਇਹ ਦੋਸਤੀ ਦੇ ਤਲਬ ਨਾਲ ਜਾਗ ਪੈਂਦੀ ਹੈ।

3) **ਸ਼ੋਕ** :-

ਸੂਫ਼ੀ ਰੱਬ ਨੂੰ ਆਪਣਾ ਮਹਿਬੂਬ ਸਮਝਦੇ ਹਨ ਤੇ ਆਪ ਉਸਦੇ ਆਸ਼ਕ ਹਨ। ਸ਼ੌਕ ਸੂਫ਼ੀਆਂ ਦੀ ਪਰਿਭਾਸ਼ਾ ਵਿਚ ਉਸ ਦਿਲੀ ਤੜਪ ਅਤੇ ਖਿੱਚ ਨੂੰ ਕਹਿੰਦੇ ਹਨ ਜੋ ਆਸ਼ਕ ਦੇ ਮਨ ਵਿਚ ਆਪਣੇ ਮਹਿਬੂਬ ਪ੍ਰਤੀ ਪੈਦਾ ਹੁੰਦੀ ਹੈ। ਸੂਫ਼ੀ ਅੰਦਰ ਇਹ ਤੜਪ ਰੱਬੀ ਦਇਆ ਅਤੇ ਮਿਹਰ ਲਈ ਹੁੰਦੀ ਹੈ ਜਿਸ ਆਸਰੇ ਉਹ ਰੂਹਾਨੀ ਇਕ-ਮਿਕਤਾ ਪ੍ਰਾਪਤ ਕਰ ਲੈਂਦਾ ਹੈ।

4) **ਕੁਰਬ** :-

ਕੁਰਬ ਦੇ ਸ਼ਬਦੀ ਅਰਥ ਨੇੜਤਾ ਹਨ। ਜਦ ਸੂਫ਼ੀ ਆਪਣੇ ਅੰਦਰ ਖੁਦਾ ਦੀ ਨੇੜਤਾ ਦਾ ਅਹਿਸਾਸ ਨਿਰੰਤਰ ਬਣਾਈ ਰੱਖਦਾ ਹੈ ਤਾਂ ਉਹ ਕੁਰਬ ਦੀ ਅਵਸਥਾ ਵਿਚੋਂ ਗੁਜ਼ਰ ਰਿਹਾ ਹੁੰਦਾ ਹੈ।

5) **ਉਨਸ-ਉ-ਹੈਬਤ** :-

ਉਨਸ-ਉ-ਹੈਬਤ ਦੇ ਸ਼ਬਦੀ ਅਰਥ ਨੇੜਤਾ ਅਤੇ ਭੈਅ ਹਨ। ਸੂਫ਼ੀ ਸਾਧਕਾਂ ਨੂੰ ਰੱਬ ਦੇ ਰਾਹ ਉਤੇ ਤੁਰਦਿਆਂ ਉਸਦੀ ਨੇੜਤਾ ਅਤੇ ਭੈਅ ਦੇ ਪੜਾਵਾਂ ਵਿਚੋਂ ਲੰਘਣਾ ਪੈਂਦਾ ਹੈ। ਜਦ ਸਾਧਕ ਦੇ ਮਨ ਉਤੇ ਰੱਬੀ ਜਲਾਲ ਪ੍ਰਕਾਸ਼ਮਾਨ ਹੁੰਦਾ ਹੈ ਤਾਂ ਉਸ ਅੰਦਰ ਭੈਅ ਪੈਦਾ ਹੁੰਦਾ ਹੈ ਪਰ ਜਦੋਂ ਉਹ ਰੱਬੀ ਸੁੰਦਰਤਾ ਦਾ ਜਲਵਾ ਦੇਖਦਾ ਹੈ ਤਾਂ ਉਸ ਅੰਦਰ ਉਨਸ (ਨੇੜਤਾ) ਭਾਰੂ ਪੈ ਜਾਂਦੀ ਹੈ। ਇਹ ਨੇੜਤਾ ਪ੍ਰਾਪਤ ਕਰਕੇ ਉਹ ਨਦਰੋ ਨਦਰਿ ਨਿਹਾਲ ਹੋ ਜਾਂਦਾ ਹੈ।

6) **ਫ਼ਨਾ ਤੇ ਬਕਾ** :-

ਸ਼ਬਦੀ ਰੂਪ ਵਿਚ ਫ਼ਨਾ ਦਾ ਅਰਥ ਹੈ ਨਸ਼ਟ ਹੋ ਜਾਣਾ ਅਤੇ ਬਕਾ ਦਾ ਅਰਥ ਕਾਇਮ ਰਹਿਣਾ ਹੈ। ਅਲੀ ਹੁਜਵੀਰੀ ਲਿਖਦਾ ਹੈ - ਜੋ ਕੁਝ ਤੁਹਾਡੇ ਪਾਸ ਹੈ, ਫ਼ਾਨੀ ਹੈ ਅਤੇ ਜੋ ਕੁਝ ਖੁਦਾ ਦੇ ਪਾਸ ਹੈ, ਬਾਕੀ ਰਹਿਣ ਵਾਲਾ ਹੈ। ਜੋ ਕੁਝ ਜ਼ਮੀਨ ਉੱਪਰ ਹੈ ਉਹ ਫ਼ਾਨੀ ਹੋ ਜਾਵੇਗਾ ਅਤੇ ਪਾਲਣਹਾਰ ਦੀ ਜਾਤ ਜੋ ਬਖਸ਼ਿਸ਼ ਕਰਨ ਵਾਲੀ ਹੈ, ਬਾਕੀ ਰਹੇਗੀ। ਬਕਾ ਇਲਮ ਦੇ ਨੁਕਤੇ ਅਤੇ ਕੋਸ਼ ਅਨੁਸਾਰ ਤਿੰਨ ਕਿਸਮ ਦੀ ਹੈ। ਇਕ ਬਕਾ ਉਹ ਹੈ ਜਿਸ ਦੀ ਪਹਿਲੀ ਤੇ ਆਖ਼ਰੀ ਤਰਫ਼ ਫ਼ਨਾ ਵਿਚ ਹੈ, ਜਿਵੇਂ ਇਹ ਜਹਾਨ। ਦੂਜੀ ਬਕਾ ਉਹ ਹੈ ਜੋ ਹੁਣ ਹੈ ਅਤੇ ਫ਼ਾਨੀ ਨਹੀਂ ਹੋਵੇਗੀ। ਤੀਜੀ ਬਕਾ ਉਹ ਹੈ ਜਿਸ ਲਈ ਫ਼ਨਾ ਕਦੀ ਨਹੀਂ ਹੈ ਅਤੇ ਨਾ ਹੀ ਹੋਵੇਗੀ। ਵਰਤਮਾਨ ਦੀ ਬਕਾ ਅਤੇ ਉਹ ਜਹਾਨ ਦੀ ਫਨਾ ਇਹ ਹੈ ਜਦ ਜਹਾਲਤ ਤੇ ਨਾਦਾਨੀ ਫ਼ਨਾ ਹੋ ਜਾਵੇ ਤਦ ਇਲਮ ਬਾਕੀ ਰਹਿੰਦਾ ਹੈ। ਇਕ ਸੂਫ਼ੀ ਬਜ਼ੁਰਗ ਕਹਿੰਦਾ ਹੈ- ਮੇਰਾ ਮੁਕਾਮ ਅਤੇ ਰਸਮਾਂ ਦੋਵੇਂ ਹੀ ਲਤਾੜੀਆਂ ਗਈਆਂ ਹਨ ਤੇ ਮੈਂ ਕਿਸੇ ਵੇਲੇ ਵੀ ਨੇੜਤਾ ਤੇ ਦੂਰੀ ਨਹੀਂ ਵੇਖਦਾ। ਮੈਂ ਤਾਂ ਆਪਣੇ ਆਪ ਤੋਂ ਫ਼ਨਾ ਹੋ ਗਿਆ ਹਾਂ। ਇਹੀ ਹੱਕ ਦਾ ਪ੍ਰਗਟਾ ਹੈ।

ਸੂਫ਼ੀਆਂ ਅਨੁਸਾਰ ਫ਼ਨਾ ਨਿਰਵਿਕਲਪ ਸਮਾਧੀ ਹੈ, ਜਿਸ ਵਿਚ ਆਪਾ ਭਾਵ ਮਿਟ ਜਾਂਦਾ ਹੈ। ਫ਼ਨਾ ਹੋਇਆਂ ਹੀ ਰੱਬਤਾ ਦੀ ਬਕਾ ਨੂੰ ਪ੍ਰਾਪਤ ਕੀਤਾ ਜਾਂਦਾ ਹੈ। ਇਸੇ ਕਰਕੇ ਸਲਤਾਨ ਬਾਹੂ ਕਹਿੰਦਾ ਹੈ -''ਬਾਝ ਫ਼ਨਾ ਰੱਬ ਹਾਸਲ ਨਾਹੀਂ।'' ਸਾਰੀ ਸੂਫ਼ੀ ਸਾਧਨਾ ਵਿਚ ਨੇਸਤੀ (ਆਪ ਭਾਵ ਖਤਮ ਕਰਨਾ)ਹਸਤਾ ਹੈ ਅਤੇ ਹਸਤੀ ਮੰਜ਼ਲ ਹੈ। ਬਕਾ ਵਿਚ ਫਿਨ੍ਹਾ ਹੋ ਕੇ ਸੂਫ਼ੀ ਸਾਧਕ ਖੁਦਾ ਦੀ ਇਕਮਿਕਤਾ ਇਵੇਂ ਹੀ ਪ੍ਰਾਪਤ ਕਰ ਲੈਂਦਾ ਹੈ ਜਿਵੇਂ ਭਗਤ ਕਬੀਰ ਜੀ ''ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਣੀ'' ਦਾ ਅਹਿਸਾਸ ਕਰਦੇ ਹਨ।

ਸੋ ਇਸ ਪ੍ਰਕਾਰ ਸੂਫੀਮਤ ਦੀ ਵਿਲੱਖਣਤਾ ਇਸਦੀ ਸਾਧਨਾ ਕਰਕੇ ਹੈ। ਇਸ ਸਾਧਨਾ ਨੂੰ ਸੂਫ਼ੀ ਦੋ ਪੜ੍ਹਾਵਾਂ ਮੁਕਾਮ ਤੇ ਹਾਲ ਰਾਹੀਂ ਪਾਰ ਕਰਦੇ ਹੋਏ ਪਰਮ ਸਤਿ (ਮਕੁੱਨ) ਵਿਚ ਅਭੇਦ ਹੁੰਦੇ ਹਨ।

ਪਾਠ ਨੰਬਰ : 1.4

## ਬਾਬਾ ਫ਼ਰੀਦ ਦਾ ਜੀਵਨ ਅਤੇ ਸਿੱਖਿਆਵਾਂ

ਭਾਰਤ ਵਿਚ ਪ੍ਰਵੇਸ਼ ਤੋਂ ਪਹਿਲਾਂ ਸੂਫ਼ੀਵਾਦ ਪੂਰੇ ਸਿਖਰ ਤੇ ਸੀ। ਬਹੁਤ ਸਾਰੀਆਂ ਸੂਫ਼ੀ ਸੰਪਰਦਾਵਾਂ ਨੇ ਮਜ਼ਹਬ ਦੇ ਪ੍ਰਚਾਰ ਇਖਲਾਕ ਦੇ ਉਪਦੇਸ਼ ਅਤੇ ਸਮਾਜਿਕ ਸੁਧਾਰ ਲਈ ਥਾਂ ਥਾਂ ਕੇਂਦਰ ਸਥਾਪਿਤ ਕੀਤੇ। ਇਹਨਾਂ ਸੂਫ਼ੀ ਸੰਪਰਦਾਵਾਂ ਵਿਚ ਹਰ ਮਜ਼ਹਬ ਦੇ ਵਿਅਕਤੀ ਦਾ ਸਤਿਕਾਰ ਹੁੰਦਾ ਅਤੇ ਉਸਨੂੰ ਅਧਿਆਤਮਿਕ ਸਾਧਨਾਂ ਤੇ ਪ੍ਰਭੂ ਪ੍ਰੇਮ ਵਲ ਉਤਸ਼ਾਹਿਤ ਕੀਤਾ ਜਾਂਦਾ। ਇਹਨਾਂ ਸੂਫ਼ੀ ਕੇਂਦਰਾਂ ਵਿਚ ਪ੍ਰਭੂ ਪ੍ਰੇਮ ਭਗਤੀ ਤੇ ਸਾਂਝੀਵਾਲਤਾ ਦਾ ਵਾਤਾਵਰਣ ਹੁੰਦਾ ਸੀ ਜਿਸ ਕਾਰਨ ਆਮ ਲੋਕਾਂ ਵਿਚ ਇਹ ਖਿਚ ਦਾ ਕਾਰਨ ਬਣੇ। ਪ੍ਰਸਿੱਧ ਮੁਗਲ ਸਮਰਾਟ ਅਕਬਰ ਦੇ ਦਰਬਾਰੀ ਵਿਦਵਾਨ ਅਬੁਲ ਫਜ਼ਲ ਨੇ ਸੂਫ਼ੀਆਂ ਦੀਆਂ ਪੰਦਰਾ ਸੰਪਰਦਾਵਾਂ ਦਾ ਉਲੇਖ ਕੀਤਾ ਹੈ। ਇਨਸਾਈਕਲੋਪੀਡੀਆ ਇਸਲਾਮ ਅਨੁਸਾਰ ਇਹਨਾਂ ਦੀ ਗਿਣਤੀ 175 ਦਸੀ ਗਈ ਹੈ ਜਿਹਨਾਂ ਵਿਚੋਂ ਪ੍ਰਮੁੱਖ ਤੇ ਹਰਮਨ ਪਿਆਰਾ ਚਿਸ਼ਤੀ ਸਿਲਸਿਲਾ ਇਕ ਹੈ।

ਚਿਸ਼ਦੀ ਸੰਪਰਦਾਇ ਦੀ ਨੀਹ ਖਵਾਜਾ ਅਬੂ ਇਸਹਾਕ ਸਾਮੀ ਨੇ ਰੱਖੀ ਜੋ ਹਜ਼ਰਤ ਮੁਹੰਮਦ ਸਾਹਿਬ ਨੇ ਦਾਮਾਦ ਖਲੀਫ਼ਾ ਅਲੀ ਦੀ ਨੌਂਵੀ ਪੁਸ਼ਤ ਵਿਚੋਂ ਸਨ। ਉਹ ਖੁਰਾਸਾਨ ਦੇ ਚਿਸ਼ਤ ਨਾਮੀ ਸ਼ਹਿਰ ਦੇ ਵਸਨੀਕ ਸਨ। ਪੰਜ ਗੱਦੀਦਾਰਾਂ ਦਾ ਇਸ ਪਿੰਡ ਵਿਚ ਰਹਿਣ ਦਾ ਜ਼ਿਕਰ ਮਿਲਦਾ ਹੈ ਜਿਸ ਕਰਕੇ ਇਸ ਸੰਪਰਦਾਇ ਦਾ ਨਾਂ ਚਿਸ਼ਤੀ ਪ੍ਰਸਿੱਧ ਹੋ ਗਿਆ। ਅਬੂ ਇਸਹਾਕ ਨੇ ਚਿਸ਼ਤੀ ਵਾਲੀ ਦਰਗਾਹ ਆਪਣੇ ਪਿਆਰੇ ਮੁਰੀਦ ਖਵਾਜਾ ਅਬੂ ਅਹਿਮਦ ਅਬਦਾਲ ਦੇ ਹਵਾਲੇ ਕਰ ਦਿੱਤੀ। ਹਜ਼ਰਤ ਅਬੂ-ਅਬਦਾਲ ਨੇ ਆਪਣੇ ਗੁਰੂ ਦੀ ਇਸ ਦਰਗਾਹ ਨੂੰ ਸੂਫ਼ੀ ਸਾਧਨਾਂ ਦਾ ਮਹਤਵਪੂਰਨ ਕੇਂਦਰ ਬਣਾਇਆ ਸੀ। ਹਜ਼ਰਤ ਅਬੂ-ਅਬਦਾਲ ਤੋਂ ਪਿਛੋਂ ਉਸਦਾ ਪੁੱਤਰ ਅਬੂ ਮੁਹੰਮਦ ਚਿਸ਼ਤੀ ਦਰਗਾਹ ਦਾ ਖ਼ਲੀਫ਼ਾ ਬਣਿਆ। ਅਬੂ ਮੁਹੰਮਦ ਤੋਂ ਮਗਰੋਂ ਇਸ ਦਰਗਾਹ ਦੀ ਖਿਲਾਫ਼ਤ ਉਸ ਦੇ ਭਾਣਜੇ ਖਵਾਜਾ ਯੂਸਫ਼ ਨੂੰ ਪ੍ਰਾਪਤ ਹੋਈ। ਉਸ ਦਾ ਉੱਤਰ ਅਧਿਕਾਰੀ ਤੇ ਪੁੱਤਰ ਖਵਾਜਾ ਮੌਦੂਦ ਉਸ ਸਮੇਂ ਦਾ ਪ੍ਰਸਿੱਧ ਸੂਫੀ ਸੰਤ ਹੋਇਆ ਜਿਸ ਦੀ ਮ੍ਰਿਤੂ 1182 ਈਸਵੀਂ ਵਿਚ ਹੋਈ ਮੰਨੀ ਜਾਂਦੀ ਹੈ। ਖਵਾਜਾ ਮੌਦੂਦ ਦੀ ਮੌਤ ਤੋਂ ਬਾਅਦ ਚਿਸ਼ਤੀਆਂ ਦੀ ਖਾਨਕਾਹ ਸੂਫ਼ੀ ਸਾਧਨਾਂ ਦਾ ਮਹੱਤਵਪੂਰਣ ਕੇਂਦਰ ਨਾ ਰਹਿ ਸਕੀ ਕਿਉਂਕਿ ਰਾਜਨੀਤਿਕ ਫੇਰ-ਬਦਲ ਕਾਰਨ ਚਿਸ਼ਤੀ ਦਾ ਇਲਾਕਾ ਤੁਰਕ ਕਬੀਲਿਆਂ ਦੀਆਂ ਜੰਗਾਂ ਦਾ ਮੈਦਾਨ ਬਣ ਗਿਆ ਤੇ ਚਿਸ਼ਤੀ ਖਾਨਕਾਹ ਦੇ ਸੂਫ਼ੀ ਸੰਤ ਰਮਤੇ ਫ਼ਕੀਰ ਬਣ ਕੇ ਸਦਾ-ਸਦਾ ਲਈ ਚਿਸ਼ਤ ਛੱਡ ਗਏ। ਭਾਵੇਂ ਗਿਆਸੁਦੀਨ ਮੁਹੰਮਦ ਦਾ ਰਾਜ ਸਥਾਪਤ ਹੋਣ ਨਾਲ ਚਿਸ਼ਤ ਦੇ ਇਲਾਕੇ ਵਿਚ ਸ਼ਾਂਤੀ ਸਥਾਪਤ ਹੋਈ ਪਰ ਇਹ ਸ਼ਹਿਰ ਸੂਫ਼ੀ ਗਤੀਵਿਧੀਆਂ ਦਾ ਕੇਂਦਰ ਨਾ ਬਣ ਸਕਿਆ ਤੇ ਗਿਆਸੁਦੀਨ ਦਾ ਬਣਾਇਆ ਮਦਰਸਾ ਤੇ ਸ਼ਾਨਦਾਰ ਮਸਜਿਦ ਵੀ ਚਿਸ਼ਤੀਆਂ ਦੇ ਪ੍ਰਸਿੱਧ ਸੂਫ਼ੀ ਸੰਤ ਹਜ਼ਰਤ ਮੁਈਨੁਦੀਨ ਚਿਸ਼ਤੀ ਨੂੰ ਚਿਸ਼ਤ ਵਸੇ ਰਹਿਣ ਦੇ ਸਮਰੱਥ ਨਾ ਬਣਾ ਸਕੀ ਤੇ ਉਹ ਭਾਰਤ ਆ ਕੇ ਵਸ ਗਏ।

ਭਾਰਤ ਵਿਚ ਚਿਸ਼ਤੀ ਸੰਪਰਦਾਇ ਦਾ ਪ੍ਰਵੇਸ਼ ਮੁਈਨੁਦੀਨ ਚਿਸ਼ਤੀ (1142-1236) ਦੀ ਆਮਦ ਦੇ ਨਾਲ ਹੋਇਆ। ਪਹਿਲਾਂ ਉਹ ਕੁਝ ਸਮਾਂ ਲਾਹੌਰ ਦਾਤਾ ਗੰਜ ਬਖਸ਼ ਦੇ ਸਥਾਨ ਤੇ ਰਿਹਾ ਤੇ ਪਿਛੋਂ ਦਿੱਲੀ ਤੇ ਫਿਰ ਅਜਮੇਰ ਚਲਾ ਗਿਆ ਜਿੱਥੇ ਉਸਦਾ ਮਜ਼ਾਰ ਅੱਜ ਤੱਕ ਕਾਇਮ ਹੈ ਤੇ ਉਸ ਦੀ ਯਾਦ ਵਿਚ ਹਰ ਸਾਲ ਭਾਰੀ ਮੇਲਾ ਲੱਗਦਾ ਹੈ। ਖਵਾਜਾ ਮੁਈਨੁਦੀਨ, ਹਜ਼ਰਤ ਮੌਜੂਦ ਦੇ ਸ਼ਿਸ਼ ਸਨ ਤੇ ਖਵਾਜਾ ਗਿਆਸੁਦੀਨ ਦੇ ਪੁੱਤਰ ਸਨ। ਇਸ ਤਰ੍ਹਾਂ ਰੂਹਾਨੀਅਤ ਆਪ ਨੂੰ ਵਿਰਸੇ ਵਿਚ ਮਿਲੀ। ਆਪ ਦੀ 15 ਸਾਲ ਦੀ ਉਮਰ ਸੀ ਕਿ ਆਪ ਦੇ ਪਿਤਾ ਚਲਾਣਾ ਕਰ ਗਏ। ਪਿਤਾ ਦੀ ਮੌਤ ਪਿਛੋਂ ਖਵਾਜਾ ਸੱਚ ਦੀ ਭਾਲ ਵਿਚ ਨਿਕਲੇ ਤੇ ਅਨੇਕਾਂ ਵਾਰ ਸਮਰਕੰਦ, ਬੁਖਾਰਾ, ਹਰਵਾਨ, ਬਗਦਾਦ, ਸੰਜਾਨ, ਜਿਨ, ਹਮਾਦਾਨ, ਚਿਸ਼ਤ ਆਦਿ ਥਾਵਾਂ ਤੇ ਗਏ ਤੇ ਸੂਫ਼ੀ ਸੰਤਾਂ ਨਾਲ ਸਤ-ਸੰਗਤ ਕੀਤੀ ਤੇ ਪ੍ਰਿਥਵੀ ਰਾਜ ਚੌਹਾਨ ਦੇ ਰਾਜਕਾਲ ਦੌਰਾਨ ਉਹ ਭਾਰਤ ਆਏ। ਕੁਤਬੁਉਦੀਨ ਐਥਕ ਦੇ ਦਰੋਗਾ ਸਯਦ ਹੁਸੈਨ ਮਸ਼ਹਦੀ ਨੂੰ ਉਹਨਾਂ ਪ੍ਰਤੀ ਬੜੀ ਸ਼ਰਧਾ ਸੀ। ਉਹਨਾਂ ਦੀ ਪ੍ਰੇਰਨਾ ਸਦਕਾ ਅਨੇਕਾ ਲੋਕ ਖਵਾਜਾ ਦੀ ਸ਼ਰਨ ਵਿਚ ਆਏ ਇਸਲਾਮ ਕਬੂਲ ਕੀਤਾ। ਖਵਾਜਾ ਦਾ ਸਾਰਾ ਜੀਵਨ ਤਪ, ਤਿਆਗ ਤੇ ਸੰਜਮ ਨਾਲ ਲਿਸ਼ਕਦਾ ਹੈ। ਉਹ ਜਦੋਂ ਵੀ ਕਿਸੇ ਸ਼ਹਿਰ ਵਿਚ ਜਾਂਦੇ ਇਕਾਂਤ ਕਬਰਸਤਾਨ ਵਿਚ ਡੇਰਾ ਕਰਦੇ। ਖਵਾਜਾ ਮੁਈਨੁਦੀਨ ਦੀ ਕੋਈ ਰਚਨਾ ਪ੍ਰਾਪਤ ਨਹੀਂ ਹੁੰਦੀ। ਮੁਈਨੁਦੀਨ ਨੇ ਸ਼ਰੀਅਤ ਦਿਆਂ ਸਾਰਿਆਂ ਪੱਖਾਂ ਤੇ ਜ਼ੋਰ ਦਿੱਤਾ। ਉਹਨਾਂ ਕਿਸੇ ਰੂਪ ਵਿਚ ਵੀ ਧਨ, ਦੌਲਤ, ਜ਼ਮੀਨ, ਜਾਇਦਾਦ ਦਾ ਸੰਗ੍ਰਹਿ ਕਬੂਲ ਨਹੀਂ ਕੀਤਾ। ਉਹਨਾਂ ਅਨੁਸਾਰ ਦਰਵੇਸ਼ ਨੂੰ ਨੌ ਨਿਯਮਾਂ ਦਾ ਪਾਲਣ ਕਰਨਾ ਜਰੂਰੀ ਹੈ :

1. ਕਿਸੇ ਤਰ੍ਹਾਂ ਵੀ ਧਨ ਦਾ ਸੰਗ੍ਰਹਿ ਨਾ ਕੀਤਾ ਜਾਵੇ।
2. ਕਿਸੇ ਤੋਂ ਉਧਾਰ ਨਾ ਲਿਆ ਜਾਵੇ।

3. ਭੁੱਖੇ ਹੋਣ ਤੇ ਵੀ ਕਿਸੇ ਅੱਗੇ ਹੱਥ ਨਾ ਅੱਡਿਆ ਜਾਵੇ।
4. ਜੋ ਕੁਝ ਆਪਣੀ ਲੋੜ ਤੋਂ ਵੱਧ ਹੋਵੇ, ਉਸ ਨੂੰ ਗਰੀਬਾਂ ਵਿਚ ਵੰਡ ਦਿੱਤਾ ਜਾਵੇ।
5. ਕਿਸੇ ਦਾ ਬੁਰਾ ਨਾ ਕੀਤਾ ਜਾਵੇ।
6. ਹਰ ਚੰਗੇ ਕਰਮ ਨੂੰ ਰੱਬੀ ਕ੍ਰਿਪਾ ਦਾ ਫਲ ਸਮਝਿਆ ਜਾਵੇ।
7. ਮੰਦੇ ਕਰਮ ਲਈ ਆਪਣੇ ਆਪ ਨੂੰ ਦੋਸ਼ੀ ਸਮਝਿਆ ਜਾਵੇ।
8. ਦਿਨ ਫਾਕੇ ਵਿਚ ਤੇ ਰਾਤ ਧਿਆਨ ਵਿਚ ਗੁਜਾਰੀ ਜਾਵੇ।
9. ਜੀਭ ਦਾ ਸੰਜਮ ਜ਼ਰੂਰੀ ਹੈ, ਉਦੋਂ ਹੀ ਬੋਲੋ ਜਦੋ ਬੋਲਣਾ ਜ਼ਰੂਰੀ ਹੋਵੇ।

ਖਵਾਜਾ ਮੁਈਨੁਦੀਨ ਦੇ ਸ਼ਿਸਾਂ ਵਿਚੋਂ ਦੋ ਸੂਫ਼ੀ ਬਹੁਤ ਪ੍ਰਸਿੱਧ ਹੋਏ, ਇਕ ਦਿੱਲੀ ਦਾ ਖਲੀਫਾ ਹਜਰਤ ਖਵਾਜਾ ਕੁਤਬੁਦੀਨ ਬੁਖਤਿਆਰ ਕਾਕੀ ਤੇ ਦੂਜਾ ਨਗੌਰ ਦਾ ਸ਼ੇਖ ਹਮੀਦੁੱਦੀਨ।

ਖਵਾਜਾ ਬਖਤਿਆਰ ਕਾਕੀ ਦੇ ਬਚਪਨ ਵਿਚ ਹੀ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ ਤੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਮਾਤਾ ਨੇ ਨਿਭਾਈ। ਹਜ਼ਰਤ ਕੁਤਬੁਦੀਨ ਬਖ਼ਤਿਆਰ ਕਾਕੀ ਬਚਪਨ ਤੋਂ ਹੀ ਪ੍ਰਭੂ ਦੇ ਬੰਧਨਾਂ ਤੇ ਧਿਆਨ ਵਿਚ ਮਗਨ ਰਹਿੰਦੇ। ਮਾਤਾ ਨੇ ਪੁੱਤਰ ਨੂੰ ਸੰਸਾਰਿਕ ਬੰਧਨਾਂ ਵਿਚ ਪਾਉਣ ਲਈ ਉਹਨਾਂ ਦਾ ਵਿਆਹ ਕਰ ਦਿੱਤਾ। ਪਤਨੀ ਨੂੰ ਧਿਆਨ ਵਿਚ ਰੁਕਾਵਟ ਦੇਖ ਕੇ ਕਾਕੀ ਸਾਹਿਬ ਨੇ ਪਤਨੀ ਤੋਂ ਤਲਾਕ ਲੈ ਲਿਆ। ਇਹਨੀ ਦਿਨੀ ਹੀ ਉਹਨਾਂ ਦੀ ਮੁਲਾਕਾਤ ਮੁਈਨੁਦੀਨ ਚਿਸ਼ਤੀ ਨਾਲ ਬਗਦਾਦ ਦੀ ਇਕ ਮਸੀਤ ਵਿਚ ਹੋਈ ਤੇ ਉਹਨਾਂ ਨੂੰ ਆਪਣਾ ਗੁਰੂ ਬਣਾਇਆ ਤੇ ਉਹਨਾਂ ਦੇ ਨਾਲ ਹੀ ਭਾਰਤ ਵਿਚ ਆ ਗਏ ਤੇ ਦਿੱਲੀ ਦੇ ਆਸ-ਪਾਸ ਦੇ ਇਲਾਕੇ ਵਿਚ ਚਿਸ਼ਤੀ ਸੰਪਰਦਾਇ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਉਹਨਾਂ ਦੀ ਹਰਮਨ ਪਿਆਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲੱਗਦਾ ਹੈ ਕਿ ਜਦੋਂ ਸੰਨ 1236 ਈ. ਵਿਚ ਉਹਨਾਂ ਦਾ ਅਕਾਲ ਚਲਾਣਾ ਹੋਇਆ ਤਾਂ ਉਹਨਾਂ ਦੇ ਸ਼ਰਧਾਲੂਆਂ ਦੀ ਗਿਣਤੀ ਹਜ਼ਾਰਾਂ ਵਿਚ ਸੀ।

ਦੂਜਾ ਪ੍ਰਿਯ ਸ਼ਿਸ ਤੇ ਖ਼ਲੀਫਾ ਹਜ਼ਰਤ ਹਮੀਦੁੱਦੀਨ ਨਗੋਰੀ ਸੀ। ਉਹਨਾਂ ਦਾ ਤਪ ਤਿਆਗ ਅਜਿਹਾ ਪ੍ਰਭਾਵ ਪੂਰਣ ਸੀ ਕਿ ਉਹਨਾਂ ਨੂੰ ਉਨ੍ਹਾਂ ਦੇ ਗੁਰੂ ਵੀ ਤਿਆਗ-ਰਾਜ ਆਖਦੇ ਸਨ। ਹਜ਼ਰਤ ਨਗੋਰੀ ਨੇ ਅਧਿਆਤਮਿਕ ਸਾਧਨਾਂ ਲਈ ਆਚਰਣ ਦੀ ਸ਼ੁੱਧਤਾ ਤੇ ਜ਼ੋਰ ਦਿੱਤਾ। ਸ਼ੁੱਧ ਆਚਰਣ ਕਾਰਨ ਉਹਨਾਂ ਦੀ ਲੋਕ ਪ੍ਰਿਯਤਾ ਅਦੁੱਤੀ ਸੀ।

ਉਧਰ ਦਿੱਲੀ ਵਿਚ ਖਵਾਜਾ ਬਖਤਿਆਰ ਕਾਕੀ ਦੇ ਨੌ ਪ੍ਰਮੁੱਖ ਸ਼ਿਸਾਂ ਵਿਚੋਂ ਬਾਬਾ ਸ਼ੇਖ ਫ਼ਰੀਦ ਇਕ ਸਨ ਜਿਹਨਾਂ ਨੇ ਚਿਸ਼ਤੀ ਸੰਪਰਦਾਇ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਅਦੁੱਤੀ ਯੋਗਦਾਨ ਪਾਇਆ ਤੇ ਆਪਣੀ ਮਿੱਠੀ ਜ਼ੁਬਾਨ, ਪਿਆਰ ਤੇ ਸਾਦਗੀ ਨਾਲ ਇਸ ਨੂੰ ਸ਼ਿਖਰ ਤੇ ਪਹੁੰਚਾਇਆ। ਜੋ ਕੰਮ ਔਰੰਗਜ਼ੇਬ ਤਲਵਾਰ ਨਾਲ ਨਾ ਕਰ ਸਕਿਆ, ਬਾਬਾ ਫਰੀਦ ਨੇ ਉਸ ਨੂੰ ਪਿਆਰ ਤੇ ਮਿੱਠੇ ਬੋਲਾਂ ਨਾਲ ਕਰ ਵਿਖਾਇਆ। ਬਾਬਾ ਫਰੀਦ ਨੇ ਚਿਸ਼ਤੀ ਸੰਪਰਦਾਇ ਨੂੰ ਭਾਰਤ ਵਿਚ ਇਕ ਨਿਸ਼ਚਿਤ ਰੂਪ ਪ੍ਰਦਾਨ ਕੀਤਾ। ਉਹਨਾਂ ਦੇ ਸ਼ਿਸ਼ਾਂ ਵਿਚੋਂ ਹਜ਼ਰਤ ਜਮਾਲ ਹਾਂਸਵੀ, ਹਜ਼ਰਤ ਨਿਜ਼ਾਮੁੱਦੀਨ ਔਲੀਆਂ, ਹਜ਼ਰਤ ਅਲੀ, ਸ਼ੇਖ ਅਦਰੁਦੀਨ ਇਸ਼ਹਾਕ ਤੇ ਸ਼ੇਖ ਆਰਿਫ ਆਦਿ ਪ੍ਰਸਿੱਧ ਸੂਫ਼ੀ ਸੰਤ ਹੋਏ।

ਬਾਬਾ ਫਰੀਦ ਤੋਂ ਬਾਅਦ ਨਿਜਾਮ-ਉਦ-ਦੀਨ ਔਲੀਆਂ ਇਸ ਸੰਪਰਦਾਇ ਦੇ ਪ੍ਰਸਿੱਧ ਸੂਫ਼ੀ ਹੋਏ ਜੋ ਬਾਬਾ ਫਰੀਦ ਦੇ ਮੁਰੀਦ ਸਨ ਅਤੇ ਇਕ ਸਿਦਕਵਾਨ, ਤਪੱਸਿਆਸ਼ੀਲ ਤਿਆਗੀ ਸੰਤ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਜੇ ਕੋਈ ਵਿਅਕਤੀ ਭੋਜਨ ਥੋੜਾ ਖਾਵੇ,ਘੱਟ ਬੋਲੇ, ਘੱਟ ਮੇਲ ਜੋਲ ਰੱਖੇ ਅਤੇ ਘੱਟ ਸੋਵੇ ਤਾਂ ਉਹ ਸੂਫ਼ੀ ਸਾਧਨਾਂ ਵਿਚ ਕਮਾਲ ਹਾਸਲ ਕਰ ਸਕਦਾ ਹੈ। ਔਲੀਆ ਸਾਹਿਬ ਦੀ ਵੀ ਕੋਈ ਵਿਸ਼ੇਸ਼ ਰਚਨਾ ਪ੍ਰਾਪਤ ਨਹੀਂ ਹੁੰਦੀ। ਉਹਨਾਂ ਦਾ ਇਕ ਮੁਰੀਦ ਹਬਨ ਸਿਜਜੀ ਇਕ ਰਮਤਾ ਕਵੀ ਸੀ ਜਿਸ ਨੇ ਆਪਣੇ ਮੁਰਸ਼ਦ ਦੇ ਮੂੰਹੋਂ ਨਿਕਲੇ ਬਚਨਾਂ ਨੂੰ ਲਿਖਤ ਰੂਪ ਦਿੱਤਾ। ਇਸ ਦੇ ਸੰਗ੍ਰਹਿ ਦਾ ਨਾਮ 'ਫਵਾਇਦ-ਉਲ-ਫੁਵਾਦ' ਹੈ। ਔਲੀਆ ਸਾਹਿਬ ਦਾ ਇਕ ਹੋਰ ਮੁਰੀਦ ਅਮੀਰ ਖੁਸਰੋ ਬਹੁਤ ਵੱਡਾ ਵਿਦਵਾਨ ਅਤੇ ਕਾਵਿ ਕਲਾ ਵਿਚ ਪ੍ਰਵੀਨ ਵਿਅਕਤੀ ਸੀ। ਉਸਨੇ ਵੀ ਆਪਣੇ ਮੁਰਸ਼ਦ ਦੇ ਪ੍ਰਵਚਨ ਇਕੱਤਰ ਕੀਤੇ ਤੇ ਅੱਜ ਵੀ 'ਅਫਵਲ-ਉਲ-ਫਵਾਇਦ' ਦੇ ਰੂਪ ਵਿਚ ਲਾਇਬ੍ਰੇਰੀਆਂ ਵਿਚ ਉਪਲਬਧ ਹਨ। ਸੂਫ਼ੀ ਸੰਪ੍ਰਦਾਵਾਂ ਵਿਚ ਇਹ ਇਕ ਅਜਿਹੀ ਸੰਪ੍ਰਦਾਇ ਹੈ ਜਿਸ ਦਾ ਕੇਂਦਰ ਭਾਰਤ ਦੇ ਹਰ ਭਾਗ ਵਿਚ ਕਾਇਮ ਹੋਇਆ ਤੇ ਇਹਨਾਂ ਕੇਂਦਰਾਂ ਨੇ ਹਿੰਦੂਆਂ ਮੁਸਲਮਾਨਾਂ ਨੂੰ ਸਮਾਨ ਰੂਪ ਵਿਚ ਆਪਣੇ ਵੱਲ ਖਿੱਚਿਆ।

ਚਿਸ਼ਤੀ ਸੰਪਰਦਾਇ ਦੇ ਸੂਫੀ, ਚਿੱਲੇ ਕਟਦੇ (ਅਰਥਾਤ ਚਾਲੀ ਦਿਨ ਕਿਸੇ ਕਮਰੇ ਜਾਂ ਮਸੀਤ ਵਿਚ ਬੰਦਗੀ ਵਿਚ ਕਟਦੇ)। ਘੱਟ ਖਾਂਦੇ ਸਨ ਤੇ ਰਾਤ ਦਿਨ ਸਿਮਰਨ ਵਿਚ ਜੁਟੇ ਰਹਿੰਦੇ ਸਨ। ਲੋੜ ਤੋਂ ਬਿਨਾਂ ਬੋਲਦੇ ਨਹੀਂ ਸਨ। ਸ਼ਹਿਨਸ਼ੀਲਤਾ ਇਹਨਾਂ ਦਾ ਮੁੱਖ ਗੁਣ ਹੈ। ਬਾਬਾ ਫਰੀਦ ਅਨੁਸਾਰ ਇਕ ਦਰਵੇਸ਼ ਵਿਚ ਅਜਿਹੀ ਸ਼ਹਿਨਸ਼ੀਲਤਾ ਹੋਣੀ ਚਾਹੀਦੀ ਹੈ ਕਿ ਜੇ ਕੋਈ ਨੰਗੀ ਤਲਵਾਰ ਵੀ ਗਰਦਨ ਉੱਪਰ ਰੱਖ ਦੇਵੇ ਤਾਂ ਦਰਵੇਸ਼ ਨਾ ਉਸ ਨੂੰ ਮੰਦਾ ਬੋਲੇ ਅਤੇ ਨਾ ਉਸ ਨੂੰ ਬਦ-ਦੁਆ ਦੇਵੇ। ਨਮਾਜ਼ ਰੋਜ਼ਾ ਅਤੇ ਸ਼ਰਾ ਦੇ ਪਾਬੰਦ ਸਨ। ਹਜ਼ਰਤ ਬਖਤਿਆਰ ਕਾਕੀ ਦੇ ਸ਼ਾਗਿਰਦ ਸ਼ੇਖ ਫਰੀਦ ਨੂੰ ਰਾਗਾਂ ਦਾ ਸ਼ੌਕੀਨ ਹੋਣਾ ਮੰਨਿਆ ਜਾਂਦਾ ਹੈ। ਹੱਕ ਹਲਾਲ ਦੀ ਕਮਾਈ, ਖਿਮਾਸ਼ੀਲਤਾ,

ਇਕ ਰੱਬ ਵਿਚ ਵਿਸ਼ਵਾਸ, ਨੇਕੀ, ਸਬਰ ਆਪਣੇ ਪ੍ਰਣ ਪੂਰੇ ਕਰਨੇ, ਦਾਨ ਦੇ ਕੇ ਨਾ ਜਤਾਓ, ਮਾਤਾ ਪਿਤਾ ਦੀ ਸੇਵਾ, ਸੰਸਾਰਿਕ ਮੋਹ ਤਿਆਗਣਾ, ਵਿਦਵਾਨਾਂ ਦਾ ਸਤਿਕਾਰ, ਕੁਰਾਨ ਨੂੰ ਰੱਬੀ ਬਾਣੀ ਮੰਨਣਾ, ਖੁਦਾ ਦੀ ਜਾਤ ਵਿਚ ਕਿਸੇ ਨੂੰ ਭਾਗੀਦਾਰ ਨਾ ਮੰਨਣਾ, ਬੁਰਾ ਨਾ ਕਰੋ, ਬੁਰਾ ਨਾ ਸੁਣੋ। ਕਬਰਸਤਾਨ ਵਿਚ ਬੈਠ ਕੇ ਭੋਜਨ ਛਕਣਾ ਤੇ ਸ਼ਮਸ਼ਾਨ ਘਾਟ ਵਿਚ ਹੱਸਣਾ ਵੱਡਾ ਪਾਪ ਹੈ। ਹੰਕਾਰ, ਚੁਗਲੀ, ਨਿੰਦਿਆਂ ਆਦਿ ਤੋਂ ਬਚਣਾ ਆਦਿ ਇਹਨਾਂ ਸੂਫ਼ੀਆਂ ਦੇ ਮੁੱਖ ਗੁਣ ਸਨ।

## ਬਾਬਾ ਫਰੀਦ : ਜੀਵਨ ਰਚਨਾ ਤੇ ਸਿੱਖਿਆ

ਸ਼ੇਖ ਫ਼ਰੀਦ ਦਾ ਪੂਰਾ ਨਾਂ ਸ਼ੇਖ ਫਰੀਦ-ਉਦ-ਦੀਨ ਮਸਊਦ ਗੰਜ-ਏ-ਸ਼ਕਰ ਸੀ। ਉਹ ਆਪਣੇ ਭਗਤੀ ਭਾਵ ਸਦਕਾ ਪੰਜਾਬ ਤਥਾ ਸਮੁੱਚੇ ਭਾਰਤ ਵਿਚ ਬਹੁਤ ਪ੍ਰਸਿੱਧ ਸਨ। ਆਪ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹੇ ਹੋਣਾ ਜਿਥੇ ਆਪ ਦੀ ਹਰਮਨ ਪਿਆਰਤਾ ਦਾ ਪ੍ਰਗਟਾਵਾ ਕਰਦੀ ਹੈ ਉੱਥੇ ਆਪਦੀ ਧਾਰਮਿਕ ਉੱਚਤਾ ਦਾ ਵੀ ਪ੍ਰਤੱਖ ਪ੍ਰਮਾਣ ਹੈ। ਆਪ ਆਪਣੀ ਮਿੱਠੀ, ਸ਼ੁੱਧ ਤੇ ਠੇਠ ਪੰਜਾਬੀ ਬੋਲੀ ਸਦਕਾ ਪੰਜਾਬੀਆਂ ਵਿਚ ਅਥਵਾ ਹਿੰਦੂਆਂ ਵਿਚ ਬਹੁਤ ਸਤਿਕਾਰੇ ਜਾਂਦੇ ਸਨ। ਭਾਵੇਂ ਆਪ ਸਦਭਾਵਨਾ ਵਾਲੇ ਫ਼ਕੀਰ ਸਮਝੇ ਜਾਂਦੇ ਸਨ ਪ੍ਰੰਤੂ ਆਪ ਪੀਰ ਮੁਰਸ਼ਦ ਖੁਆਜ਼ਾ ਕੁਤਬ-ਵੁਦ-ਦੀਨ ਬਖਤਿਆਰ ਕਾਕੀ ਦੇ ਵਰੋਸਾਏ ਹੋਏ ਅਤੇ ਇਸਲਾਮ ਦੇ ਬਹੁਤ ਵੱਡੇ ਪ੍ਰਚਾਰਕ ਵੀ ਸਨ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਮੁਲਤਾਨ ਤੋਂ ਲੈ ਕੇ ਦਿੱਲੀ ਤੱਕ ਦੇ ਵਧੇਰੇ ਰਾਜਪੂਤ ਅਤੇ ਬਹੁਤ ਸਾਰੇ ਹਿੰਦੂ ਆਪ ਦੇ ਪ੍ਰਭਾਵ ਸਦਕਾ ਹੀ ਮੁਸਲਮਾਨ ਬਣੇ ਸਨ। ਇਹ ਵੀ ਸੱਚ ਹੈ ਕਿ ਆਪਦੀ ਮਿੱਠੀ ਜ਼ਬਾਨ ਅਤੇ ਪਿਆਰ ਭਰੇ ਵਰਤਾਉ ਸਦਕਾ ਭਾਰਤ ਵਿਚ ਇਸਲਾਮ ਦਾ ਜੋ ਵਾਧਾ ਹੋਇਆ ਉਹ ਔਰੰਗਜ਼ੇਬੀ ਤਲਵਾਰ ਨਾਲ ਨਹੀਂ ਹੋ ਸਕਿਆ।

ਸ਼ਮਸ਼ੇਰ ਸਿੰਘ ਅਸ਼ੋਕ ਨੇ ਆਪ ਦੇ ਨਾਂ ਨਾਲ ਜੋੜੇ ਜਾਂਦੇ ਸ਼ਬਦ 'ਸ਼ੇਖ' ਬਾਰੇ ਲਿਖਦਿਆਂ ਇਨ੍ਹਾਂ ਦੀ ਪੰਜਾਬੀ ਪਦਵੀ ਬਾਬਾ ਨੂੰ ਹੀ ਸਵੀਕਾਰਿਆ ਹੈ ਭਾਵੇ ਖੁਆਜਾ ਹਸਨ ਨਿਜ਼ਾਮੀ ਨੇ ਆਪ ਨੂੰ ਸੱਯਦ ਸਿੱਧ ਕੀਤਾ ਹੈ। ਸ਼ੇਖ ਫਰੀਦ ਦਾ ਸਮਾਂ ਈਸਾ ਦੀ 12ਵੀਂ ਸਦੀ ਹੈ। ਤਜਕਰਾ ਫਰੀਬੀਆਂ ਦੀ ਲਿਖਤ ਮੁਜਬ ਫਰੀਦ ਜੀ ਸ਼ੇਖ ਫਾਰੂਕੀ ਸਨ (ਦੇਖੋ ਹਸਤ ਬੇਹਿਸਤ, ਸਫ਼ਾ 129) ਪਰ ਖੁਆਜ਼ਾ ਹਸਨ ਨਿਜ਼ਾਮੀ ਦੇ ਕਥਨ ਅਨੁਸਾਰ ਬਾਬਾ ਸਾਹਿਬ ਸਯੱਦ ਸਨ, ਫਾਰੂਕੀ ਸ਼ੇਖ ਨਹੀਂ ਸਨ ਕਿਉਂਕਿ ਪੁਰਾਣੀਆਂ ਕਿਤਾਬਾਂ ਵਿਚ ਤਮਾਮ ਖੁਆਜਗਾਨ ਸੂਫ਼ੀਆਂ ਨੂੰ ਸ਼ੇਖ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਸੀ, ਚਾਹੇ ਉਹ ਸੱਯਦ ਹੋਣ ਜਾਂ ਮੁਗਲ ਹੋਣ ਜਾਂ ਪਠਾਣ ਹੋਣ ਕਿਉਂਕਿ ਸ਼ੇਖ ਦੇ ਅਰਥ ਬਜ਼ੁਰਗ ਅਤੇ ਸਰਦਾਰ ਦੇ ਲਏ ਜਾਂਦੇ ਸਨ, ਨਸਬ ਦਾ ਉਸ ਦੇ ਨਾਲ ਸਬੰਧ ਨਹੀਂ ਸੀ, ਮਗਰ ਵਰਤਮਾਨ ਸਮੇਂ ਵਿਚ ਨਵੇਂ ਬਣੇ ਮੁਸਲਮਾਨਾਂ ਨੂੰ ਵੀ ਸ਼ੇਖ ਕਹਿੰਦੇ ਹਨ। ਹਜ਼ਰਤ ਅਬੂ ਬਕਰ, ਹਜ਼ਰਤ ਉਸਮਾਨ ਸਾਹਿਬ ਆਦਿ ਦੀ ਉਲਾਦ ਨੂੰ ਸ਼ੇਖ ਕਹਿੰਦੇ ਹਨ। ਫਰੀਦ ਜੀ ਦੀ ਪੰਜਾਬੀ ਪਦਵੀਂ ਬਾਬਾ ਜਾਂ ਬਾਵਾ ਹੈ, ਭਾਵੇਂ ਫਾਰਸੀਦਾਨ ਉਨ੍ਹਾਂ ਦੇ ਨਾਂ ਨਾਲ ਸ਼ੇਖਸ਼ਆਲਮ (ਦੁਨੀਆਂ ਦਾ ਸ਼ੇਖ ਅਥਵਾ ਸਰਦਾਰ) ਜਾਂ ਸ਼ੈਖੇ-ਸਯੁਖ-ਉਲ-ਆਲਮ (ਦੁਨੀਆਂ ਦੇ ਸ਼ੇਖਾਂ ਦਾ ਸ਼ੇਖ) ਵੀ ਜੋੜ ਦੇਂਦੇ ਹਨ। ਸੱਕਰ (ਖੰਡ ਜਾਂ ਮਿਠਾਈ) ਦੇ ਪ੍ਰੇਮੀ ਜਾਂ ਪ੍ਰਾਪਤੀ ਵਾਲੇ ਹੋਣ ਕਰਕੇ ਆਪ ਸ਼ੱਕਰਗੰਜ ਦੇ ਵਿਸ਼ੇਸ਼ ਨਾਂ ਨਾਲ ਪ੍ਰਸਿੱਧ ਹਨ।

### ਖਾਨਦਾਨੀ ਪਿਛੋਕੜ :

ਬਾਬਾ ਫਰੀਦ ਦਾ ਪਿਛੋਕੜ ਕਾਬਲ ਦੇ ਬਾਦਸ਼ਾਹ ਫਰੁੱਖਸ਼ਾਹ ਅਤੇ ਸੁਲਤਾਨ ਇਬਰਾਹੀਮ ਅਦਹਮ ਰਾਹੀਂ ਹਜ਼ਰਤ ਉਮਰ ਨਾਲ ਜਾ ਮਿਲਦਾ ਹੈ। ਬੇਸ਼ਕ ਮੋਲਾਨਾ ਜਮਾਲਉਦੀਨ ਦਿਹਲਵੀ ਆਪਦੇ ਪਿਤਾ ਜਮਾਲਉਦੀਨ ਸੁਲੇਮਾਨ ਦੇ ਸ਼ਹਾਬੁਦੀਨ ਗੋਰੀ ਦੇ ਸਮੇਂ ਕਾਬਲ ਤੋਂ ਲਾਹੌਰ ਆਉਣ ਦਾ ਜ਼ਿਕਰ ਕਰਦਾ ਹੈ ਪ੍ਰੰਤੂ ਸਿਬਤੁਲ ਔਲੀਆ ਦੇ ਕਰਤਾ ਅਨੁਸਾਰ ਬਾਬਾ ਫਰੀਦ ਦੇ ਨਕੜਦਾਦਾ ਫਰੁੱਖ ਸ਼ਾਹ ਕਾਬਲ ਦੇ ਬਾਦਸ਼ਾਹ ਸਨ। ਗਜ਼ਨਵੀਆਂ ਤੋਂ ਪਹਿਲਾਂ ਕਾਬੁਲ ਦੀ ਵੱਖਰੀ ਸਲਤਨਤ ਸੀ। ਜਦੋਂ ਇਹ ਸਲਤਨਤ ਸ਼ਾਹ ਗਜ਼ਨੀ ਦੇ ਅਧੀਨ ਚਲੀ ਗਈ ਤਾਂ ਇਨ੍ਹਾਂ ਦੀ ਰਿਆਸਤ ਦਾ ਸ਼ੀਰਾਜਾ ਬਿਖਰ ਗਿਆ। ਕੁਝ ਸਮਾਂ ਤਾਂ ਫਾਰੁੱਖ ਸ਼ਾਹ ਦੀ ਔਲਾਦ ਕਾਬੁਲ ਵਿਚ ਹੀ ਟਿਕੀ ਰਹੀ ਪਰ ਜਦੋਂ ਚੰਗੇਜ਼ ਖ਼ਾਨ ਵੱਲੋ ਗਜ਼ਨੀ ਨੂੰ ਲੁਟਿਆ ਗਿਆ ਤਾਂ ਬਾਬਾ ਫਰੀਦ ਦੇ ਪੜਦਾਦਾ ਕਾਬਲ ਦੀ ਜੰਗ ਵਿਚ ਸ਼ਹੀਦ ਹੋ ਗਏ। ਆਪਦੇ ਦਾਦਾ ਕਾਜੀ ਸੁਐਧ ਆਪਣੇ ਬਾਲ ਬੱਚਿਆਂ ਸਮੇਤ ਪੰਜਾਬ ਵੱਲ ਆ ਗਏ ਤੇ ਸਭ ਤੋਂ ਪਹਿਲਾਂ ਕਸੂਰ ਆ ਡੇਰਾ ਕੀਤਾ ਜਿੱਥੇ ਕਸੂਰ ਦੇ ਕਾਜ਼ੀ ਵਲੋ ਆਪ ਦੀ ਚੰਗੀ ਆਓ ਭਗਤ ਕੀਤੀ ਗਈ ਅਤੇ ਸਮੇਂ ਦੇ ਹਾਕਮ ਨੂੰ ਵੀ ਆਪਦੀ ਆਮਦ ਬਾਰੇ ਜਾਣਕਾਰੀ ਦਿੱਤੀ ਗਈ ਜਿਸ ਤੇ ਬਾਦਸ਼ਾਹ ਨੇ ਇਨ੍ਹਾਂ ਦੀ ਚੰਗੀ ਟਹਿਲ ਸੇਵਾ ਦੇ ਹੁਕਮ ਦਿੱਤੇ। ਬੇਸ਼ੱਕ ਆਪਦੇ ਦਾਦਾ ਨੇ ਕਿਸੇ ਵੀ ਪ੍ਰਕਾਰ ਦੀ ਧਨ ਦੌਲਤ ਦੀ ਲੋੜ ਤੋਂ ਇਨਕਾਰ ਕੀਤਾ ਪਰ ਫੇਰ ਵੀ ਆਪ ਨੂੰ ਖੋਤਵਾਲ (ਨੇੜੇ ਮੁਲਤਾਨ) ਇਕ ਪਿੰਡ ਦੇ ਦਿੱਤਾ ਗਿਆ ਜਿਸ ਨੂੰ ਉਨ੍ਹਾਂ ਨੇ ਆਪਣਾ ਪੱਕਾ ਟਿਕਾਣਾ ਬਣਾ ਲਿਆ ਪਰ ਮੁਫਤੀ ਗੁਲਾਮ ਸਰਵਰ ਖਜੀਨੁਤਲਿ ਅਸਰੀਆਂ ਵਿਚ ਲਿਖਦਾ ਹੈ ਕਿ ਸ਼ੇਖ ਜਮਾਲੁੱਦੀਨ, ਸੁਲੇਮਾਨ ਮਹਿਮੂਦ ਗਜ਼ਨਵੀ ਦੇ ਖਵਾਹਰਜ਼ਾਦਾ (ਭਾਣਜੇ) ਸਨ ਜੋ ਸੁਲਤਾਨ ਸ਼ਹਾਬੁਦੀਨ ਗੌਰੀ ਦੇ ਸਮੇਂ ਚੰਗੇਜ਼ ਹਮਲਿਆਂ ਦੇ ਕਾਰਨ ਕਾਬਲ ਤੋਂ ਨਿਕਲ ਕੇ ਲਾਹੌਰ ਪਹੁੰਚੇ ਤੇ ਫਿਰ ਕੁਝ ਚਿਰ ਕਸੂਰ ਰਹਿਣ ਤੋਂ ਪਿਛੋਂ ਬਾਦਸ਼ਾਹ ਦੇ ਹੁਕਮ ਨਾਲ ਮੁਲਤਾਨ ਚਲੇ ਗਏ। ਉੱਥੋਂ ਥੋੜ੍ਹੀ ਦੂਰ ਤੇ ਖੇਤੀਵਾਲ (ਖੋਤੇਵਾਲ, ਕੋਠੀਵਾਲ), ਨਗਰ ਵਿਚ ਮੁੱਲਾ ਵਜ਼ੀਰੁਦੀਨ ਖੁਬੰਦੀ ਦੀ ਲੜਕੀ ਜਿਸ ਦਾ ਨਾਂ ਕੁਰਸਮ ਖਾਤੂਨ ਸੀ, ਨਾਲ ਜਮਾਲੁੱਦੀਨ ਸੁਲੇਮਾਨ ਦੀ ਸ਼ਾਦੀ

ਹੋਈ। ਇਸ ਬੀਬੀ ਕੁਰਸਮ ਖਾਤੂਨ ਦੇ ਤਿੰਨ ਲੜਕੇ (1) ਸ਼ੇਖ ਅਜ਼ੀਜ਼ੁਦੀਨ ਮਹਿਮੂਦ (2) ਫਰੀਦੁੱਦੀਨ ਮਸਉਂਦ ਤੇ (3) ਸ਼ੇਖ ਨਜਬੁੱਦੀਨ ਮੁਤਵੱਕਲ ਪੈਦਾ ਹੋਏ। ਇਕ ਰਿਵਾਇਤ ਅਨੁਸਾਰ ਬਾਬਾ ਫਰੀਦ ਦੀ ਮਾਤਾ ਦਾ ਪਿਛੋਕੜ ਹਜ਼ਰਤ ਅਲੀ ਨਾਲ ਜੋੜਿਆ ਜਾਂਦਾ ਹੈ ਅਤੇ ਇਹ ਵੀ ਮੰਨਿਆ ਜਾਂਦਾ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਦੇ ਭਰਾ ਹਜ਼ਰਤ ਅੱਬਾਸ ਦੇ ਖਾਨਦਾਨ ਦੇ ਇਕ ਰੁਕਨ ਮੋਲਵੀ ਵਜ਼ੀਰੁੱਦੀਨ ਖੁੰਜਦੀ ਨੂੰ ਆਪਣੀ ਪਾਲਕ ਧੀ ਬਣਾਇਆ ਸੀ। ਬੀਬੀ ਜੀ ਬੜੇ ਭਗਤੀ ਭਾਵ ਵਾਲੇ ਅਤੇ ਵੱਡੇ ਪਰਹੇਜ਼ਗਾਰ ਸਨ।

## ਵਿੱਦਿਆ ਪ੍ਰਾਪਤੀ

ਪ੍ਰਚਲਿਤ ਰਿਵਾਇਤ ਅਨੁਸਾਰ ਆਪ ਨੂੰ ਮਸੀਤ ਵਿਚ ਪੜ੍ਹਨੇ ਪਾਇਆ ਗਿਆ। ਸਭ ਤੋਂ ਪਹਿਲਾਂ ਆਪ ਨੇ ਕੁਰਾਨ ਜ਼ਬਾਨੀ ਯਾਦ ਕੀਤਾ। ਫੇਰ ਹੋਰ ਜ਼ਰੂਰੀ ਪੁਸਤਕਾਂ ਦਾ ਮੁਤਾਲਿਆ ਕਰਨਾ ਸ਼ੁਰੂ ਕੀਤਾ। ਇਸ ਤੋਂ ਪਿੱਛੋਂ ਆਪ ਮੁਲਤਾਨ ਵਿਖੇ ਹਜ਼ਰਤ ਮੌਲਾਨਾ ਮਿਨਹਾਜੁੱਦੀਨ ਦੇ ਮਕਤਬ ਵਿਚ ਦਾਖਲ ਹੋ ਗਏ। ਪੜ੍ਹਾਈ ਦੇ ਦੌਰਾਨ 16 ਸਾਲ ਦੀ ਉਮਰ ਵਿਚ ਆਪ ਆਪਣੇ ਮਾਪਿਆਂ ਨਾਲ ਮੱਕੇ ਦੇ ਹੱਜ ਲਈ ਗਏ। ਵਾਪਸ ਆ ਕੇ ਫੇਰ ਪੜ੍ਹਾਈ ਵਿਚ ਰੁੱਝ ਗਏ। ਇਕ ਦਿਨ ਆਪ ਨਾਫਾ (ਨਾਫਿਆਂ) ਤਿਰਜ਼ਮੀ ਨਾਂ ਦੀ ਪੁਸਤਕ ਪੜ੍ਹ ਰਹੇ ਸਨ ਕਿ ਉਥੇ ਖੁਆਜਾ ਬੁਖਤਿਆਰ ਕਾਕੀ ਜੀ ਆ ਗਏ ਤੇ ਉਨ੍ਹਾਂ ਫਰੀਦ ਜੀ ਤੋਂ ਪੁਛਿਆ ਕਿ ਉਹ ਕੀ ਪੜ੍ਹ ਰਹੇ ਹਨ ? ਜਿਸ ਦੇ ਉੱਤਰ ਵਿਚ ਫਰੀਦ ਜੀ ਨੇ 'ਨਾਫਾ' (ਨਾਫਿਆ) ਪੜ੍ਹਨ ਬਾਰੇ ਦੱਸਿਆ ਜਿਸ ਤੇ ਬਖਤਿਆਰ ਕਾਕੀ ਜੀ ਨੇ ਖੁਸ਼ ਹੋ ਕੇ ਕਿਹਾ 'ਰੱਬ ਨੇ ਚਾਹਿਆ ਤਾਂ ਨਫਾ ਹੀ ਹੋਵੇਗਾ।'

ਇਸ ਪਹਿਲੀ ਮੁਲਾਕਾਤ ਨਾਲ ਹੀ ਫਰੀਦ ਜੀ ਉਨ੍ਹਾਂ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਦੇ ਮੁਰੀਦ ਹੋ ਗਏ ਤੇ ਉਨ੍ਹਾਂ ਦੇ ਨਾਲ ਹੀ ਦਿੱਲੀ ਜਾਣ ਵਾਸਤੇ ਤਿਆਰ ਹੋ ਗਏ ਪਰ ਖਵਾਜਾ ਸਾਹਿਬ ਨੇ ਹੁਕਮ ਦਿੱਤਾ ਕਿ ਪਹਿਲਾਂ ਪੂਰੀ ਵਿੱਦਿਆ ਹਾਸਲ ਕਰੋ, ਫੇਰ ਤਸੱਵੁਫ ਵਲ ਧਿਆਨ ਦੇਣਾ, ਕਿਉਂਕਿ ਜਾਹਲ ਸੂਫ਼ੀ ਇਕ ਮਖੌਲੀਏ ਤੋਂ ਵੱਧ ਹੈਸੀਅਤ ਨਹੀਂ ਰੱਖਦਾ। ਮੁਰਸ਼ਦ ਦੇ ਹੁਕਮ ਮੁਤਾਬਿਕ ਆਪ ਨੇ ਪਹਿਲਾਂ ਮੁਲਾਤਾਨ ਤੇ ਫੇਰ ਕੰਧਾਰ ਤੋਂ ਦੁਨਿਆਵੀ ਵਿੱਦਿਆ ਪ੍ਰਾਪਤ ਕੀਤੀ ਅਤੇ ਇਸ ਤੋਂ ਪਿਛੋਂ ਆਪ ਅਫਗਾਨਿਸਤਾਨ ਤੋਂ ਇਰਾਕ ਹੁੰਦੇ ਹੋਏ ਬਗਦਾਦ ਪੁੱਜੇ, ਜਿੱਥੇ ਆਪ ਦਾ ਮੇਲ ਹਜ਼ਰਤ ਸ਼ਹਾਬੁੱਦੀਨ ਉਮਰ ਸੁਹਰਾਵਰਦੀ, ਸੈਬੁੱਦੀਨ ਬਾਖਰਜੀ, ਬਹਾਉਦੀਨ ਜਕਰੀਆ, ਸਾਅਦੀ ਜਮਵੀ ਅਤੇ ਫਰੀਦ-ਉਦੀਨ ਅੱਤਾਰ ਨੇਸਾਪੁਰੀ ਵਰਗੇ ਬਜ਼ੁਰਗਾਂ ਨਾਲ ਹੋਇਆ, ਜਿਨ੍ਹਾਂ ਦੀ ਸੰਗਤ ਸਦਕਾ ਆਪ ਨੇ ਦਿਲ ਦੀ ਸਫਾਈ ਦੀ ਜਾਚ ਸਿਖੀ। ਬਗਦਾਦ ਉਹਨਾਂ ਦਿਨਾਂ ਵਿਚ ਅਰਬੀ ਤੇ ਇਸਲਾਮੀ ਫਲਸਫੇ ਦਾ ਬਹੁਤ ਵੱਡਾ ਕੇਂਦਰ ਸੀ, ਜਿਥੇ ਦੁਨੀਆਂ ਦੇ ਬਹੁਤ ਸਾਰੇ ਹਿੱਸਿਆਂ ਤੋਂ ਸਿੱਖਿਆ ਪ੍ਰਾਪਤ ਕਰਨ ਦੇ ਅਭਿਲਾਸ਼ੀ ਆਉਂਦੇ ਅਤੇ ਸਿੱਖਿਆ ਪ੍ਰਾਪਤੀ ਤੋਂ ਪਿੱਛੋਂ ਪ੍ਰਮਾਣ ਪੱਤਰ ਪ੍ਰਾਪਤ ਕਰਕੇ ਵਾਪਸ ਪਰਤਦੇ। ਬਾਬਾ ਫਰੀਦ ਜੀ ਵੀ ਸਿੱਖਿਆ ਪ੍ਰਾਪਤੀ ਤੋਂ ਬਾਅਦ ਵੱਖ-ਵੱਖ ਇਲਾਕਿਆ ਦੀ ਯਾਤਰਾ ਕਰਦੇ ਹੋਏ ਮੱਕੇ ਹੋ ਕੇ ਹਿੰਦੁਸਤਾਨ ਵਾਪਸ ਪਰਤੇ ਅਤੇ ਆਪਣੇ ਮੁਰਸ਼ਦ ਦੀ ਦਰਗਾਹ ਵਿਚ ਹਾਜ਼ਰ ਹੋਏ।

ਭਾਰਤ ਵਿਚ ਦਿੱਲੀ ਤੇ ਅਜਮੇਰ ਸੂਫ਼ੀਮਤ ਦੇ ਦੋ ਵੱਡੇ ਕੇਂਦਰ ਸਨ। ਅਜਮੇਰ ਵਿਚ ਖੁਆਜਾ ਮੁਈਨੁੱਦੀਨ ਚਿਸ਼ਤੀ ਅਤੇ ਦਿੱਲੀ ਵਿਚ ਖਵਾਜਾ ਬਖਤਿਆਰ ਕਾਕੀ ਜੀ ਦੀ ਬਹੁਤ ਪ੍ਰਸਿੱਧੀ ਸੀ। ਫਰੀਦ ਜੀ ਆਪਣੇ ਮੁਰਸ਼ਦ ਪਾਸ ਆ ਹਾਜ਼ਰ ਹੋਏ ਅਤੇ ਇੱਥੇ ਗਜ਼ਨੀ ਦਰਵਾਜ਼ੇ ਕੋਲ ਇਕ ਹੁਜਰੇ ਵਿਚ ਰਹਿ ਕੇ ਆਪਣੇ ਪੀਰ ਦੀ ਥਾਪਣਾ ਸਦਕਾ ਜੁਹਦ ਕਮਾਉਣ ਲੱਗੇ। ਪੂਰੀ ਨਿਰਖ ਖਰਖ ਤੋਂ ਪਿਛੋਂ ਪੀਰ ਜੀ ਨੇ ਆਪ ਨੂੰ ਖਿਲਅਤ ਦਾ ਚੋਲਾ ਬਖਸ਼ ਦਿੱਤਾ। ਲੋਕ ਹਜ਼ਾਰਾਂ ਦੀ ਗਿਣਤੀ ਵਿਚ ਆਪਣੀ ਆਤਮਿਕ ਸ਼ਾਂਤੀ ਲਈ ਫ਼ਰੀਦ ਜੀ ਕੋਲ ਆਉਣ ਲੱਗੇ। ਬੇਸ਼ਕ ਬਾਬਾ ਫਰੀਦ ਕਾਫ਼ੀ ਸੰਕੋਚ ਕਰਦੇ ਸਨ ਤੇ ਭਗਤੀ ਵਿਚ ਮਸਤ ਰਹਿਣ ਦੇ ਇੱਛਕ ਸਨ ਪਰ ਸ਼ਰਧਾਲੂਆਂ ਦਾ ਹਰ ਵੇਲੇ ਤਾਂਤਾ ਲਗਿਆ ਰਹਿੰਦਾ। ਫਰੀਦ ਜੀ ਇਸ ਵੱਡੇ ਭੀੜ ਭੜੱਕੇ ਤੋਂ ਬਚਣ ਦੇ ਆਸੇ ਨਾਲ ਪੀਰ ਜੀ ਦੀ ਆਗਿਆ ਨਾਲ ਦਿੱਲੀ ਤੋਂ ਹਾਂਸੀ ਚਲੇ ਗਏ ਪਰ ਉਥੇ ਵੀ ਥੋੜੀ ਦੇਰ ਹੀ 'ਆਪ ਸੁੱਖ ਨਾਲ ਟਿਕ ਸਕੇ। ਬਹੁਤ ਛੇਤੀ ਹੀ ਸ਼ਰਧਾਲੂਆਂ ਅਤੇ ਲੋੜਵੰਦਾਂ ਦੀ ਭੀੜ ਵੱਧਣ ਲੱਗੀ। ਫਰੀਦ ਜੀ ਇਸ ਭੀੜ ਭੜੱਕੇ ਤੋਂ ਬੇਸ਼ਕ ਬਚਣਾ ਚਾਹੁੰਦੇ ਸਨ ਪਰ ਆਪ ਪੀਰ ਦੇ ਹੁਕਮ ਅਨੁਸਾਰ ਕਾਫੀ ਸਮੇਂ ਤੱਕ ਹਾਂਸੀ ਟਿਕੇ ਰਹੇ ਅਤੇ ਫੇਰ ਪੀਰ ਜੀ ਦੇ ਹੁਕਮ ਮੁਤਾਬਕ ਅਜੋਧਨ ਜਿਸ ਨੂੰ ਅੱਜਕੱਲ ਪਾਕਪਟਨ ਕਿਹਾ ਜਾਂਦਾ ਹੈ ਆ ਟਿਕੇ। ਇਹ ਥਾਂ ਆਪ ਨੂੰ ਬਹੁਤ ਪਸੰਦ ਆਈ ਕਿਉਂਕਿ ਇਸ ਇਲਾਕੇ ਦੇ ਲੋਕ ਆਮ ਕਰਕੇ ਅੱਖੜ ਅਤੇ ਰੁੱਖੇ ਸੁਭਾਅ ਦੇ ਸਨ। ਇਹਨਾ ਵਿੱਚ ਧਾਰਮਿਕ ਭਾਵਨਾ ਕੋਈ ਬਹੁਤੀ ਨਹੀਂ ਸੀ ਪ੍ਰੰਤੂ ਇਹ ਉੱਕਾ ਨਾਸਤਿਕ ਵੀ ਨਹੀਂ ਸਨ ਤੇ ਨਾ ਹੀ ਪੀਰਾਂ ਫਕੀਰਾਂ ਉੱਪਰ ਕੋਈ ਸ਼ਰਧਾ ਰੱਖਦੇ ਸਨ। ਫਰੀਦ ਜੀ ਨੂੰ ਇਸ ਦਾ ਲਾਭ ਇਹ ਹੋਇਆ ਕਿ ਉਨ੍ਹਾਂ ਨੂੰ ਇਕਾਂਤ ਵਿਚ ਭਗਤੀ ਕਰਨ ਦਾ ਮੌਕਾ ਮਿਲ ਗਿਆ। ਬਹੁਤ ਦੇਰ ਉਹ ਅਜੋਧਨ ਵਿਖੇ ਦਰਖ਼ਤਾਂ ਦੇ ਪੱਤੇ, ਪੀਝੂ ਅਤੇ ਹੋਰ ਜੰਗਲੀ ਫਲ ਖਾ ਕੇ ਗੁਜ਼ਾਰਾ ਕਰਦੇ ਰਹੇ। ਇੱਥੋਂ ਹੀ ਉਨ੍ਹਾਂ ਦੇ ਜੀਵਨ ਨਾਲ ਉਨ੍ਹਾਂ ਦੀ ਕਰੜੀ ਤਪੱਸਿਆ ਸਦਕਾ ਬਾਰਾਂ ਸਾਲ ਰੋਟੀ ਨਾ ਖਾਣ ਅਤੇ ਬਾਰਾਂ ਸਾਲ ਖੂਹ ਵਿਚ ਪੁੱਠੇ ਲਟਕਣ ਵਰਗੀਆਂ ਗੱਲਾਂ ਜੁੜੀਆਂ ਕਿਉਂਕਿ ਇੱਥੇ ਉਹ ਬਹੁਤ ਕਠਨ ਤਪੱਸਿਆ ਵਿਚ ਦੀ ਗੁਜਰੇ ਤੇ ਰੱਬ ਦੀ ਭਗਤੀ ਵਿਚ ਮਸਤ ਰਹਿੰਦੇ ਸਨ। ਪਰ ਉਹ ਦੁਨੀਆਂ ਤੋਂ ਬਿਲਕੁਲ ਅਲੱਗ ਥਲੱਗ ਹੋ ਕੇ ਨਹੀਂ ਸਨ ਵਿਚਰੇ ਰਹੇ।

ਬਾਬਾ ਫਰੀਦ ਜੀ ਰਾਗ ਅਤੇ ਸੰਗੀਤ ਦੇ ਵੀ ਸ਼ੌਕੀਨ ਸਨ ਅਤੇ ਉਨ੍ਹਾਂ ਦੀ ਸੰਗਤ ਵਿਚ ਕੁਝ ਹੋਰ ਬੰਦੇ ਵੀ ਸਨ ਜਿਹੜੇ ਰਾਗ ਤੇ ਸੰਗੀਤ ਦੇ ਬਹੁਤ ਸ਼ੌਕੀਨ ਸਨ ਅਤੇ ਲੋੜ ਪੈਣ ਤੇ ਆਪ ਹੀ ਰੱਬੀ ਪਿਆਰ ਦੇ ਗੀਤ ਗਾ ਕੇ ਮਹਿਫਲ ਨੂੰ ਗਰਮਾਉਂਦੇ ਰਹਿੰਦੇ ਸਨ ਜਿਸ ਕਰਕੇ ਅਜੋਧਨ ਦਾ ਕਾਜ਼ੀ ਸਹਾਬੁਉਦੀਨ, ਜੋ ਇਕ ਕੱਟੜ ਮੁਸਲਮਾਨ ਸੀ ਅਤੇ ਰਾਗ ਰੰਗ ਦੇ ਵਿਰੁੱਧ ਸੀ, ਬਾਬਾ ਜੀ ਦੇ ਵਿਰੁੱਧ ਹੋ ਗਿਆ। ਪਹਿਲਾਂ ਉਸ ਨੇ ਅਜੋਧਨ ਦੇ ਸਰਦਾਰਾਂ ਤੇ ਜਗੀਰਦਾਰਾਂ ਨੂੰ ਬਾਬਾ ਜੀ ਵਿਰੁੱਧ ਇਹ ਆਖ ਕੇ ਕਿ ਫਰੀਦ ਸ਼ਰਾ ਦੇ ਉਲਟ ਰਾਗ ਰੰਗ ਦੀਆਂ ਮਹਿਫਲਾਂ ਲਾਉਂਦਾ ਹੈ ਭੜਕਾਇਆ ਤੇ ਉਥੋਂ ਕਢਵਾ ਦੇਣ ਦਾ ਯਤਨ ਕਰਨ ਲੱਗਾ। ਜਦ ਉਹ ਆਪਣੀ ਇਸ ਸਕੀਮ ਵਿਚ ਸਫਲ ਨਾ ਹੋਇਆ ਤਾਂ ਹਾਕਮ ਮੁਲਤਾਨ ਪਾਸ ਸ਼ਿਕਾਇਤ ਜਾ ਕੀਤੀ ਪਰ ਇਸ ਦਾ ਵੀ ਉਸ ਨੂੰ ਕੋਈ ਲਾਭ ਨਾ ਹੋਇਆ। ਸਗੋਂ ਹਾਕਮ ਮੁਲਤਾਨ ਉਸ ਦੀਆਂ ਝੂਠੀਆਂ ਤੂਹਮਤਾਂ ਸਦਕਾ ਨਰਾਜ਼ ਹੋ ਗਿਆ। ਜਦੋਂ ਕੋਈ ਚਾਰਾ ਚਲਦਾ ਨਾ ਦਿੱਸਿਆ ਤਾਂ ਉਸ ਨੇ ਇਕ ਕਲੰਦਰ ਨੂੰ ਰਿਸ਼ਵਤ ਦੇ ਕੇ ਬਾਬਾ ਜੀ ਨੂੰ ਕਤਲ ਕਰਵਾਉਣ ਦਾ ਯਤਨ ਕੀਤਾ ਜਿਸ ਦਾ ਭੇਦ ਖੁੱਲ੍ਹ ਗਿਆ ਅਤੇ ਕਲੰਦਰ ਦਰਿਆ ਵਿਚ ਡੁੱਬ ਕੇ ਮਰ ਗਿਆ। ਪਰ ਕਾਜ਼ੀ ਦੇ ਗੁੱਸੇ ਤੇ ਈਰਖਾ ਦੀ ਅੱਗ ਅਜੇ ਵੀ ਮੱਠੀ ਨਹੀਂ ਸੀ ਹੋਈ। ਉਸ ਨੇ ਬਾਬਾ ਫਰੀਦ ਦੇ ਇਕ ਲੜਕੇ ਅਤੇ ਕਿਸੇ ਹੋਰ ਨਿਕਟ ਸੰਬੰਧੀ ਦੀ ਹੱਤਕ ਕਰ ਦਿੱਤੀ। ਇਸ ਬਾਰੇ ਬਾਬਾ ਫਰੀਦ ਜੀ ਨੇ ਕੋਈ ਬਦ-ਦੁਆ ਦਿੱਤੀ ਜਿਸ ਸਦਕਾ ਉਸ (ਕਾਜ਼ੀ) ਦੇ ਪੇਟ ਵਿਚ ਸਖਤ ਦਰਦ ਹੋਇਆ, ਜਿਸ ਦਾ ਕੋਈ ਇਲਾਜ ਨਾ ਹੋ ਸਕਿਆ। ਕੁਝ ਸਿਆਣੇ ਲੋਕਾਂ ਦੇ ਮੱਤ ਦੇਣ ਤੇ ਜਦ ਉਹ ਬਾਬਾ ਫਰੀਦ ਪਾਸੋਂ ਮੁਆਫੀ ਮੰਗਣ ਲਈ ਦਰਗਾਹ ਵਲ ਚਲਿਆ ਤਾਂ ਰਸਤੇ ਵਿਚ ਹੀ ਦਮ ਤੋੜ ਗਿਆ। ਬਾਬਾ ਫਰੀਦ ਨੂੰ ਜ਼ਿੰਦਗੀ ਵਿਚ ਬਹੁਤ ਸਾਰੀਆਂ ਸਮਾਜਿਕ ਤੇ ਘਰੇਲੂ ਔਕੜਾਂ ਦਾ ਸਾਹਮਣਾ ਕਰਨਾ ਪਿਆ ਪਰ ਆਪ ਆਪਣੀ ਭਗਤੀ ਵਿਚ ਪੂਰੀ ਦ੍ਰਿੜਤਾ ਨਾਲ ਲੱਗੇ ਰਹੇ ਜਿਸ ਦੇ ਫਲਸਰੂਪ ਉਨ੍ਹਾਂ ਨੂੰ ਅਨੇਕਾਂ ਪ੍ਰਕਾਰ ਦੇ ਲਕਬਾਂ ਨਾਲ ਯਾਦ ਕੀਤਾ ਜਾਂਦਾ ਹੈ। ਜਵਾਹਰੇ ਫਰੀਦੀ ਅਨੁਸਾਰ ਆਪ ਨੂੰ 99 ਲਕਬ਼ ਪ੍ਰਾਪਤ ਸਨ। ਆਪਣੇ ਦ੍ਰਿੜ੍ਹ ਵਿਸ਼ਵਾਸ ਅਤੇ ਕਰੜੀ ਤਪ ਸਾਧਨਾਂ ਕਰਦਿਆਂ ਫਰੀਦ ਜੀ ਅੰਤ 1266 ਈ. ਵਿਚ ਪ੍ਰਲੋਕ ਸਿਧਾਰ ਗਏ। ਬੇਸ਼ਕ ਫਾਰਸੀ ਦੀਆਂ ਕਈ ਪੁਸਤਕਾਂ ਵਿਚ ਆਪ ਦੇ ਅਕਾਲ ਚਲਾਣੇ ਦੀਆਂ ਤਾਰੀਖਾਂ ਵੱਖ-ਵੱਖ ਲਿਖੀਆਂ ਹੋਈਆਂ ਮਿਲਦੀਆਂ ਹਨ ਜੋ ਬਹੁਤ ਭੁਲੇਖਾ ਪਾਉ ਹਨ ਪ੍ਰੰਤੂ ਪ੍ਰਚਲਤ ਇਹ ਹੀ ਹੈ ਅਤੇ ਠੀਕ ਵੀ ਹੈ ਕਿ ਬਾਬਾ ਫਰੀਦ ਤਕਰੀਬਨ 94-95 ਸਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ ਸਨ।

## ਪਰਿਵਾਰ

ਬਾਬਾ ਫਰੀਦ ਜੀ ਗ੍ਰਿਹਿਸਥੀ ਫਕੀਰ ਸਨ। ਉਨ੍ਹਾਂ ਦੀਆਂ ਚਾਰ ਸ਼ਾਦੀਆਂ ਸਨ (1) ਸੁਲਤਾਨ ਬਲਬਨ ਦੀ ਪੁੱਤਰੀ ਹਜ਼ਬਰਾ (ਹਾਜ਼ਿਰਾ) (2) ਬੀਬੀ ਸਾਰਦਾ (ਸਾਰਹ) (3) ਤੀਜੀ ਬੀਬੀ ਸ਼ਕੂਰਾ (4) ਇਕ ਸ਼ਾਦੀ ਇਕ ਵਿਧਵਾ ਕਰਸੁਮ ਨਾਲ ਹੋਈ ਸੀ। ਅਸਲ ਵਿਚ ਬੀਬੀ ਸਾਰਦਾ ਅਤੇ ਬੀਬੀ ਸ਼ਕੂਰਾ, ਹਜੁਬਰਾ (ਹਾਜ਼ਿਰਾ) ਦੀਆਂ ਟਹਿਲਣਾਂ ਸਨ ਜੋ ਉਸ ਦੇ ਨਾਲ ਹੀ ਆਈਆਂ ਸਨ। ਇਕ ਪ੍ਰਚਲਤ ਧਾਰਨਾ ਅਨੁਸਾਰ ਇਕ ਵਾਰ ਬਲਬਨ ਫਰੀਦ ਜੀ ਦੀ ਸੁਹਰਤ ਸੁਣ ਕੇ ਉਨ੍ਹਾਂ ਦੇ ਦਰਸ਼ਨਾਂ ਲਈ ਆਇਆ ਅਤੇ ਏਨਾ ਪ੍ਰਭਾਵਿਤ ਹੋਇਆ ਕਿ ਆਪਣੀ ਲੜਕੀ ਦੀ ਸ਼ਾਦੀ ਫਰੀਦ ਜੀ ਨਾਲ ਕਰ ਦਿੱਤੀ। ਮੁਫਤੀ ਗੁਲਾਮ ਸਰਵਰ ਅਨੁਸਾਰ ਬਲਬਨ ਨੇ ਆਪਣੀ ਲੜਕੀ ਦੀ ਸ਼ਾਦੀ ਰਾਜ ਗੱਦੀ ਉੱਪਰ ਬੈਠਣ ਤੋਂ ਪਹਿਲਾਂ ਕੀਤੀ ਸੀ। ਕੁਝ ਦੇਰ ਫਰੀਦ ਜੀ ਦਿੱਲੀ ਠਹਿਰਣ ਤੋਂ ਪਿੱਛੋਂ ਪਰਿਵਾਰ ਸਮੇਤ ਅਜੋਧਨ ਚਲੇ ਗਏ। ਬੀਬੀ ਹਜ਼ਬਰਾ (ਹਾਜ਼ਿਰਾ) ਦੇ ਪੰਜ ਲੜਕੇ ਤੇ ਤਿੰਨ ਲੜਕੀਆਂ ਪੈਦਾ ਹੋਈਆਂ ਜਿਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ : ਲੜਕੇ (1) ਸ਼ੇਖ ਸਹਾਬੁੱਦੀਨ ਗੰਜ-ਉਲ-ਇਲਮ (2) ਸ਼ੇਖ ਬਦਰੁੱਦੀਨ ਸੁਲੇਮਾਨ (3) ਸ਼ੇਖ ਨਿਜ਼ਾਮੁੱਦੀਨ ਸ਼ਹੀਦ (4) ਯਾਕੂਬ (5) ਸ਼ੇਖ ਅਬਦੁੱਲਾ। ਲੜਕੀਆਂ (1) ਬੀਬੀ ਫਾਤਿਮਾ (2) ਬੀਬੀ ਮਸਤੂਰਹ (3) ਬੀਬੀ ਸਰੀਫਾਂ। ਇਨ੍ਹਾਂ ਤੋਂ ਬਿਨਾਂ ਫਰੀਦ ਜੀ ਦਾ ਇਕ ਮੁਤਬੱਨਾ ਲੜਕਾ ਸ਼ੇਖ ਨਾਸਰੁੱਲਾ ਵੀ ਸੀ।

## ਰਵਾਇਤਾਂ

ਆਪ ਜੀ ਦੀ ਰੂਹਾਨੀ ਵਿੱਦਿਆ ਪ੍ਰਾਪਤੀ ਸੰਬੰਧੀ ਇਹ ਗੱਲ ਵੀ ਬੜੇ ਨਿਸ਼ਚੇ ਨਾਲ ਆਖੀ ਜਾਂਦੀ ਹੈ ਕਿ ਫਰੀਦ ਜੀ ਦੇ ਜੀਵਨ ਉੱਪਰ ਬਹੁਤ ਅਸਰ ਉਨ੍ਹਾਂ ਦੀ ਮਾਤਾ ਜੀ ਦਾ ਸੀ ਕਿਉਂਕਿ ਉਹ ਇਕ ਪੁੱਜੀ ਹੋਈ ਭਗਤੀ-ਭਾਵ ਵਾਲੀ ਔਰਤ ਸੀ। ਉਹ ਆਪਣੇ ਦੁਨੀਆਵੀ ਕੰਮਾਂ ਕਾਜਾਂ ਦੇ ਨਾਲ ਹਰ ਸਮੇਂ ਪ੍ਰਭੂ, ਨਾਮ ਦਾ ਜਾਪ ਕਰਦੀ ਰਹਿੰਦੀ ਸੀ। ਉਸ ਦੀ ਭਗਤੀ-ਭਾਵ ਵਾਲੀ ਉੱਚ, ਆਤਮਾ ਸਦਕਾ ਕਈ ਪ੍ਰਕਾਰ ਦੀਆਂ ਕਥਾ ਕਹਾਣੀਆਂ ਆਪ ਦੇ ਜੀਵਨ ਨਾਲ ਜੁੜੀਆਂ ਹੋਈਆਂ ਹਨ। ਇਕ ਵਾਰਤਾ ਬਹੁਤ ਦਿਲਚਸਪ ਅਤੇ ਸਦੀਵੀ ਅਸਰ ਰੱਖਣ ਵਾਲੀ ਹੈ ਉਹ ਇਹ ਕਿ ਇਕ ਵਾਰ ਕਰਸੁਮ ਬੀਬੀ ਨਿਮਾਜ਼ ਪੜ੍ਹ ਰਹੀ ਸੀ। ਉਸ ਸਮੇਂ ਇਕ ਚੋਰ ਘਰ ਵਿਚ ਆ ਵੜਿਆਂ ਤੇ ਜਿਉਂ ਹੀ ਚੋਰ ਉਪਰ ਮਾਤਾ ਦੀ ਨਜ਼ਰ ਪਈ ਉਹ ਅੰਨ੍ਹਾਂ ਹੋ ਗਿਆ। ਘਰ ਤੋਂ ਬਾਹਰ ਜਾਣ ਤੋਂ ਵੀ ਲਾਚਾਰ ਉਹ ਉੱਚੀ-ਉੱਚੀ ਪੁਕਾਰਨ ਲੱਗਾ ਕਿ :

ਐ ਬੰਦਗਾਨੇ, ਖੁਦਾ ਬਾਰਾਦਾਏ ਦੁਜ਼ਦੀ ਆਮਦਹ ਬੂਦਮ, ਹਾਲਾ ਨਬੀਨਾ ਸੁਦਮ
ਤੋਬਾ ਕਰਦਮ, ਬਾਰੇ ਦੀਗਰ ਨੁਰਤਕਿਬੋ ਈ ਕਾਰ ਨਾ ਸਵਮ। (ਖਜ਼ੀਨਤੁੱਲ ਅਸਫੀਆ, ਸਫਾ 288)

(ਭਾਵ ਐ ਰੱਬ ਦੇ ਬੰਦਿਓ ਮੈਂ ਚੋਰੀ ਦੇ ਇਰਾਦੇ ਨਾਲ ਆਇਆ ਸੀ ਤੇ ਅੰਨ੍ਹਾ ਹੋ ਗਿਆ ਹਾਂ, ਤੋਬਾ ਕਰਦਾ ਹਾਂ ਕਿ ਮੁੜ ਕੇ

ਅਜਿਹਾ ਗੁਨਾਹ ਨਹੀਂ ਕਰਾਂਗਾ) ਇਹ ਚੋਰ ਮਾਤਾ ਦੀ ਦੁਆ ਨਾਲ ਸੁਜਾਖਾ ਹੋ ਗਿਆ। ਮੁਫਤੀ ਗੁਲਾਮ ਸਰਵਰ ਨੇ ਇਸ ਚੋਰ ਦੀ ਘਟਨਾ ਨੂੰ ਬਾਬਾ ਫਰੀਦ ਵਲੋਂ ਦੁਆ ਕਰਨ ਤੋਂ ਸੁਜਾਖਾ ਹੋਣ ਬਾਰੇ ਲਿਖਿਆ ਹੈ ਤੇ ਬਾਬਾ ਜੀ ਦੀ ਉਮਰ ਉਸ ਸਮੇਂ 6 ਸਾਲ ਦੱਸੀ ਹੈ।

### ਸ਼ੱਕਰ ਗੰਜ

ਮਾਤਾ ਜੀ ਵੱਲੋਂ ਬਾਬਾ ਫਰੀਦ ਨੂੰ ਧਾਰਮਿਕ ਚੇਟਕ ਲਾਉਣ ਦੀ ਕਥਾ ਇਹ ਵੀ ਪ੍ਰਚਲਤ ਹੈ ਕਿ ਮਾਤਾ ਨੇ ਫ਼ਰੀਦ ਜੀ ਨੂੰ ਕਿਹਾ ਕਿ ਨਮਾਜ਼ ਪੜ੍ਹਨ ਵਾਲਿਆਂ ਨੂੰ ਰੱਬ ਸ਼ੱਕਰ ਦਿੰਦਾ ਹੈ ਅਤੇ ਉਹ ਨਮਾਜ਼ ਦੇ ਸਮੇਂ ਮੁਸੱਲੇ ਹੇਠ ਸ਼ੱਕਰ ਰੱਖਦਿਆ ਕਰਦੀ ਸੀ। ਇਕ ਦਿਨ ਬਾਹਰ ਖੇਡਦਿਆਂ ਨਮਾਜ਼ ਦਾ ਸਮਾਂ ਹੋ ਗਿਆ। ਬਾਬਾ ਜੀ ਨੇ ਕਪੜਾ ਵਿਛਾ ਕੇ ਨਮਾਜ਼ ਪੜ੍ਹਨ ਤੋਂ ਪਿਛੋਂ ਜਦ ਕਪੜਾ ਚੁੱਕਿਆ ਤਾਂ ਹੇਠ ਸ਼ੱਕਰ ਦੀ ਢੇਰੀ ਸੀ ਜੋ ਉਹਨਾਂ ਨੇ ਆਪਣੇ ਦੋਸਤਾਂ ਸਮੇਤ ਬੜੀ ਖੁਸ਼ੀ ਨਾਲ ਖਾਧੀ। ਘਰ ਮੁੜਨ ਤੇ ਮਾਤਾ ਜੀ ਨੂੰ ਦੱਸਿਆ ਜੋ ਪਹਿਲਾਂ ਹੀ ਰੱਬ ਅੱਗੇ ਅਰਦਾਸਾਂ ਕਰ ਰਹੀ ਸੀ ਕਿ ਖੁਦਾ ਉਸ ਦੀ ਇੱਜ਼ਤ ਰੱਖੇ ਕਿਉਂਕਿ ਉਹ ਬਾਹਰ ਹੋਣ ਕਰਕੇ ਸ਼ੱਕਰ ਨਹੀਂ ਸੀ ਰੱਖ ਸਕੀ। ਉਸ ਦਿਨ ਤੋਂ ਆਪਦਾ ਨਾਂ ਸ਼ੱਕਰ ਗੰਜ ਪੈ ਗਿਆ। ਉਂਞ ਆਪ ਦੀ ਗੱਲ ਸ਼ੱਕਰ ਗੰਜ ਪੈ ਜਾਣ ਸੰਬੰਧੀ ਕਈ ਹੋਰ ਸਾਖੀਆਂ ਵੀ ਪ੍ਰਚਲਤ ਹਨ ਜਿਵੇਂ ਇਕ ਜ਼ਿਮੀਂਦਾਰ ਦੇ ਸ਼ੱਕਰ ਦੀ ਗੱਡੀ ਲਿਜਾਣ ਸਮੇਂ ਬਾਬਾ ਜੀ ਦੇ ਪੁੱਛਣ ਤੇ ਉਸ ਵੇਲੇ ਲੂਣ ਦੱਸਣ ਉਪਰੰਤ ਲੂਣ ਹੋ ਜਾਣ ਤੇ ਪਸ਼ਚਾਤਾਪ ਕਰਨ ਤੇ ਫੇਰ ਸ਼ੱਕਰ ਹੋ ਜਾਣਾ।

ਇਕ ਹੋਰ ਸਾਖੀ ਇਹ ਵੀ ਪ੍ਰਚੱਲਤ ਹੈ ਕਿ ਇਕ ਵਾਰ ਬਾਬਾ ਜੀ ਆਪਣੇ ਮੁਰਸ਼ਦ ਦੀ ਚਰਨ ਛੋਹ ਪ੍ਰਾਪਤ ਕਰਨ ਜਾ ਰਹੇ ਸਨ ਕਿ ਰਸਤੇ ਵਿਚ ਚਿੱਕੜ ਵਿਚ ਪੈਰ ਤਿਲਕ ਗਿਆ ਤੇ ਆਪ ਡਿਗ ਪਏ। ਇਕ ਮਿੱਟੀ ਦਾ ਛਿੱਟਾ ਬੁੜਕ ਕੇ ਆਪਦੇ ਮੂੰਹ ਵਿਚ ਪੈਅ ਗਿਆ ਤੇ ਉਹ ਸ਼ੱਕਰ ਹੋ ਗਿਆ। ਖੁਆਜਾ ਸਾਹਿਬ ਪਾਸ ਪੁੱਜ ਕੇ ਆਪਨੇ ਇਹ ਗੱਲ ਪੀਰ ਨੂੰ ਦੱਸੀ ਤਾਂ ਉਨ੍ਹਾਂ ਨੇ ਫਰਮਾਇਆ, ਇਹ ਕੋਈ ਵੱਡੀ ਗੱਲ ਨਹੀਂ ਕਿ ਪ੍ਰਭੂ ਤੁਹਾਨੂੰ ਗੰਜੇ ਸ਼ੱਕਰ ਬਣਾ ਦੇਵੇ।

ਇਸੇ ਤਰ੍ਹਾਂ ਇਕ ਹੋਰ ਸਾਖੀ ਪ੍ਰਚਲਤ ਹੈ ਕਿ ਰੋਜ਼ਾ ਖੋਲਣ ਸਮੇਂ ਇਕ ਸ਼ਰਾਬ ਦੇ ਠੇਕੇਦਾਰ ਵਲੋਂ ਖਾਣਾ ਲੈ ਕੇ ਆਉਣ ਤੇ ਅਤੇ ਬਾਬਾ ਜੀ ਨੂੰ ਖਾਣਾ ਖਾਣ ਤੇ ਉਲਟੀ ਆ ਜਾਣ ਉਪਰੰਤ ਪੀਰ ਜੀ ਵਲੋਂ ਇਹ ਕਹੇ ਜਾਣ ਤੇ ਕਿ ਰੋਜ਼ਾ ਖੋਲ੍ਹਣ ਵਾਸਤੇ ਜੋ ਵੀ ਮਿਲੇ ਖਾ ਲਓ। ਅਗਲੀ ਸਵੇਰ ਕੁਝ ਵੀ ਨਾ ਮਿਲਣ ਤੇ ਬਾਬਾ ਜੀ ਨੇ ਕੰਕਰ ਚੁੱਕ ਕੇ ਮੂੰਹ ਵਿਚ ਪਾ ਲਏ ਤਾਂ ਆਪ ਨੂੰ ਉਨ੍ਹਾਂ ਵਿਚ ਸ਼ੱਕਰ ਵਰਗਾ ਅਨੁਭਵ ਹੋਇਆ। ਭਾਵੇਂ ਇਕ ਵਾਰ ਆਪ ਨੇ ਇਕ ਸ਼ੈਤਾਨ ਦਾ ਕਾਰਾ ਸਮਝ ਕੇ ਥੁੱਕ ਦਿੱਤਾ ਪਰ ਦੂਜੀ ਵਾਰੀ ਕੰਕਰੀਆਂ ਵਿਚੋਂ ਮਿਸਰੀ ਦੇ ਸੁਆਦ ਨੂੰ ਆਪਣੇ ਪ੍ਰਭੂ ਦੀ ਬਖਸ਼ਿਸ਼ ਸਮਝਿਆ। ਇਸ ਤਰ੍ਹਾਂ ਆਪਦਾ ਨਾਂ ਹੀ ਫ਼ਰੀਦ ਸ਼ੱਕਰ ਗੰਜ ਪੈ ਗਿਆ।

ਪ੍ਰੋ. ਸਾਹਿਬ ਸਿੰਘ ਉਪਰੋਕਤ ਸਾਖੀਆਂ ਵਿਚਲੀਆਂ ਕਰਾਮਾਤੀ ਘਟਨਾਵਾਂ ਨੂੰ ਸਵੀਕਾਰ ਨਹੀਂ ਕਰਦੇ। ਉਨ੍ਹਾਂ ਦਾ ਵਿਚਾਰ ਹੈ ਕਿ, ''ਅਸਲ ਗੱਲ ਤਾਂ ਹੋਰ ਹੈ। ਇਹ ਗੱਲ ਤਾਂ ਆਮ ਪ੍ਰਸਿੱਧ ਹੈ ਕਿ ਬਾਬਾ ਜੀ ਦੇ ਜੀਵਨ ਦੀ ਛੁਹ ਨਾਲ ਲੱਖਾਂ ਬੰਦਿਆਂ ਨੂੰ ਜ਼ਿੰਦਗੀ ਦਾ ਸਹੀ ਰਾਹ ਲੱਭਾ। ਆਖਰ ਇਹ ਗੱਲ ਤਾਂ ਹੀ ਹੋ ਸਕਦੀ ਸੀ ਜੇ ਬਾਬਾ ਜੀ ਦੇ ਜੀਵਨ ਵਿਚ ਕੋਈ ਖਿੱਚ ਤੇ ਮਿਠਾਸ ਸੀ। ਮਨੁੱਖ ਦੀ ਨਿਮ੍ਰਤਾ ਤੇ ਮਿਠਾਸ ਇਕ ਐਸਾ ਗੁਣ ਹੈ ਜੋ ਹੋਰ ਇਨਸਾਨੀ ਗੁਣਾਂ ਦਾ ਸੋਮਾ ਹੈ : 'ਮਿਠਤ ਨੀਵੀ ਨਾਨਕਾ ਗੁਣ ਚੰਗਿਆਈਆਂ ਤਤ।' ਰੱਬ ਦੇ ਦਰਵੇਸ਼ ਦੇ ਗੁਣ ਬਿਆਨ ਕਰਨ ਲੱਗਿਆਂ ਫਰੀਦ ਜੀ ਨੇ ਆਪ ਵੀ ਇਹੀ ਆਖਿਆ ਹੈ ਕਿ ਮਿੱਠਾ ਬੋਲਣਾ ਤੇ ਕਿਸੇ ਦਾ ਦਿਲ ਨਾ ਦੁੱਖਾਉਣਾ ਰੱਬ ਨੂੰ ਮਿਲਣ ਦੇ ਚਾਹਵਾਨ ਲਈ ਸਭ ਤੋ. ਜਰੂਰੀ ਗੁਣ ਹੈ।

ਇਕ ਫਿੱਕਾ ਨਾ ਗਾਲਾਏ ਸਭਨਾਂ ਮਹਿ ਸਚਾ ਧਣੀ।
ਹਿਆਓ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ।। 29।।

ਬਸ ਇਹੀ ਸ਼ੱਕਰ ਗੰਜ ਸੀ ਬਾਬਾ ਜੀ ਦੇ ਮੂੰਹ ਵਿਚ। ਪ੍ਰੋ. ਸਾਹਿਬ ਸਿੰਘ ਨੇ 'ਰੋਟੀ ਮੇਰੀ ਕਾਠ ਕੀ' ਨੂੰ ਰੁੱਖੀ ਮਿੱਸੀ ਰੋਟੀ ਸਵੀਕਾਰਿਆ ਹੈ ਅਤੇ ਫਰੀਦ ਜੀ ਦੇ ਇਸ ਸਲੋਕ ਵਲ ਸਾਡਾ ਧਿਆਨ ਦਿਵਾ ਕੇ ਆਪਣੇ ਮੱਤ ਨੂੰ ਹੋਰ ਪਕੇਰਾ ਕੀਤਾ ਹੈ :

ਰੁਖੀ ਸੁਖੀ ਖਾਇਕੇ ਠੰਡਾ ਪਾਣੀ ਪੀਉ।
ਫਰੀਦਾ ਦੇਖ ਪਰਾਈ ਚੋਪੜੀ ਨ ਤਰਸਾਇ ਜੀਉ।

ਪ੍ਰੋ. ਸੰਤ ਸਿੰਘ ਸੇਖੋਂ ਦਾ ਵਿਚਾਰ ਹੈ ਕਿ 'ਰੋਟੀ ਜੋਆਂ' ਦੀ ਹੋ ਸਕਦੀ ਹੈ ਕਿਉਂਕਿ ਭੁੱਜੇ ਜੋਆਂ ਨੂੰ ਛੜਨ ਨਾਲ ਘਾਠ ਬਣਦੀ ਹੈ। ਸੰਭਵ ਹੈ ਘਾਠ ਤੋਂ ਕਾਠ ਸ਼ਬਦ ਬਣ ਗਿਆ ਹੋਵੇ। ਸ਼ੇਖ ਸਾਅਦੀ ਨੇ ਵੀ ਜੋਆ ਦੀ ਰੋਟੀ ਭੁੱਖ ਲਈ ਨਿਆਮਤ ਦੱਸੀ ਹੈ।

ਅਸੀ ਸੇਖੋ ਦੇ ਮੱਤ ਨਾਲ ਸਹਿਮਤ ਹਾਂ। ਇਕ ਤਾਂ ਮਾਲਵੇ ਵਿਚ ਜੋਆਂ ਨੂੰ ਛੱਡ ਕੇ ਮਾਮੂਲੀ ਛੋਲਿਆਂ ਦੇ ਦਾਣੇ ਮਿਲਾਕੇ ਲੋਕੀ ਪੀਸ ਕੇ ਆਮ ਹੀ ਰੋਟੀ ਬਣਾਇਆ ਕਰਦੇ ਸਨ। ਦੂਜੇ ਫਾਰਸੀ ਲਿੱਪੀ ਦਾ ਗਾਫ (ਗ) ਬਹੁਤੇ ਵਾਰ ਕਾਫ (ਕ) ਵਿਚ ਬਦਲ ਜਾਂਦਾ ਹੈ। ਸੇਖੋ ਸਾਹਿਬ ਨੇ ਕੁਝ ਹੋਰਨਾਂ ਕਥਾ ਕਹਾਣੀਆਂ ਪ੍ਰਤੀ ਵੀ ਮਤ ਇਉਂ ਦਿੱਤਾ : ਬਾਬਾ ਜੀ ਦੇ ਕੁਝ ਸਲੋਕਾਂ ਵਿਚ ਚਮਤਕਾਰੀ ਅਲੰਕਾਰਾਂ ਦਾ ਆਉਣਾ ਹੈ। ਉਨ੍ਹਾਂ ਦੇ ਅਰਥ ਕਰਨ ਵਿਚ ਸਾਧਾਰਨ ਲੋਕ ਟਪਲਾ ਖਾ ਜਾਂਦੇ ਹਨ। ਕੁਝ ਸਲੋਕਾਂ ਤੋਂ ਲੋਕ ਇਹ ਗ੍ਰਹਿਣ ਕਰ ਲੈਂਦੇ ਕਿ ਫਰੀਦ ਜੀ ਨੇ ਕੁਝ ਘੋਰ ਤਪੱਸਿਆਵਾਂ ਕੀਤੀਆਂ ਹਨ, ਜਾਂ ਉਨ੍ਹਾਂ ਨੇ ਰੋਟੀ ਖਾਣੀ ਛੱਡ ਦਿੱਤੀ ਤੇ ਕਾਠ ਦੀ ਰੋਟੀ ਬਣਾ ਕੇ ਪੇਟ ਨਾਲ ਬੰਨ੍ਹ

ਲਈ। ਇਸੇ ਤਰ੍ਹਾਂ ਕਾਗ ਤੇ ਪਿੰਜਰ ਵਾਲੇ ਸਲੋਕਾਂ ਤੋਂ ਇਹ ਭਾਵ ਲਿਆ ਜਾਂਦਾ ਹੈ ਕਿ ਸ਼ੇਖ ਸਾਹਿਬ ਖੂਹ ਵਿਚ ਪੁੱਠੇ ਲਟਕਦੇ ਰਹੇ ਅਤੇ ਕਾਗ ਉਨ੍ਹਾਂ ਦਾ ਮਾਸ ਚੂੰਡਦੇ ਰਹੇ। ਸਿੱਧ ਹੈ ਕਿ ਇਹ ਅਰਥ ਕਰਨਾ ਇਕ ਵਹਿਮ ਹੈ। ਇਹ ਸਲੋਕ ਬਿਰਹਾ ਦਾ ਇਕ ਅਲੰਕਾਰ ਹੀ ਪੇਸ਼ ਕਰਦੇ ਹਨ ਅਤੇ ਇਨ੍ਹਾਂ ਵਿਚ ਹੋਰ ਵਧੇਰੇ ਅਰਥਾਂ ਦੀ ਨਾ ਗੁੰਜਾਇਸ਼ ਹੈ ਨਾ ਲੋੜ ਹੈ।

**ਰਚਨਾ** : ਇਹ ਗੱਲ ਤਾਂ ਸਪਸ਼ਟ ਹੈ ਕਿ ਬਾਬਾ ਫਰੀਦ ਜੀ ਅਰਬੀ, ਫਾਰਸੀ, ਉਰਦੂ, ਹਿੰਦਵੀ ਅਤੇ ਪੰਜਾਬੀ ਭਾਸ਼ਾਵਾਂ ਅਤੇ ਇਨ੍ਹਾਂ ਦੇ ਵਿਆਕਰਣ ਤੋਂ ਭਲੀ ਭਾਂਤ ਜਾਣੂ ਸਨ। ਵਿਦਵਾਨਾਂ ਵਲੋਂ ਆਪ ਜੀ ਦੀ ਵੱਖ-ਵੱਖ ਭਾਸ਼ਾਵਾਂ ਵਿਚ ਕੀਤੀ ਰਚਨਾ ਦੇ ਹਵਾਲੇ ਵੀ ਦਿੱਤੇ ਗਏ। ਮੀਆ-ਰੁਲ ਔਲੀਆਂ ਦੇ ਕਰਤਾ ਨੇ ਆਪ ਦੇ ਫਾਰਸੀ ਸ਼ੇਅਰਾਂ ਤੋਂ ਮੁਲਤਾਨੀ ਵਿਚ ਚਲੰਤ ਛੰਦਾਂ ਦੀ ਰਚਨਾ ਨੂੰ ਸਵੀਕਾਰ ਕੀਤਾ ਹੈ। ਜ਼ੁਹਦ-ਵ-ਰਿਆਜ਼ਤ ਦੇ ਸਮੇਂ ਆਪਣੇ ਮੂੰਹ ਤੇ ਵਾਕ ਮਾਰਫਤ ਵ ਤਰੀਕਤ ਸੰਬੰਧੀ ਨਿਕਲਦੇ ਜਿਨ੍ਹਾਂ ਨੂੰ ਹਜ਼ਰਤ ਖੁਆਜਾ ਬਦਰੁੱਦੀਨ ਇਸ਼ਹਾਕ ਅਤੇ ਨਿਜ਼ਾਮੁੱਦੀਨ ਨੋਟ ਕਰ ਲੈਂਦੇ ਸਨ ਜੋ ਪਿਛੋਂ ਇਸਰਾਰ-ਉਲ-ਔਲੀਆਂ ਅਤੇ ਰਾਹਤ-ਉੱਲ-ਕਲੂਬ ਦੇ ਨਾਂ ਨਾਲ ਦੋ ਪੁਸਤਕਾਂ ਵਿਚ ਫਾਰਸੀ ਵਿਚ ਪ੍ਰਸਿੱਧ ਹੋਏ। ਇਹ ਦੋਨੋ ਪੁਸਤਕਾਂ ਛਪੀਆਂ ਹੋਈਆਂ ਮਿਲਦੀਆਂ ਹਨ।

ਗੁਰੂ ਗ੍ਰੰਥ ਸਾਹਿਬ ਤੋਂ ਬਗੈਰ ਜਿਨ੍ਹਾਂ ਪੁਸਤਕਾਂ ਵਿਚ ਆਪਦੀ ਬਾਣੀ ਦੇ ਵੱਖ-ਵੱਖ ਭਾਸ਼ਾਵਾਂ ਵਿਚ ਛਪੇ ਹੋਣ ਦੇ ਨਮੂਨੇ ਮਿਲਦੇ ਹਨ ਉਨ੍ਹਾਂ ਵਿਚੋਂ ਕੁਝ ਕੁ ਇਹ ਹਨ :

(1) ਮੁਨਸ਼ੀ ਜੈਸੀ ਸ਼ਾਮ ਮੁਸ਼ਤਾਕ – ਸਲੋਕ ਬਾਬਾ ਫਰੀਦ ਸਣੇ ਵਿਆਖਿਆ

(2) ਡਾ. ਮੋਹਨ ਸਿੰਘ ਦੀਵਾਨਾ – ਏ ਹਿਸਟਰੀ ਆਫ ਪੰਜਾਬੀ ਲਿਟਰੇਚਰ

(3) ਪ੍ਰੋ.. ਮਹਿਮੂਦ ਸ਼ੀਰਾਨੀ – ਪੰਜਾਬ ਮੇ. ਉਰਦੂ

(4) ਮਿਸਟਰ ਮਾਈਲਜ ਇਰਵਿਨ – ਸਰਾਈਨ ਆਫ਼ ਬਾਬਾ ਫਰੀਦ

(5) ਫੁਆਦ-ਉਲ-ਸਾਲਕੀਨ ਨਾਂ ਦੀ ਫਾਰਸੀ ਪੁਸਤਕ ਵਿਚ ਬਾਬਾ ਫਰੀਦ ਜੀ ਵਲੋਂ ਉਹਨਾਂ ਦੇ ਮੁਰਸ਼ਦ ਦੇ ਬਚਨ ਇਕੱਤਰ ਕੀਤੇ ਗਏ ਜਿਨ੍ਹਾਂ ਦਾ ਉਲਥਾ ਪੰਜਾਬੀ ਵਿਚ ਨਸੀਹਤ ਨਾਮਾ ਦੇ ਨਾਂ ਹੇਠ ਵੀ ਕੀਤਾ।

## ਗੁਰੂ ਗ੍ਰੰਥ ਵਿਚ ਦਰਜ ਰਚਨਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ 130 ਸਲੋਕ ਅਤੇ ਚਾਰ ਸ਼ਬਦ ਦਰਜ ਹਨ। ਆਪ ਦੇ ਦੋ ਸ਼ਬਦ ਆਸਾ ਰਾਗ ਵਿਚ ਅਤੇ ਦੋ ਸੂਹੀ ਰਾਗ ਵਿਚ ਅੰਕਤ ਹਨ ਜਦੋਂ ਕਿ 'ਸਲੋਕ ਫਰੀਦ ਕੇ' ਸਿਰਲੇਖ ਹੇਠਲੇ ਸਲੋਕਾਂ ਵਿਚੋਂ 112 ਸਲੋਕ ਆਪ ਜੀ ਦੇ ਹਨ ਅਤੇ 18 ਸਲੋਕ ਗੁਰੂ ਸਾਹਿਬਾਨ ਦੇ ਹਨ ਜਿਨ੍ਹਾਂ ਦਾ ਵੇਰਵਾ ਨਿਮਨ ਅਨੁਸਾਰ ਹੈ :

ਗੁਰੂ ਨਾਨਕ ਦੇਵ ਜੀ ਸਲੋਕ ਨੰਬਰ 32, 113, 120, 124 ਕੁਲ ਚਾਰ

ਗੁਰੂ ਅਮਰਦਾਸ ਜੀ ਸਲੋਕ ਨੰਬਰ 13, 53, 104, 12, 123 ਕੁਲ ਪੰਜ

ਗੁਰੂ ਰਾਮਦਾਸ ਜੀ ਸਲੋਕ ਨੰਬਰ 121-ਕੁਲ ਇਕ

ਗੁਰੂ ਅਰਜਨ ਦੇਵ ਜੀ ਸਲੋਕ ਨੰਬਰ 75,82,83,105,108,109,110,111 – ਕੁਲ ਅੱਠ

ਗੁਰੂ ਨਾਨਕ ਦੇਵ ਜੀ ਦੇ ਤਿੰਨ ਸਲੋਕ ਅਤੇ ਗੁਰੂ ਅਮਰਦਾਸ ਜੀ ਦੇ ਤਿੰਨ ਸਲੋਕ ਤਾਂ ਬੋਲੀ ਪੱਖੋਂ ਵੀ ਬਾਬਾ ਫਰੀਦ ਜੀ ਦੇ ਸਲੋਕਾਂ ਨਾਲ ਮੇਲ ਖਾਂਦੇ ਹਨ ਜਦੋਂ ਕਿ ਵਿਸ਼ੇ ਪੱਖੋਂ ਸਾਰੇ ਦੇ ਸਾਰੇ ਸਲੋਕਾਂ ਦੀ ਸਾਂਝ ਪ੍ਰਤੱਖ ਹੈ।

ਉਪਰੋਕਤ ਬਾਣੀ ਤੋਂ ਬਿਨ੍ਹਾਂ ਪੰਜਾਬ ਵਿਚ ਆਪ ਦੀ ਕੁਝ ਹੋਰ ਰਚਨਾ ਕਵਿਤਾ ਅਤੇ ਵਾਰਤਕ ਵਿਚ ਮੰਨੀ ਜਾਂਦੀ ਹੈ। ਸ੍ਰ. ਪਿਆਰਾ ਸਿੰਘ ਪਦਮ ਨੇ ਕੁਝ ਸਲੋਕ (72) ਇਕੱਤਰ ਕੀਤੇ ਹਨ ਜੋ ਲਹਿੰਦੀ ਪੰਜਾਬੀ ਦਾ ਵਧੀਆ ਨਮੂਨਾ ਹਨ ਅਤੇ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਹਨ। ਕਵਿਤਾ ਤੋਂ ਬਿਨਾਂ ਆਪ ਦੇ ਕੁਝ ਵਾਰਤਕ ਰਚਨਾ ਦੇ ਨਮੂਨੇ ਵੀ ਬਚਨਾਂ ਦੇ ਰੂਪ ਵਿਚ ਉਪਲਬਧ ਹਨ ਜਿਨ੍ਹਾਂ ਦਾ ਜ਼ਿਕਰ ਪ੍ਰੋ. ਪ੍ਰਤੀਮ ਸਿੰਘ ਜੀ ਨੇ ਕੀਤਾ। ਇਨ੍ਹਾਂ ਵਿਦਵਾਨਾਂ ਤੋਂ ਬਿਨਾਂ ਪ੍ਰੋ. ਕੇ.ਕੇ. ਨਿਜ਼ਾਮੀ ਅਤੇ ਆਧੁਨਿਕ ਵਿਦਵਾਨਾਂ ਨੇ ਵੀ ਫਰੀਦ ਜੀ ਦੀ ਰਚਨਾ ਦੇ ਵੇਰਵੇ ਦਿੱਤੇ ਹਨ।

ਬਾਬਾ ਫਰੀਦ ਜੀ ਦੀ ਰਚਨਾ ਦੇ ਵੇਰਵੇ ਨੂੰ ਵੇਖਣ ਤੋਂ ਪਿਛੋਂ ਉਹਨਾਂ ਦੀ ਰਚਨਾ ਸੰਬੰਧੀ ਵਿਚਾਰ ਕਰਨੀ ਵੀ ਜ਼ਰੂਰੀ ਜਾਪਦੀ ਹੈ। ਇੱਥੇ ਅਸੀ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਆਧਾਰ ਮੰਨ ਕੇ ਉਹਨਾਂ ਦੀ ਰਚਨਾ ਸੰਬੰਧੀ ਵਿਚਾਰ ਕਰਾਂਗੇ।

## ਸਲੋਕਾਂ ਦੀ ਬਣਤਰ

ਬਾਣੀ ਬਿਉਰਾ ਵਿਚ ਲਿਖਿਆ ਹੈ ਕਿ ਸਲੋਕ, ਸੰਗੀਤ, ਵਿੱਦਿਆ ਅਨੁਸਾਰ ਦਿਵਪਥ ਪ੍ਰਬੰਧ ਹੈ ਅਤੇ ਗ੍ਰਾਮੀਣ ਭਾਖਾ ਅਨੁਸਾਰ ਇਹ ਦੋਹੜਾ ਹੈ। ਪ੍ਰਾਕ੍ਰਿਤ ਅਤੇ ਬ੍ਰਿਜ ਅਨੁਸਾਰ ਇਹੀ ਡੱਖਣਾ ਹੈ ਕਿ ਜਦੋਂ ਕਿ ਗੁਰੂ ਸੰਪ੍ਰਦਾਇ ਅਨੁਸਾਰ ਸਲੋਕ ਹੈ।

ਬਾਬਾ ਫਰੀਦ ਨੇ ਆਪਣੇ ਸਲੋਕਾਂ ਵਿਚ ਦੋਹਰੇ ਦੀ ਵਰਤੋਂ ਕੀਤੀ ਹੈ ਪਰ ਇਹਨਾਂ ਦੀ ਬਣਤਰ ਵਿਚ ਇਕ ਅੰਤਰ ਵੀ ਦਿਸ ਆਉਂਦਾ

ਹੈ। ਪਹਿਲਾ ਸਲੋਕ ਚਾਰ ਦੋਹਰਿਆਂ ਭਾਵ 8 ਸਤਰਾਂ ਦਾ ਹੈ, ਸਤਾਸੀਵਾਂ ਅਤੇ ਸੋਵਾਂ (ਤਿੰਨ ਤਿੰਨ ਸਤਰਾਂ ਦੇ) ਡੇਢ-ਡੇਢ ਦੋਹਰੇ ਹਨ। ਸਲੋਕ ਨੰਬਰ 98 ਚਾਰ ਪੰਗਤੀਆਂ ਦਾ ਹੈ ਜਦੋਂ ਕਿ ਨੰਬਰ 16 ਦੀਆਂ ਪੰਗਤੀਆਂ ਅੱਧੇ ਸਲੋਕ ਜਿੰਨੀਆਂ ਹਨ :

ਫਰੀਦਾ ਥੀਓ ਪਵਾਹੀ ਦਭ।
ਜੇ ਸਾਈ ਲੋੜਹਿ ਸਭ।
ਇਕ ਛਿਜਹਿ ਬਿਆ ਲਿਤਾੜੀ ਅਹਿ।।

ਬਾਕੀ ਦੇ ਸਲੋਕ ਦੋ ਪੰਗਤੀਆਂ ਵਾਲੇ ਦੋਹਰੇ ਦੇ ਨੇਮਾਂ ਅਨੁਸਾਰ ਉਚਾਰੇ ਗਏ ਹਨ। ਇਕ ਗੱਲ ਤਕਰੀਬਨ ਸਾਰੇ ਸਲੋਕਾਂ ਵਿਚ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ। ਉਹ ਇਹ ਕਿ ਉਪਰੋਕਤ ਵਰਣਿਤ ਕੁਝ ਕੁ ਗਿਣਤੀ ਦੇ ਸਲੋਕਾਂ ਤੋਂ ਬਿਨਾਂ ਸਾਰੇ ਮਾਤਰਿਕ ਪੱਖ ਤੋਂ ਦੋਹਰੇ ਤੋਲ ਤੇ ਪੂਰੇ ਉਤਰਦੇ ਹਨ ਪਰ ਸ਼ਬਦ 'ਫਰੀਦ' ਮਾਤਰਿਕ ਗਿਣਤੀ ਤੋਂ ਵਾਧੂ ਹੈ।

ਇਹ ਗੱਲ ਤਾਂ ਸਪੱਸ਼ਟ ਹੈ ਕਿ ਬਾਬਾ ਫਰੀਦ ਨੇ ਸ਼ੁਰੂ ਤੋਂ ਹੀ ਨਾਫਾ (ਨਾਫਿਆ) ਦੀ ਤਾਲੀਮ ਜਾਂ ਅਧਿਆਤਮਿਕ ਵਿੱਦਿਆ ਤਾਂ ਪ੍ਰਾਪਤ ਕੀਤੀ ਪਰ ਕਿਧਰੇ ਵੀ ਪ੍ਰਮਾਣ ਨਹੀਂ ਮਿਲਦਾ ਕਿ ਬਾਬਾ ਫਰੀਦ ਨੇ ਸੰਸਕ੍ਰਿਤ, ਹਿੰਦੀ ਵੀ ਪੜ੍ਹੀ ਹੋਵੇ, ਫਿਰ ਵੀ ਹੈਰਾਨੀ ਦੀ ਗੱਲ ਹੈ ਕਿ ਉਹਨਾਂ ਨੇ ਫਾਰਸੀ ਅਰੂਜ਼ ਜਾਂ ਫਾਰਸੀ ਅਰਬੀ ਬਹਿਰ ਦੀ ਥਾਂ ਹਿੰਦੀ ਜਾਂ ਪੰਜਾਬੀ ਪਿੰਗਲ ਦੇ ਨਿਯਮ ਨੂੰ ਬੜੀ ਸਫਲਤਾ ਨਾਲ ਵਰਤਿਆ ਹੀ ਨਹੀਂ ਸਗੋਂ ਇਉਂ ਜਾਪਦਾ ਹੈ ਕਿ ਫਰੀਦ ਜੀ ਨੇ ਹੀ ਪੰਜਾਬੀ ਵਿਚ ਪਿੰਗਲ ਦੀ ਵਰਤੋਂ ਦੀ ਪ੍ਰਥਾ ਦਾ ਆਰੰਭ ਕੀਤਾ ਹੈ। ਕਈ ਥਾਵਾਂ ਉੱਪਰ ਫਰੀਦ ਜੀ ਨੇ ਪਿੰਗਲ ਦੇ ਨਿਯਮਾਂ ਤੋਂ ਸੁਤੰਤਰਤਾ ਵੀ ਮਾਣੀ ਹੈ। ਇਸ ਦਾ ਕਾਰਣ ਤਾਂ ਸਪੱਸ਼ਟ ਹੈ ਕਿ ਆਪਦੀ ਰਚਨਾ ਕਿਸੇ ਵਿਸ਼ੇਸ਼ ਯਤਨ ਦਾ ਸਿੱਟਾ ਨਹੀਂ ਸਗੋਂ ਇਹ ਤਾਂ ਇਕ ਕੁਦਰਤੀ ਚਸ਼ਮੇ ਵਾਂਗ ਆਪ ਮੁਹਾਰੇ ਫੁੱਟੀ ਹੈ ਜਿਸ ਨੇ ਆਪਣਾ ਰਾਹ ਆਪ ਬਣਾਇਆ ਹੈ। ਕਵਿਤਾ ਲਈ ਸੁਰ, ਤਾਲ ਤੇ ਲੈਅ ਮੁੱਖ ਹੁੰਦੇ ਹਨ ਅਤੇ ਛੰਦ ਇਹਨਾਂ ਲਈ ਸਹਾਇਕ ਹੁੰਦਾ ਹੈ ਜਿਸ ਕਰਕੇ ਇਹ ਜਰੂਰੀ ਹੈ ਕਿ ਕਵੀ ਪਹਿਲਾਂ ਛੰਦ ਦੀਆਂ ਬੰਦਸ਼ਾਂ ਨੂੰ ਵਿਉਂਤਦਾ ਫਿਰੇ। ਉਹ ਤਾਂ ਆਪ ਮੁਹਾਰੇ ਆਏ ਵਿਚਾਰਾਂ ਦੇ ਵਹਿਣ ਵਿਚ ਬੇਰੋਕ ਨਦੀ ਵਾਂਗ ਵਹਿ ਤੁਰਦਾ ਹੈ। ਠੀਕ ਇਸੇ ਤਰ੍ਹਾਂ ਬਾਬਾ ਫਰੀਦ ਕਿਸੇ ਅੰਦਰਲੇ ਸੰਗੀਤ ਨਾਲ ਸੁਰ ਹੋਇਆ ਬੋਲਦਾ ਹੈ ਨਾ ਕਿ ਸ਼ਾਸਤਰੀ ਨਿਯਮਾਂ ਦੇ ਬੰਧਨਾਂ ਵਿਚ ਬੱਝਿਆ ਹੋਇਆ ਆਪਣੀ ਕਾਵਿ ਰਚਨਾ ਕਰਦਾ ਹੈ।

ਇਹ ਗੱਲ ਬਿਲਕੁਲ ਸਪੱਸ਼ਟ ਹੈ ਕਿ ਬਾਬਾ ਫਰੀਦ ਦਾ ਮੰਤਵ ਕਾਵਿ ਕਲਾ ਦਾ ਪ੍ਰਗਟਾਵਾ ਕਰਨਾ ਨਹੀਂ ਸੀ। ਪ੍ਰੋ. ਅਮੋਲ ਦੇ ਸ਼ਬਦਾਂ ਵਿਚ, ਉਹ ਇਕ ਸੁਹਿਰਦ ਤੇ ਸੱਚਾ ਜ਼ਾਹਦ (ਤਪੀ) ਫਕੀਰ ਸੀ। ਉਸ ਕੋਲ ਕਲਬ ਤੇ ਰੂਹ (ਮਨ ਤੇ ਆਤਮਾ) ਦੀ ਸ਼ਾਂਤੀ ਲਈ ਅਧਿਆਤਮਿਕਤਾ ਦੇ ਮਾਰਗ ਉੱਤੇ ਚਲਣ ਦੀ ਸੇਧ ਲੈਣ ਵਾਸਤੇ ਲੋਕ ਆਉਂਦੇ ਸਨ। ਇਸ ਦੇ ਨਾਲ ਹੀ ਉਸ ਦੇ ਆਪਣੇ ਮਨ ਵਿਚ ਰੱਬੀ-ਵਸਲ ਲਈ ਇਕ ਅਤਿ ਤੀਖਣ ਸਿੱਕ ਜਾਂ ਲਗਨ ਸੀ। ਉਸ ਨੂੰ ਉਸ ਨੇ ਬਿਰਹਾ ਆਖਿਆ ਹੈ। ਉਸ ਸੱਚੇ ਬਿਰਹਾ ਦੀ ਚਿਣਗ ਸਰੋਤਿਆਂ ਜਾਂ ਭਵਿੱਖ ਦੇ ਪਾਠਕਾਂ ਦੇ ਦਿਲਾਂ ਵਿਚ ਪ੍ਰਜ਼ਵਲਤ ਹੋਈ ਉਹ ਵੇਖਣੀ ਚਾਹੁੰਦਾ ਹੈ। ਇਸ ਲਈ ਉਹ ਬੋਲ ਪੈਂਦਾ ਹੈ :

ਬਿਰਹਾ ਬਿਰਹਾ ਆਖੀਐ ਬਿਰਹਾ ਤੂੰ ਸੁਲਤਾਨ।
ਫਰੀਦਾ ਜਿਸ ਤਨ ਬਿਰਹਾ ਨਾ ਉਪਜੈ ਸੋ ਤਨ ਜਾਣ ਮਸਾਨ।

ਏਹੋ ਵਿਛੋੜੇ ਦੀ ਪੀੜਾ ਹੈ। ਧਾਰਮਿਕ ਭਾਸ਼ਾ ਵਿਚ ਇਸ ਵਿਛੋੜੇ ਦਾ ਕਾਰਣ, ਮਾਇਆ, ਦਵੈਤ, ਅਗਿਆਨ, ਹਉਮੈ ਆਦਿ ਦੀ ਕੰਧ ਨੂੰ ਮੰਨਿਆ ਗਿਆ ਹੈ। ਬਾਬਾ ਫਰੀਦ ਦੀ ਦਰਦ ਭਿੰਨੀ ਹੂਕ ਹੈ :

ਤਪਿ ਤਪਿ ਲੋਹਿ ਲੋਹਿ ਹਾਥ ਮਰੋਰਉ।
ਬਾਵਲਿ ਹੋਇ ਸੋ ਸਹੁ ਲੋਰਉ।

ਇਹੀ ਬਿਰਹਾ ਪ੍ਰਤੀਤ ਕਰਾਉਣਾ ਉਸ ਦੀ ਬਾਣੀ ਦਾ ਮਨੋਰਥ ਹੈ। ਇਹ ਵੀ ਮੰਨਣਯੋਗ ਹੈ ਕਿ ਬਣਤਰਾਂ ਜਾਂ ਨਿਯਮਾਵਲੀ ਦੀ ਪਾਲਣਾ ਦਾ ਵਿਸ਼ਲੇਸ਼ਣ ਕਾਵਿ ਦਾ ਮਹੱਤਵ ਪ੍ਰਗਟਾਉਣ ਲਈ ਕਾਫ਼ੀ ਨਹੀਂ, ਉਸ ਦਾ ਮਹੱਤਵ ਕਾਵਿ ਵਿਚਲੇ ਸੰਦਰਯ ਵਿਚ ਤੇ ਸ਼ਕਤੀ ਉਸ ਦੇ ਸੰਦੇਸ਼ ਵਿਚ ਹੈ।

ਗੱਲ ਕੀ ਬਾਬਾ ਫਰੀਦ ਦਾ ਹਰ ਸਲੋਕ ਭਾਵ ਪੂਰਤ ਅਤੇ ਆਪਣੇ ਆਪ ਵਿਚ ਸੰਪੂਰਣ ਹੀ ਨਹੀਂ ਸਗੋਂ ਅਤਿ ਤੀਖਣ ਤੇ ਸਦੀਵੀ ਪ੍ਰਭਾਵ ਪਾਉਣ ਵਾਲਾ ਹੈ, ਵਲਵਲੇ ਦੀ ਤੀਖਣਤਾ ਅਤੇ ਦਿਲੀ ਪ੍ਰੇਮ ਦੀ ਸੁਹਿਰਦਤਾ ਤੋਂ ਉਪਜੀ ਕਲਾ ਤੇ ਕਲਾਤਮਕਤਾ ਆਪ ਮੁਹਾਰੇ ਪੈਦਾ ਹੁੰਦੀ ਹੈ ਨਾ ਕਿ ਉਹ ਕਿਸੇ ਉਚੇਚੇ ਯਤਨ ਦੀ ਮੁਥਾਜ ਹੁੰਦੀ ਹੈ। ਭਾਵਾਂ ਦਾ ਰਸ, ਮਿਠਾਸ, ਪ੍ਰਾਕਿਰਤਕ ਸੁੰਦਰਤਾ ਅਤੇ ਸਾਦਗੀ ਹੀ ਇਸ ਦਾ ਹੁਸਨ ਹੈ।

## ਬਿੰਬ, ਚਿੰਨ੍ਹ ਤੇ ਅਲੰਕਾਰ

ਕੋਈ ਵੀ ਲੇਖਕ ਆਪਣੀ ਕਵਿਤਾ ਨੂੰ ਬਿੰਬਾਂ, ਚਿੰਨ੍ਹਾਂ ਤੇ ਅਲੰਕਾਰਾਂ ਨਾਲ ਸ਼ਿੰਗਾਰਦਾ ਹੈ। ਬਾਬਾ ਫ਼ਰੀਦ ਨੇ ਪਹਿਲੀ ਵਾਰ ਜਿਥੇ ਨੈਤਿਕ ਜੀਵਨ ਦੀਆਂ ਸਰਬ ਸਾਧਾਰਣ ਵਸਤੂਆਂ ਨੂੰ ਪ੍ਰਯੋਗ ਵਿਚ ਲਿਆਂਦਾ ਹੈ ਉਥੇ ਨਿਤ ਵਰਤੋਂ ਦੀਆਂ ਪੇਂਡੂ ਜੀਵਨ ਦੀਆਂ ਵਸਤੂਆਂ ਨੂੰ ਬਿੰਬ ਜਾਂ ਚਿੰਨ੍ਹ ਬਣਾ ਕੇ ਆਪਣੇ ਵਿਚਾਰਾਂ ਦੀ ਸਾਰਥਕਤਾ ਨੂੰ ਦਰਸਾਇਆ ਹੈ। ਜਿਵੇਂ-ਤਿਲ, ਕਮਾਣ, ਹਾਡੀ, ਸ਼ਕਰ, ਖੰਡ, ਮਿਸਰੀ, ਗੁੜ, ਤੰਦੂਰ ਆਦਿ ਤੋਂ ਬਿਨਾਂ ਘੜਿਆਲ, ਕੁੱਜਾ, ਕਾਲੇ ਕਪੜੇ, ਦਰਿਆ, ਦਰਖਤ ਅਤੇ ਸਹੁਰਾ ਪੇਕਾ, ਪਤੀ ਪਤਨੀ, ਬੁਢਾਪਾ ਆਦਿ।

ਬਾਬਾ ਫਰੀਦ ਦੀ ਭਾਸ਼ਾਈ ਸਫਲਤਾ ਇਹ ਹੈ ਕਿ ਅੱਠ ਸੌ ਸਾਲ ਲੰਘ ਜਾਣ ਤੇ ਵੀ ਇਹ ਅੱਜ ਵੀ ਭਾਸ਼ਾ ਦੇ ਟਾਕਰੇ ਸੁਖੈਨ ਤੇ ਰਸੀਲੀ ਲਗਦੀ ਹੈ।

**ਸਿੱਖਿਆਵਾਂ** :

(1) ਪ੍ਰਭੂ ਸਭ ਤੋਂ ਵੱਡਾ ਹੈ। ਉਹ ਸਾਨੂੰ ਨਹੀਂ ਭੁਲਾਉਂਦਾ ਭਾਵੇਂ ਅਸੀਂ ਉਸ ਨੂੰ ਭੁਲਾਉਂਦੇ ਹਾਂ। ਸਭ ਕੁਝ ਉਸਦੀ ਰਜ਼ਾ ਵਿਚ ਹੁੰਦਾ ਹੈ। ਉਹ ਦਿਆਲੂ ਤੇ ਕਿਰਪਾਲੂ ਹੈ। ਤੋਬਾ ਕਰਨ ਤੇ ਬਖਸ਼ ਦਿੰਦਾ ਹੈ।

(2) ਦੁਨੀਆਂ ਦੁੱਖਾਂ ਦਾ ਘਰ ਹੈ। ਪ੍ਰਭੂ ਦੀ ਮਿਹਰ ਅਤੇ ਉਸ ਲਈ ਪ੍ਰੇਮ ਹੀ ਦੁੱਖਾਂ ਤੋਂ ਬਚਾਅ ਸਕਦਾ ਹੈ।

(3) ਮਨੁੱਖਾ ਜੀਵਨ ਦਰਿਆ ਦੇ ਕਿਨਾਰੇ ਉੱਪਰ ਰੁੱਖ ਦੀ ਨਿਆਈਂ ਹੈ। ਇਸ ਲਈ ਸ਼ਰੀਰਕ ਸੁੰਦਰਤਾ ਉੱਪਰ ਮਾਣ ਜਾਂ ਭਰੋਸਾ ਨਹੀਂ ਕਰਨਾ ਚਾਹੀਦਾ।

(4) ਮੌਤ ਇਕ ਅਟਲ ਸੱਚਾਈ ਹੈ। ਮੌਤ ਤੋਂ ਪਿਛੋਂ ਪ੍ਰਭੂ ਪ੍ਰਾਪਤੀ ਬੰਦਗੀ ਦੁਆਰਾ ਸੰਭਵ ਹੈ। ਮੌਤ ਤੋਂ ਘਬਰਾਉਣਾ ਨਹੀਂ। ਇਹ ਤਾਂ ਮਨੁੱਖ ਦੇ ਮਾਨਸਿਕ ਸੰਤਾਪ ਤੇ ਕਲ੍ਹੇਸ਼ਾਂ ਨੂੰ ਨਿਵਾਰਨ ਵਾਲੀ ਹੈ। ਇਸ ਲਈ ਮੌਤ ਨੂੰ ਕਿਸੇ ਵੇਲੇ ਤੇ ਕਦੇ ਵੀ ਨਾ ਭੁੱਲੋ।

(5) ਰੱਬੀ ਪਿਆਰ ਅਧਿਆਤਮਿਕ ਜੀਵਨ ਲਈ ਸਭ ਤੋਂ ਉੱਚਾ ਆਦਰਸ਼ ਹੈ।

(6) ਆਪਣਾ ਮਨ ਤੇ ਸਰੀਰ ਸਾਫ਼ ਰੱਖੋ।

(7) ਬੁਰੇ ਕੰਮਾਂ ਦਾ ਖਿਆਲ ਛੱਡ ਦਿਓ। ਨੇਕੀ ਦਾ ਪੱਲਾ ਫੜੋ।

(8) ਆਪਾ ਗਵਾ ਕੇ ਹੀ ਪ੍ਰਭੂ ਪ੍ਰਾਪਤੀ ਹੋ ਸਕਦੀ ਹੈ।

(9) ਅਣਜਾਣਾਂ (ਬੇਸਮਝਾਂ) ਨੂੰ ਜਿਉਂਦੇ ਨਾ ਸਮਝੋ।

(10) ਦੂਜਿਆਂ ਦਾ ਭਲਾ ਕਰੋ ਅਤੇ ਸਮਝੋ ਕਿ ਤੁਸੀਂ ਆਪਣਾ ਭਲਾ ਕਰ ਰਹੇ ਹੋ।

(11) ਮਨ ਵਿਚ ਕਿਸੇ ਪ੍ਰਕਾਰ ਦਾ ਗੁੱਸਾ ਨਾ ਰੱਖੋ। ਮਨ ਵਿਚ ਗੁੱਸਾ ਨਾ ਰੱਖਣ ਨਾਲ ਸਰੀਰਕ ਅਤੇ ਮਾਨਸਿਕ ਰੋਗਾਂ ਤੋਂ ਛੁਟਕਾਰਾ ਮਿਲਦਾ ਹੈ।

(12) ਜੇ ਬੇਇੱਜ਼ਤ ਨਹੀਂ ਹੋਣਾ ਚਾਹੁੰਦੇ ਤਾਂ ਕੁਝ ਨਾ ਮੰਗੋ। ਸਬਰ ਨਾਲ ਸਾਰੀਆਂ ਵਸਤਾਂ ਤੇ ਸ਼ਕਤੀਆਂ ਪ੍ਰਾਪਤ ਹੋ ਜਾਂਦੀਆਂ ਹਨ।

(13) ਜੇ ਵੱਡਤਣ ਚਾਹੁੰਦੇ ਹੋ ਤਾਂ ਨੀਵਿਆਂ ਤੇ ਲਿਤਾੜਿਆਂ ਗਿਆਂ ਦਾ ਸਾਥ ਦਿਓ।

(14) ਜੇ ਸੁੱਖ ਸ਼ਾਂਤੀ ਚਾਹੁੰਦੇ ਹੋ ਤਾਂ ਈਰਖਾ ਦਾ ਤਿਆਗ ਕਰੋ।

(15) ਦਰਵੇਸੀ ਨੇਕੀ ਦਾ ਸਰੂਪ ਹੈ ਤੇ ਸੰਸਾਰਿਕਤਾ ਬਦੀ ਦਾ ਸਰੂਪ ਹੈ।

(16) ਜ਼ਿੰਦਗੀ ਆਪਣੇ ਆਪ ਵਿਚ ਇਕ ਗੁਨਾਹ ਹੈ। ਇਸ ਦੇ ਦੁੱਖਾਂ ਤੋਂ ਕੇਵਲ ਭਗਤੀ ਨਾਲ ਹੀ ਬਚਿਆ ਜਾ ਸਕਦਾ ਹੈ।

(17) ਕਿਸੇ ਦਾ ਦਿਲ ਨਾ ਦੁਖਾਓ। ਪ੍ਰਭੂ ਦਿਲਾਂ ਵਿਚ ਵਸਦਾ ਹੈ।

(18) ਪੰਜੇ ਵਕਤ ਨਿਮਾਜ਼ ਪੜ੍ਹਨਾ ਬਹੁਤ ਜ਼ਰੂਰੀ ਹੈ।

(19) ਜੋ ਸਿਰ ਪ੍ਰਭੂ ਅੱਗੇ ਨਹੀਂ ਝੁਕਦਾ ਉਹ ਬੇਅਰਥ ਹੈ।

(20) ਕਿਸੇ ਵਿਚ ਨੁਕਸ ਕੱਢਣ ਤੋਂ ਪਹਿਲਾਂ ਆਪਣੇ ਅੰਦਰ ਝਾਤੀ ਮਾਰੋ ਭਾਵ ਪਹਿਲਾਂ ਆਪਣੇ ਔਗੁਣਾਂ ਦਾ ਤਿਆਗ ਕਰੋ।

(21) ਮੰਗਣਾ ਮੌਤ ਬਰਾਬਰ ਹੈ।

(22) ਸਦਾ ਸੱਚ ਬੋਲੋ।

(23) ਸਦਾ ਗੁਰੂ (ਮੁਰਸ਼ਦ) ਦੀ ਆਗਿਆ ਦਾ ਪਾਲਣ ਕਰੋ।

(24) ਬਾਬਾ ਫਰੀਦ ਨੇ ਭਗਤਾਂ ਲਈ ਮਨੁੱਖ ਨੂੰ ਬਚਪਨ ਤੋਂ ਹੀ ਭਗਤੀ ਕਰਨ ਦਾ ਉਪਦੇਸ਼ ਦਿੱਤਾ ਕਿਉਂਕਿ ਜਦੋਂ ਮਨੁੱਖ ਦੁਨਿਆਵੀ ਬੰਧਨਾਂ ਵਿਚ ਫਸ ਜਾਂਦਾ ਹੈ ਤਾਂ ਫਿਰ ਮੋਹ ਮਾਇਆ ਕਾਰਨ ਮਨੁੱਖ ਨੂੰ ਭਗਤੀ ਵਲ ਮੁੜਨਾ ਕਠਿਨ ਹੋ ਜਾਂਦਾ ਹੈ।

(25) ਆਪਣੀਆਂ ਇੱਛਾਵਾਂ ਨੂੰ ਕਾਬੂ ਵਿਚ ਰੱਖੋ।

(26) ਫ਼ਕੀਰੀ ਦਾ ਰਸਤਾ ਕਠਿਨ ਹੈ। ਇਹ ਦੁਨੀਆਂਦਾਰਾਂ ਵਾਂਗ ਚਲ ਕੇ ਨਹੀਂ ਕਮਾਈ ਜਾ ਸਕਦੀ।

(27) ਪਿਆਰ ਵਿਚ ਲਾਲਚ ਦਾ ਕੋਈ ਥਾਂ ਨਹੀਂ, ਲਾਲਚ ਵਾਲਾ ਪਿਆਰ ਝੂਠਾ ਹੁੰਦਾ ਹੈ। ਉਹ ਚਿਰ ਸਥਾਈ ਨਹੀਂ ਹੋ ਸਕਦਾ।

(28) ਅਮੀਰੀ ਹੰਕਾਰ ਦਾ ਚਿੰਨ੍ਹ ਹੈ ਤੇ ਗਰੀਬੀ ਨਿਮਰਤਾ ਦਾ। ਧਨ ਦੌਲਤ ਅਤੇ ਮਹਿਲ ਮਾੜੀਆਂ ਦਾ ਮੋਹ ਪਵਿੱਤਰ ਨਹੀਂ ਹੋ ਸਕਦਾ।

(29) ਸੰਸਾਰ ਇਕ ਸਰਾਂ ਦੀ ਨਿਆਈ ਹੈ। ਇਥੇ ਸਦੀਵੀ ਰਹਿਣ ਦੇ ਦਾਅਵੇਂ ਛੱਡ ਦੇਣੇ ਚਾਹੀਦੇ ਹਨ।

(30) ਮਨੁੱਖ ਨੂੰ ਆਪਣੇ ਕਰਮਾਂ ਦੀ ਸਜ਼ਾ ਹਰ ਹਾਲਤ ਵਿਚ ਭੁਗਤਣੀ ਪੈਂਦੀ ਹੈ।

(31) ਨਿਮਰਤਾ, ਖਿਮਾ ਤੇ ਮਿੱਠਾ ਬੋਲਣਾ ਸਭ ਤੋਂ ਵੱਡੇ ਗੁਣ ਹਨ।

**ਸਹਾਇਕ ਪੁਸਤਕਾਂ :**


| | | | |
|---|---|---|---|
| (1) | ਅਵਾਰਿਫ-ਉਲ-ਮੁਆਇਫ਼ | – | ਪ੍ਰੋ. ਗੁਲਵੰਤ ਸਿੰਘ |
| (2) | ਇਸਲਾਮ ਅਤੇ ਸੂਫੀਵਾਦ | – | ਪ੍ਰੋ. ਗੁਲਵੰਤ ਸਿੰਘ |
| (3) | ਸੂਫ਼ੀਵਾਦ ਤੇ ਹੋਰ ਲੇਖ | – | ਪ੍ਰੋ. ਦੀਵਾਨ ਸਿੰਘ |
| (4) | ਪੰਜਾਬੀ ਸੂਫੀਵਾਦ ਤੇ ਸ਼ਰੀਅਤ | – | ਡਾ. ਹਰਜਿੰਦਰ ਸਿੰਘ ਢਿੱਲੋਂ |
| (5) | ਫਰੀਦ ਦਰਸ਼ਨ | – | ਪ੍ਰੋ. ਦੀਵਾਨ ਸਿੰਘ |
| (6) | ਬਾਬਾ ਫਰੀਦ, ਜੀਵਨ ਤੇ ਰਚਨਾ | – | ਪ੍ਰੋ. ਸ. ਸ. ਅਮੋਲ |
| (7) | ਪੰਜਾਬੀ ਦੁਨੀਆਂ | – | ਫਰੀਦ ਅੰਕ – (1960) |
| (8) | ਖੋਜ ਪਤ੍ਰਿਕਾ | – | ਵਿਸ਼ੇਸ਼ ਅੰਕ-ਬਾਬਾ ਫਰੀਦ ਅੰਕ-1974 |
| (9) | What is Suffism ? | – | Martin Kings. |